ਗਿਆਰਵਾਂ ਸਾਲ

PARDES TIMES

11th year in Publication

# ਪਰਦੇਸ ਟਾਇਮਜ਼

www.pardestimes.com

ਬਲਬੀਰ ਸਿੰਘ ਐਮ ਏ (ਮੁੱਖ ਸੰਪਾਦਕ)

ਮਾਂ ਬੋਲੀ ਨੂੰ ਸਮਰਪਿਤ

pardestimes

ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 11 No. 273 July 19, 2017 E-mali : info@pardestimes.com Ph 510-938-7771 Ph510-516-3536 (Yuba City) 530-315-1020

## ਆਰਥਿਕ ਤੰਗੀਆਂ ਦੀ ਭੰਨੀ ਕੈਪਟਨ ਸਰਕਾਰ ਨਵੇਂ ਟੈਕਸ ਲਗਾਵੇਗੀ

ਚੰਡੀਗੜ੍ਹ- ਪੰਜਾਬ ਵਿਚਲੀ ਮੌਜੂਦਾ ਕਾਂਗਰਸ ਸਰਕਾਰ ਵੱਲੋਂ ਰਾਜ ਦੀ ਤਰਸਯੋਗ ਵਿੱਤੀ ਹਾਲਤ ਤੇ ਵਿਧਾਨ ਸਭਾ ਵਿਚ ਕੁਝ ਸਮਾਂ ਪਹਿਲਾਂ ਪੇਸ਼ ਕੀਤੇ ਸਲਾਨਾ ਬਜਟ ਵਿਚਲੇ ਵੱਡੇ ਘਾਟੇ ਤੋਂ ਨਿਕਲਣ ਲਈ ਨਵੇਂ ਟੈਕਸ ਲਾਉਣ ਦਾ ਮਨ ਬਣਾ ਲਿਆ ਹੈ । ਅੱਜ ਇੱਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਰਾਜ ਦੇ 10 ਵਿਭਾਗਾਂ ਦੀ ਹੋਈ ਇਕ ਬੈਠਕ ਦੌਰਾਨ ਵਿੱਤ ਵਿਭਾਗ ਵੱਲੋਂ ਹੁਣ ਤੱਕ ਵਿਚਾਰੀਆਂ ਗਈਆਂ ਕੁਝ ਇਕ ਨਵੇਂ ਟੈਕਸਾਂ ਦੀਆਂ ਤਜਵੀਜ਼ਾਂ ਦੀ ਪੜਚੋਲ ਕੀਤੀ ਗਈ । ਇਹ ਮੀਟਿੰਗ ਜਿਸ 'ਚ ਰਾਜ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੀ ਹਾਜ਼ਰ ਸਨ 'ਚ ਦੱਸਿਆ ਗਿਆ ਕਿ ਹਰਿਆਣਾ ਜਿਸ 'ਚ ਪੰਜਾਬ ਨਾਲੋਂ ਵਾਹਨਾਂ ਦੀ ਗਿਣਤੀ ਕਾਫ਼ੀ ਘੱਟ ਹੈ ਪਰ ਵਾਹਨਾਂ ਦੀ ਰਜਿਸਟਰੇਸ਼ਨ ਤੋਂ ਮਿਲਣ ਵਾਲਾ ਟੈਕਸ ਪੰਜਾਬ ਨਾਲੋਂ ਵੱਧ ਹੈ । ਸੂਚਨਾ ਅਨੁਸਾਰ ਮੁੱਖ ਮੰਤਰੀ ਵੱਲੋਂ ਪੰਜਾਬ 'ਚ ਵੀ ਹਰਿਆਣਾ ਦੀ ਤਰਜ 'ਤੇ ਵਾਹਨਾਂ ਦੀ ਰਜਿਸਟਰੇਸ਼ਨ ਕਰਨ ਲਈ ਸਹਿਮਤੀ ਦਿੱਤੀ ਗਈ, ਜਿਸ ਨਾਲ ਰਾਜ ਨੂੰ ਵਾਧੂ ਵਿੱਤੀ ਸਾਧਨ ਮਿਲ ਸਕਣਗੇ । ਰਾਜ ਦੇ ਟਰਾਂਸਪੋਰਟ ਵਿਭਾਗ ਨੂੰ ਇਸ ਸਬੰਧੀ ਬਕਾਇਦਾ ਏਜੰਡਾ ਤਿਆਰ ਕਰਨ ਲਈ ਵੀ ਕਿਹਾ ਗਿਆ । ਇਸੇ ਤਰ੍ਹਾਂ ਵੱਖ-ਵੱਖ ਪੇਸ਼ੇਵਾਰਾਨਾ ਕਿੱਤਿਆਂ 'ਤੇ ਵੀ ਟੈਕਸ ਲਗਾਉਣ ਦੀ ਤਜਵੀਜ਼ ਲਈ ਵੀ ਮੀਟਿੰਗ ਵਿਚ ਸਹਿਮਤੀ ਬਣੀ, ਜਿਸ ਅਨੁਸਾਰ ਸਾਰੇ ਪੇਸ਼ੇਵਾਰਾਨਾ ਕਿੱਤਿਆਂ ਜਿਨ੍ਹਾਂ ਵਿਚ ਡਾਕਟਰ, ਵਕੀਲ, ਚਾਰਟਿਡ ਅਕਾਊਂਟੈਂਟ, ਆਰਕੀਟੈਕਟ ਤੇ ਕੁਝ ਹੋਰ ਅਜਿਹੇ ਕਿੱਤੇ ਵੀ ਸ਼ਾਮਿਲ ਕੀਤੇ ਜਾ ਸਕਦੇ ਹਨ 'ਤੇ ਵੀ ਸਰਕਾਰ ਟੈਕਸ ਲਗਾਉਣ ਦਾ ਵਿਚਾਰ ਰੱਖਦੀ ਹੈ, ਜਿਸ ਤੋਂ ਵਿੱਤ ਵਿਭਾਗ ਦੇ ਅਨੁਮਾਨਾਂ ਅਨੁਸਾਰ ਕੋਈ 175



(ਬਾਕੀ ਸਫਾ 2 ਤੇ ਦੇਖੋ)

## ਸਿੱਖ ਸਪੋਰਟਸ (ਯੂ.ਐਸ.ਏ) ਵੱਲੋਂ 11ਵਾਂ ਖੇਡ ਮੇਲਾ 22, 23 ਜੁਲਾਈ ਨੂੰ

ਫਰੀਮਾਂਟ- ਹਰ ਸਾਲ ਦੀ ਤਰ੍ਹਾਂ ਐਤਕੀ ਵੀ ਸਿੱਖ ਸਪੋਰਟਸ ਵੱਲੋਂ 11ਵਾਂ ਖੇਡ ਮੇਲਾ ਜੇਮਸ ਲੋਗਨ ਹਾਈ ਸਕੂਲ ਵਿਚ ਜੋ ਕਿ ਯੂਨੀਅਨ ਸਿਟੀ ਵਿਚ ਜੁਲਾਈ 22 ਅਤੇ 23, 2017 ਨੂੰ ਹੋਵੇਗਾ। ਇਸ ਦੋ ਦਿਨਾ ਖੇਡ ਮੇਲੇ 'ਚ ਕਬੱਡੀ, ਬਾਸਕਟਬਾਲ, ਹਾਕੀ, ਫਲੈਗ ਫੁਟਬਾਲ ਤੇ ਪੰਜਾਬੀ ਫੁਟਬਾਲ ਦੇ ਨਾਲ ਵਾਲੀਵਾਲ ਖੇਡਾਂ ਦੇ ਮੁਕਾਬਲੇ ਹੋਣਗੇ। ਮੈਦਾਨੀ ਹਾਕੀ ਦੇ ਸਾਰੇ ਮੈਚ ਸੌਰਟੀ ਗਾਰਸੀਆ ਗਰਾਊਂਡ ਜੋ ਕਿ ਡੀਕੋਟੋ ਰੋਡ 'ਤੇ ਮਿਸ਼ਨ ਬੁਲੇਵਾਰਡ ਲਾਗੇ ਹੈ, ਵਿਚ ਹੋਣਗੇ।

ਇਸ ਖੇਡ ਮੇਲੇ ਵਿਚ ਹਰ ਖੇਡ ਵਾਸਤੇ 15-20 ਟੀਮਾਂ ਹਿੱਸਾ ਲੈਂਦੀਆਂ ਹਨ। ਤਕਰੀਬਨ ਕਈ ਸੌ ਖਿਡਾਰੀ ਇਹਨਾਂ ਖੇਡਾਂ 'ਚ ਹਿੱਸਾ ਲੈਂਦੇ ਹਨ। ਸਭ ਤੋਂ ਰੋਚਕ ਗੱਲ ਇਹ ਹੈ ਕਿ ਇਸ ਵਿਚ ਪੰਜਾਬੀਆਂ ਦੇ ਨਾਲ ਦੂਸਰੀਆਂ ਬਹੁਤ ਸਾਰੀਆਂ ਕੌਮਾਂ, ਨਸਲਾਂ ਦੇ ਬੱਚੇ ਵੀ ਖੇਡਾਂ 'ਚ ਹਿੱਸਾ ਲੈਂਦੇ ਹਨ। ਇਉਂ ਲੱਗਦਾ ਹੈ ਕਿ ਜਿਵੇਂ ਅਮਰੀਕਨ ਸੁਸਾਇਟੀ ਦੇ ਸਕੂਲਾਂ ਦੇ ਬੱਚੇ ਜੋ ਵੱਖ-ਵੱਖ ਦੇਸ਼ਾਂ ਦੀਆਂ ਕੌਮਾਂ ਦੇ ਬੱਚੇ ਹਨ, ਉਵੇਂ ਹੀ ਇਸ ਖੇਡ ਮੇਲੇ ਦੀ ਰੌਣਕ ਹੁੰਦਾ ਹੈ। ਕਿਸੇ ਵੀ ਮੁਕਾਬਲੇ 'ਚ ਤੁਹਾਡੇ ਬੱਚਿਆਂ ਨੇ ਹਾਲੇ ਵੀ ਦਾਖਲਾ ਲੈਣਾ ਹੋਵੇ ਤਾਂ ਤੁਸੀਂ www.sikhsoprts.com 'ਤੇ ਜਾ ਕੇ ਰਜਿਸਟਰਡ ਕਰ ਸਕਦੇ ਹੋ ਜਾਂ ਫਿਰ ਫੋਨ 866-499-0032 'ਤੇ ਫੋਨ ਕਰਕੇ ਦਾਖਲਾ ਲੈ ਸਕਦੇ ਹੋ। ਇਸ ਖੇਡ ਮੇਲੇ ਦੀ ਰੌਣਕ ਵਧਾਉਣ ਲਈ ਤੁਹਾਨੂੰ ਸਭ ਨੂੰ ਖੁੱਲ੍ਹਾ ਸੱਦਾ ਹੈ। ਇਸ ਇਲਾਕੇ ਦੇ ਇਸ ਮਹਾਂਕੁਭ ਵਿਚ ਹਿੱਸਾ ਲੈ ਕੇ ਮੇਲੇ ਦੀ ਰੌਣਕ ਵਧਾਓ




Allstate
You're in good hands.
Avninder Singh
Insurance Specialist, CA Lic. # 0822501
Auto - Home - Life - Health - Business - Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544

A-1 INTERIOR DECORATION INC.
BEST PRICES IN THE BAY AREA
- KITCHEN CABINETS
- GRANITE COUNTERTOPS
- SINKS & FAUCETS
- HARDWOOD & LAMINATE FLOORS
- DOORS AND WINDOWS
- REMODLING & NEW CONSTRUCTION
FREE ESTIMATES
CELL 510 565-6667 OFFICE 510 732-1555 FAX 510 732-0555
Visit our showroom NOW!!!
3165 ARDEN ROAD, HAYWARD CA- 94545

Global Green INSURANCE AGENCY of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St #230, Union City, CA 94587
Lic.#0F34231
MANN@GGIAUSA.COM
Ph: 510-487-1000

ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫਤਰ: 44790 S. Grimmer blvd. # 204 Fremont, CA 94538 510-657-6444
ਨਿਊਯਾਰਕ ਦਫਤਰ: 37-18-73rd ST. Ste 401 Jackson Height. NY 11372 718-533-8444
ਸੈਕਰਾਮੈਂਟੋ ਦਫਤਰ: 2945 W. Capitol Ave. West Sacramento CA-95691 916-372-448
ਫਰਿਜ਼ਨੋ ਦਫਤਰ: 4491 w. Shaw Ave # 300B Near Costco Fresno, CA 93722 phone 559-271-5511

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ
(559) 312-0083 (O) (888) 630-1230 (F)
TANVIR JOSHI
SBN: 302226
516 W. SHAW AVE STE 200 FRESNO, CA 93704

Century 21
M&M and Associates
Office (209) 249-6538, Fax (209) 624-5415
Cell (209) 470-6321
Avirdi@c21 mm.com, www.c21mm.com
Amrik Virdi
REALTOR
CalBRE# 01849986
Each Office is independently Owned and Operated
1246 W. Lathrop Road Manteca, CA 95336

See me today and get the discounts and service you deserve
STATE FARM INSURANCE
Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington. IL

AUTOBAHN Body & Paint
Specializing in Convenience & Quality
ਡੈਂਟਿੰਗ ਅਤੇ ਪੇਂਟ ਦਾ ਕੰਮ ਕਰਵਾਉਣ ਲਈ ਮਿਲੋ
Baghel Singh Jaswal
Ph: (650) 966-1840, Fax: (650) 966-1023
www.autobahnbodypaint.com
778 Yuba Drive, Mountain View, CA 94041

COVERED CALIFORNIA
Punjab Insurance Brokers Inc.
www.punjabinsurance.com
DBA in CA Punjab Financial & Insurance Services
MONEY BACK LIFE INSURANCE
MONEY BACK CRITICAL ILLNESS INSURANCE
MONEY BACK DISABILITY INSURANCE
DENTAL INSURANCE & VISITORS INSURANCE
Call: 1-888-978-6522
Inderjeet S Mann
CA Lic# 0127763

# ਦਿਮਾਗ਼ ਅਤੇ ਆਤਮ-ਸਰੂਪ ਮਨ

ਸੁਰਜੀਤ ਸਿੰਘ ਢਿੱਲੋਂ

ਜੇ ਅਸੀਂ ਸੰਸਾਰ ਭਰ ਦੇ ਹੋਰਨਾਂ ਪ੍ਰਾਣੀਆਂ ਨਾਲੋਂ ਭਿੰਨ ਜੀਵਨ-ਢੰਗ ਅਪਨਾ ਰੱਖਿਆ ਹੈ, ਤਾਂ ਆਪਣੇ ਦਿਮਾਗ਼ ਕਰਕੇ। 60-70 ਲੱਖ ਵਰ੍ਹੇ ਪਹਿਲਾਂ ਜਦ ਪੂਰਬੀ ਅਫ਼ਰੀਕਾ ਵਿਖੇ ਵਣ ਮੈਦਾਨ ਬਣਦੇ ਜਾ ਰਹੇ ਸਨ, ਤਾਂ ਉਥੇ ਵਿਚਰ ਰਿਹਾ ਬਣਮਾਨਸ ਦੋ ਟੰਗਾਂ ਉਪਰ ਖੜ੍ਹਾ ਹੋ ਕੇ ਤੁਰਨ ਦੇ ਯਤਨ ਕਰਦਾ ਰਿਹਾ ਅਤੇ ਨਾਲੋਂ-ਨਾਲ ਉਸ ਦੇ ਦਿਮਾਗ਼ 'ਚ ਪਰਿਵਰਤਨ ਆਉਂਦੇ ਰਹੇ। ਬਣਮਾਨਸ ਦੀਆਂ ਜਦੋਂ ਟੰਗਾਂ ਸਿੱਧੀਆਂ ਹੋ ਗਈਆਂ ਅਤੇ ਉਸ ਦਾ ਦਿਮਾਗ਼ ਸੂਝਵਾਨ ਬਣ ਗਿਆ, ਤਾਂ ਇਹ ਮਨੁੱਖ ਦੇ ਪਹਿਰਾਵੇ 'ਚ ਆ ਗਿਆ ਸੀ।

ਡੰਡੀ ਦੇ ਸਿਰੇ ਉਪਰ ਟਹਿਕ ਰਹੇ ਫੁੱਲ ਵਾਂਗ ਸਰੀਰ ਉਪਰ ਟਿਕਿਆ ਮਨੁੱਖ ਦਾ ਦਿਮਾਗ਼, ਮਨੁੱਖ ਦੇ ਸਰੀਰ ਦਾ ਅਤਿ ਮਹੱਤਵ ਅੰਗ ਹੈ। ਪੁੰਜ ਪੱਖੋਂ ਇਹ ਭਾਵੇਂ ਸਰੀਰ ਦਾ ਕੇਵਲ ਦੋ ਪ੍ਰਤੀਸ਼ਤ ਹੈ, ਪਰ ਸਰੀਰ ਅੰਦਰ ਉਪਜ ਰਹੀ ਊਰਜਾ ਦਾ 20 ਪ੍ਰਤੀਸ਼ਤ ਨਿਰੋਲ ਇਸ ਦੇ ਹਿੱਸੇ ਆ ਰਿਹਾ ਹੈ। ਸਰੀਰ ਅੰਦਰ ਉਪਜ ਰਹੀ ਊਰਜਾ ਦਾ ਸਰੋਤ ਹੈ, ਗੁਲੂਕੋਸ, ਜਿਸ ਦੀ ਵਰਤੋਂ ਦਿਮਾਗ਼ ਵੀ ਕਰ ਰਿਹਾ ਹੈ। ਸਰੀਰ ਆਪ ਭੁੱਖ-ਪਿਆਸ ਝਾਗਦਾ ਹੋਇਆ ਵੀ, ਦਿਮਾਗ਼ ਨੂੰ ਗੁਲੂਕੋਸ ਪੱਖੋਂ ਆਹਰਾ ਨਹੀਂ ਰਹਿਣ ਦਿੰਦਾ ਅਤੇ ਲੋੜ ਸਮੇਂ ਆਪਣੇ ਹਿੱਸੇ ਦਾ ਗੁਲੂਕੋਸ ਵੀ ਉਸ ਦੀ ਝੋਲੀ ਪਾ ਛੱਡਦਾ ਹੈ। ਦਿਮਾਗ਼ ਦੇ ਮਹੱਤਵ ਨੂੰ ਪਛਾਣਨ 'ਚ ਪਰ ਅਸੀਂ ਲੰਬਾ ਸਮਾਂ ਲਿਆ। ਅਰਸਤੂ ਵੀ ਦਿਮਾਗ਼ ਦੀ ਠੀਕ ਪਛਾਣ ਨਹੀਂ ਸੀ ਕਰ ਸਕਿਆ। ਸਾਰੇ ਸੰਸਾਰ ਨੂੰ ਸਿਆਣਪ ਦੀ ਪੱਟੀ ਪੜ੍ਹਾ ਰਿਹਾ ਇਹ ਯੂਨਾਨੀ ਫਿਲਾਸਫਰ, ਦਿਮਾਗ਼ ਨੂੰ ਸਰੀਰਕ ਤਾਪਮਾਨ ਬਣਾਈ ਰੱਖਣ ਵਾਲਾ ਅੰਗ ਸਮਝਦਾ ਰਿਹਾ। ਹੋਰ ਵਿਚਾਰਵਾਨ ਇਸ ਨੂੰ ਅਜਿਹਾ ਲੁਗਲੁਗਾ ਤਾਣਾ-ਬਾਣਾ ਸਮਝਦੇ ਰਹੇ, ਜਿਹੜਾ ਸਰੀਰ ਦੀ ਧੱਕਿਆਂ-ਝਟਕਿਆਂ ਦੌਰਾਨ ਰਖਵਾਲੀ ਕਰ ਰਿਹਾ ਸੀ।

ਸਹੀ ਜਾਣਕਾਰੀ ਨਾ ਹੋਣ ਕਾਰਨ ਹੀ ਸਰੀਰ ਦੇ ਇਸ ਅਤਿ ਮਹੱਤਵ ਅੰਗ ਪ੍ਰਤੀ ਅਜਿਹੇ ਵਿਚਾਰ ਪ੍ਰਗਟਾਏ ਜਾ ਰਹੇ ਸਨ। ਜਦੋਂ ਗੰਭੀਰਤਾਪੂਰਵਕ ਇਸ ਦਾ ਵਿਗਿਆਨਕ ਅਧਿਐਨ ਆਰੰਭ ਹੋਇਆ, ਤਾਂ ਭੇਦ ਖੁਲ੍ਹਾ ਕਿ ਇਸ ਤੋਂ ਵਧੀਆ ਵਿਉਂਤਬਧ ਅਤੇ ਕਾਰਗਰ ਉਸਾਰੀ ਕਿਸੇ ਹੋਰ ਸਰੀਰਕ ਅੰਗ ਦੀ ਨਹੀਂ ਹੈ। ਦਿਮਾਗ਼ ਬਾਰੇ ਅੱਜ ਵੀ ਅਸੀਂ ਬਹੁਤਾ ਨਹੀਂ ਜਾਣਦੇ; ਸਰੀਰ ਦਿਆਂ ਹੋਰਨਾਂ ਅੰਗਾਂ ਦੇ ਟਾਕਰੇ ਇਸ ਬਾਰੇ ਮਾਮੂਲੀ ਜਾਣਕਾਰੀ ਹੀ ਹੈ।

ਹੋਰਨਾਂ ਅੰਗਾਂ ਵਾਂਗ ਦਿਮਾਗ਼ ਵੀ ਸੈਲਾਂ ਦਾ ਬਣਿਆ ਹੋਇਆ ਹੈ, ਪਰ ਵੱਖਰੀ ਪ੍ਰਕਾਰ ਦੇ ਸੈਲਾਂ ਦਾ, ਜਿਹੜੇ ਨਵੇਂ ਹੋਣ ਯੋਗ ਨਹੀਂ ਅਤੇ ਜਿਨ੍ਹਾਂ 'ਚੋਂ ਅਣਗਿਣਤ ਲਗਰਾਂ ਨਿਕਲ ਕੇ ਆਲੇ-ਦੁਆਲੇ ਦੇ ਹੋਰਨਾਂ ਸੈਲਾਂ ਦੇ ਸੰਪਰਕ 'ਚ ਹਨ। ਦਿਮਾਗ਼ ਦੇ ਇਕ-ਇਕ ਸੈਲ ਦਾ ਝਾੜੀ ਜਿਹਾ ਰੂਪ ਹੈ, ਅਜਿਹੀ ਝਾੜੀ ਦਾ, ਜਿਸ 'ਚੋਂ ਬੇਹਿਸਾਬ ਲਗਰਾਂ ਦਾ ਫੁਟਾਰਾ ਹੋਇਆ ਹੁੰਦਾ ਹੈ। ਅਰਬ ਤੋਂ ਵੀ ਵੱਧ ਅਜਿਹੇ ਸੈਲਾਂ ਦੇ ਬਣੇ ਦਿਮਾਗ਼ ਨੇ ਨਾ ਸੁਲਝਾਏ ਜਾ ਸਕਣ ਵਾਲਾ ਤਾਣਾ-ਬਾਣਾ ਤਾਂ ਲਗਣਾ ਹੀ ਹੋਇਆ, ਜਿਸ ਅੰਦਰ 100 ਅਰਬ ਦੇ ਲਗਪਗ ਲਗਰਾਂ ਨੇ 100 ਖ਼ਰਬ ਸੰਪਰਕ ਅਟੇਰੇ ਹੋਏ ਹਨ। ਇਸੇ ਕਾਰਨ, ਵਿਸਥਾਰਪੂਰਵਕ ਜਾਣ ਸਕਣਾ ਸਹਿਲ ਨਹੀਂ ਕਿ ਦਿਮਾਗ਼ ਕਿਵੇਂ ਕ੍ਰਿਆਸ਼ੀਲ ਹੈ ਅਤੇ ਇਕੋ ਸਮੇਂ ਕਿਵੇਂ ਇਹ ਸਮੁੱਚੇ ਸਰੀਰ ਦੀ ਸੰਭਾਲ ਕਰ ਰਿਹਾ ਹੈ, ਸਰੀਰਕ ਕਾਰੋਬਾਰ ਦੀ ਅਗਵਾਈ ਕਰ ਰਿਹਾ ਹੈ ਅਤੇ ਵਿਅਕਤੀ ਦੇ ਧਾਰਨ ਕੀਤੇ ਜਾ ਰਹੇ ਵਤੀਰੇ ਨੂੰ ਜਨਮ ਦੇ ਰਿਹਾ ਹੈ। ਨਾਲੋਂ-ਨਾਲ ਇਹ ਜਾਣਕਾਰੀ ਇਕੱਤਰ ਕਰਦਾ ਹੋਇਆ ਗਿਆਨਵਾਨ ਬਣੀ ਜਾ ਰਿਹਾ ਹੈ ਅਤੇ ਭਵਿਖ ਲਈ ਗੋਂਦਾਂ ਵੀ ਗੁੰਦੀ ਜਾ ਰਿਹਾ ਹੈ। ਸਾਡੇ ਅਜਿਹੇ ਦਿਮਾਗ਼ ਨੂੰ ਹੀ ਤਾਂ ਵਿਸ਼ਵ ਦੀ ਅਤਿ ਗੁੰਝਲਦਾਰ ਵਿਵਸਥਾ ਦਾ ਰੁਤਬਾ ਪ੍ਰਾਪਤ ਹੈ।

ਵਿਗਿਆਨ ਨੇ ਜੀਵਨ ਅਤੇ ਵਿਸ਼ਵ ਪ੍ਰਤੀ ਤਾਂ ਭਾਵੇਂ ਬਹੁਤ ਕੁਝ ਪਰਖ-ਪਛਾਣ ਲਿਆ ਹੈ, ਪਰ ਕੀ ਇਹ ਕਦੀ ਮਨੁੱਖ ਦੇ ਆਤਮਾ ਸੰਚਾਰੇ ਮਨ ਦਾ ਵੀ ਮਾਪ ਲੈ ਸਕੇਗਾ ?



ਵਿਗਿਆਨ ਅਜਿਹਾ ਕਰ ਸਕਣ ਦਾ ਦਾਈਆ ਭਾਵੇਂ ਨਾ ਵੀ ਕਰੇ, ਪਰ ਇਹ ਨਿਸ਼ਚਿਤ ਹੈ ਕਿ ਮਨੁੱਖ ਦੇ ਮਨ ਨੂੰ ਜੇਕਰ ਭਲੀ ਪ੍ਰਕਾਰ ਸਮਝਿਆ ਜਾ ਸਕਦਾ ਹੈ, ਤਾਂ ਵਿਗਿਆਨ ਦੁਆਰਾ ਹੀ ਇਹ ਸੰਭਵ ਹੋ ਸਕੇਗਾ। ਮਨ ਦਾ ਸਥਾਨ ਦਿਮਾਗ਼ ਅੰਦਰ ਹੈ, ਜਿਹੜਾ ਮਨੁੱਖ ਦੇ ਹੋਰਨਾਂ ਅੰਗਾਂ ਜਿਹਾ ਇਕ ਅੰਗ ਹੈ ਅਤੇ ਜਿਹੜਾ ਹੋਰਨਾਂ ਅੰਗਾ ਵਾਂਗ ਹੀ ਵਿਕਾਸ ਦੀ ਉਪਜ ਹੈ। ਇਹ ਬਣਿਆ ਬਣਾਇਆ ਬਾਹਰੋਂ ਕਿਧਰੋਂ ਸਾਡੇ ਸਿਰ ਅੰਦਰ ਨਹੀਂ ਸੀ ਆ ਸਮਾਇਆ। ਮਨ 'ਚੋਂ ਪੁੰਗਰ ਰਹੀ ਚੇਤਨਾ (ਰੂਹ ਜਾਂ ਆਤਮਾ) ਦੇ ਪ੍ਰਸੰਗ 'ਚ ਜੇਕਰ ਵਿਗਿਆਨ ਸਪਸ਼ਟ ਬਹੁਤਾ ਕੁਝ ਨਹੀਂ ਕਹਿ ਰਿਹਾ, ਤਾਂ ਇਸ ਲਈ ਕਿ ਇਹ ਕੇਵਲ ਓਨਾ ਕੁ ਹੀ ਕਹਿ ਰਿਹਾ ਹੈ, ਜਿਸ ਬਾਰੇ ਇਸ ਕੋਲ ਪ੍ਰਮਾਣ ਹਨ।

ਦਿਮਾਗ਼ ਅੰਦਰਲੀ ਸਰਗਰਮ ਉਧੇੜ-ਬੁਣ ਮਨ ਨੂੰ ਜਨਮ ਦੇ ਰਹੀ ਹੈ। ਜਿਸ ਨੂੰ 'ਮਨ' ਸੱਦਿਆ ਜਾ ਰਿਹਾ ਹੈ, ਉਸੇ ਦਾ ਆਤਮਾ ਜਾਂ ਰੂਹ ਜਾਂ ਚੇਤਨਾ ਦਾ ਸਰੂਪ ਵੀ ਹੈ। ਦਿਮਾਗ਼ੀ ਸੈਲਾਂ ਦੀਆਂ ਲਗਰਾਂ ਦੇ ਸਿਰਿਆਂ 'ਚੋਂ ਰਿਸ ਰਹੇ ਰਸ ਅਤੇ ਇਨ੍ਹਾਂ 'ਚੋਂ ਦੀ ਕੂੰਦ ਰਹੀਆਂ ਉਕਸਾਹਟਾਂ ਮਨ ਨੂੰ ਸਾਰਥਿਕਤਾ ਅਰਪਣ ਕਰ ਰਹੇ ਹਨ। ਲਗਰਾਂ 'ਚੋਂ ਦੀ ਪਾਰ ਹੋ ਰਹੀਆਂ ਉਕਸਾਹਟਾਂ ਦਾ ਬਿਜਲਈ ਸੁਭਾਅ ਹੈ ਅਤੇ ਜਿਹੜੀਆਂ ਬਿਜਲੀ ਦੀ ਹੀ ਤੇਜ਼ੀ ਨਾਲ ਫਾਸਲੇ ਮਾਪ ਰਹੀਆਂ ਹਨ। ਦਿਮਾਗ਼ ਦੇ ਭਿੰਨ ਭਿੰਨ ਖੇਤਰਾਂ 'ਚ ਵਾਪਰ ਰਹੇ ਅਜਿਹੇ ਕੁਝ ਦਾ ਕਿਧਰੇ ਸੂਝ ਦਾ ਸਰੂਪ ਹੈ, ਕਿਧਰੇ ਭਾਵਨਾਤਮਿਕ ਅਨੁਭਵ ਦਾ ਅਤੇ ਕਿਧਰੇ ਕਾਲਪਿਕ ਅੰਤਰ-ਦਰਸ਼ਤਾ ਦਾ। ਫਿਰ, ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਦੇ, ਸੰਪਰਕ 'ਚ ਆ ਰਹੇ ਵਿਅਕਤੀਆਂ ਦੇ, ਸੁਣੇ ਜਾ ਰਹੇ ਪ੍ਰਬਚਨਾਂ ਦੇ ਅਤੇ ਪੜ੍ਹੀਆਂ ਜਾ ਰਹੀਆਂ ਲਿਖਤਾਂ ਦੇ ਪ੍ਰਭਾਵ ਵੀ ਮਨ ਅੰਦਰ ਸਮਿਲਤ ਹੋ, ਇਸ ਦੀ ਅਨੁਭਵੀ ਸੰਵੇਦਨਸ਼ੀਲਤਾ 'ਚ, ਭਾਵ ਵਿਅਕਤੀਗਤ ਸਿਆਣਪ 'ਚ ਵਾਧਾ ਕਰਦੇ ਰਹਿੰਦੇ ਹਨ।

ਮਨ 'ਚੋਂ ਪੁੰਗਰ ਰਹੀ ਚੇਤਨਾ (ਰੂਹ ਜਾਂ ਆਤਮਾ) ਦਾ ਏਕਾਤਮਕ ਸਰੂਪ ਹੈ, ਜਿਸ ਦਾ ਵੱਖ-ਵੱਖ ਵਿਭਾਜਨ ਸੰਭਵ ਨਹੀਂ। ਮਨ ਅੰਦਰੋਂ ਵੀ ਇਹ ਵੱਖ ਵੱਖ ਧਾਰਾਵਾਂ ਦੇ ਰੂਪ 'ਚ ਨਹੀਂ ਪੁੰਗਰਦੀ। ਇਹ, ਇਕ ਪ੍ਰਕਾਰ, ਆਪਣੇ-ਆਪ ਬਾਰੇ ਅਨੁਭਵ ਕੀਤੀ ਜਾ ਰਹੀ ਸੋਝੀ ਹੈ, ਜਿਹੜੀ ਇਕ ਪਲ ਹੋਰ ਅਤੇ ਦੂਜੇ ਪਲ ਹੋਰ ਰੂਪ ਧਾਰਨ ਕਰਨ ਯੋਗ ਹੈ। ਸੰਵੇਦਨਾਵਾਂ ਅਤੇ ਅਨੁਭਵ, ਜਿਹੜੇ ਚੇਤਨਾ ਦੇ ਅੰਸ ਹਨ, ਆਪਣੇ ਆਪ 'ਚ ਠੋਸ ਨਹੀਂ; ਇਹ ਕੂੰਦ ਰਹੀਆਂ ਉਕਸਾਹਟਾਂ ਦੁਆਰਾ ਦਿਮਾਗ਼ੀ ਸੈਲਾਂ ਦੇ ਉਤੇਜਿਤ ਹੋਣ ਦਾ ਸਿੱਟਾ ਹੁੰਦੇ ਹਨ। ਵੇਖਣਾ, ਸੁਣਨਾ, ਸੁੰਘਣਾ, ਸੁਆਦ ਚੱਖਣਾ, ਆਨੰਦ ਅਨੁਭਵ ਕਰਨਾ, ਉਦਾਸ ਹੋ ਜਾਣਾ : ਇਹ ਕੁਝ ਵੀ ਦਿਮਾਗ਼ ਦਿਆਂ ਭਿੰਨ-ਭਿੰਨ ਖੇਤਰਾਂ 'ਚ ਉਤੇਜਿਤ ਹੋਏ ਸੈਲਾਂ ਦੇ ਪ੍ਰਕਿਰਿਆਵੀ ਪ੍ਰਚਲਨ ਹਨ।

ਦਿਮਾਗ਼, ਭਿੰਨ-ਭਿੰਨ ਕਾਰਜ ਪੂਰੇ ਕਰਨ ਲਈ ਭਿੰਨ-ਭਿੰਨ ਖੇਤਰਾਂ 'ਚ ਵਟਿਆ ਹੋਇਆ ਹੈ। ਦਿਮਾਗ਼ ਦੇ ਵੱਖ ਵੱਖ ਖੇਤਰ ਭਾਵੇਂ ਵੱਖ-ਵੱਖ ਕਿਰਿਆਵਾਂ ਨਿਭਾਉਣ ਲਈ ਵਿਸ਼ੇਸ਼ ਹਨ, ਪਰ ਇਹ ਆਪਸ 'ਚ ਇਕ ਦੂਜੇ ਨਾਲ ਸੰਪਰਕ ਬਣਾਈ ਰਖਦੇ ਹਨ ਅਤੇ ਲੋੜ ਅਨੁਕੂਲ ਇਹ ਇਕ ਦੂਜੇ ਦੇ ਸਹਿਚਾਰ 'ਚ ਭੁਗਤਦੇ ਰਹਿੰਦੇ ਹਨ। ਇਹੋ ਕਾਰਨ ਹੈ ਕਿ ਦਿਮਾਗ਼ ਦਾ ਇਕ ਖੇਤਰ ਜੇਕਰ ਆਪ-ਮੁਹਾਰੇ ਉਕਸਾਇਆ ਜਾ ਰਿਹਾ ਹੈ, ਤਾਂ ਦੂਜਾ, ਉਸੇ ਸਮੇਂ, ਸਥਿਤੀ ਸੰਭਾਲਣ ਲਈ ਸਰਗਰਮ ਹੋ ਜਾਂਦਾ ਹੈ। ਇਸੇ ਕਾਰਨ ਡਰ, ਭੈ, ਲੋਭ, ਮੋਹ, ਵਾਸਨਾ ਅਤੇ ਕ੍ਰੋਧ-ਘਿਰਣਾ ਆਦਿ ਸਾਨੂੰ ਝੰਜੋੜਦੇ ਹੋਏ ਵੀ, ਸਾਡੇ ਉਪਰ ਹਾਵੀ ਨਹੀਂ ਹੁੰਦੇ। ਇਨ੍ਹਾਂ ਦੇ ਪ੍ਰਭਾਵ ਅਧੀਨ ਸਟਪਟਾ ਰਹੇ ਵਿਅਕਤੀ ਦੇ ਦਿਮਾਗ਼ ਦਾ ਸੂਝ ਨਾਲ ਸਬੰਧਤ ਖੇਤਰ ਸਰਗਰਮ ਹੋ ਕੇ, ਸਥਿਤੀ ਨੂੰ ਤਰਕ ਦੀ ਤਕੜੀ 'ਚ ਤੋਲਣਾ ਆਰੰਭ ਕਰ ਦਿੰਦਾ ਹੈ, ਜਿਸ ਕਾਰਨ ਇਨ੍ਹਾਂ ਦੇ ਪੈ ਰਹੇ ਪ੍ਰਭਾਵ ਦੀ ਤੀਬਰਤਾ ਫਿਕੀ ਪੈਣ ਲਗਦੀ ਹੈ। ਪ੍ਰਚੰਡਤਾ ਨਾਲ ਮਹਿਸੂਸ ਕੀਤੇ ਜਾ ਰਹੇ ਵਿਗੋਚੇ ਜਾਂ ਸੋਗ ਸਮੇਂ ਵੀ ਇਹੋ ਵਾਪਰਦਾ ਹੈ, ਜਿਸ ਦੀ ਚੋਭ ਹਟਕੋਰੇ ਭਰਦੀ ਹੋਈ, ਸਮੇਂ ਨਾਲ ਘਟਦੀ ਰਹਿੰਦੀ ਹੈ।

ਭਵਿਖ ਪ੍ਰਤੀ ਯੋਜਨਾਵਾਂ ਵਿਉਂਤਦਿਆਂ ਵੀ ਦਿਮਾਗ਼ ਦੇ ਵੱਖ-ਵੱਖ ਖੇਤਰ ਸਰਗਰਮ ਹੋ ਕੇ ਸਹਿਚਾਰਕ ਭੂਮਿਕਾ ਨਿਭਾਉਣ ਲਗਦੇ ਹਨ। ਇਸ ਸਮੇਂ ਸੂਝ, ਕਲਪਨਾ, ਭਾਵਨਾਵਾਂ, ਸਾਵਧਾਨ ਚੌਕਸੀ ਆਦਿ ਇਕੱਠਿਆਂ ਭਾਗ ਲੈ ਰਹੇ ਹੁੰਦੇ ਹਨ। ਦਿਮਾਗ਼ ਦੇ ਭਿੰਨ ਭਿੰਨ ਖੇਤਰਾਂ ਦੇ ਇਕ ਲੜੀ 'ਚ ਗੁਟਬਧ ਹੋ ਸਕਣ ਕਾਰਨ ਹੀ ਅਸੀਂ ਇਕੋ ਸਮੇਂ ਕਈ ਕੁਝ ਵਿਚਾਰ ਰਹੇ ਹੁੰਦੇ ਹਾਂ ਅਤੇ ਕਈ ਕੁਝ ਕਰ ਵੀ ਰਹੇ ਹੁੰਦੇ ਹਾਂ। ਦਿਮਾਗ਼ ਅੰਦਰ ਮਘ ਰਹੀਆਂ ਅਜਿਹੀਆਂ ਸਰਗਰਮੀਆਂ ਦਾ ਹੀ ਸਾਮੂਹਿਕ ਸਰੂਪ ਮਨ ਹੈ, ਚੇਤਨਾ ਹੈ, ਆਤਮਾ ਹੈ।

ਉਂਜ ਵੀ, ਸੰਵੇਦਨਾਵਾਂ ਅਤੇ ਭਾਵਨਾਵਾਂ ਦੇ ਆਪਸ 'ਚ ਹੱਥ ਮਿਲਾਉਣ ਨੂੰ ਚੇਤਨਾ ਸਮਝਿਆ ਜਾ ਸਕਦਾ ਹੈ। ਇਹ ਪਹਿਲਾਂ ਦੁਆਲੇ ਵਿਆਪਕ ਪਰਸਥਿਤੀ ਦੁਆਰਾ ਟੁੰਬੀ ਜਾਂਦੀ ਹੈ ਅਤੇ ਫਿਰ ਸੁਝ ਰਹੇ ਵਿਚਾਰਾਂ ਅਤੇ ਅਨੁਭਵ ਕੀਤੀਆਂ ਜਾ ਰਹੀਆਂ ਭਾਵਨਾਵਾਂ ਦੇ ਰੰਗ 'ਚ ਰੰਗੀ ਜਾਂਦੀ ਹੈ। ਇਹੋ ਨਹੀਂ, ਜਾਗੀ ਚੇਤਨਾ 'ਚ ਹੋਰ ਵੀ ਬਹੁਤ ਸਾਰਾ ਕੁਝ ਇਕੋ ਸਮੇਂ ਸਿਮਟ ਆਉਂਦਾ ਹੈ : ਯਾਦਾਂ, ਸ਼ਬਦ, ਬੀਤੀਆਂ ਘਟਨਾਵਾਂ ਦੇ ਪ੍ਰਭਾਵ, ਭਵਿਖ ਬਾਰੇ ਤੌਖਲੇ ਆਦਿ। ਨਾਲੋਂ-ਨਾਲ, ਗ੍ਰਹਿਣ ਕੀਤੇ ਗਿਆਨ ਨਾਲ ਵੀ ਇਹ ਜਗਮਗਾ ਰਹੀ ਹੁੰਦੀ ਹੈ। ਇਸ ਪ੍ਰਕਾਰ ਚੇਤੰਨ ਹੋਇਆ ਵਿਅਕਤੀ, ਆਪਣੇ ਸਭਿਆਚਾਰਕ ਪਿਛੋਕੜ 'ਚ, ਆਪਣੇ ਆਪ ਨੂੰ ਅਰਥ ਅਰਪਣ ਕਰ ਰਿਹਾ ਹੁੰਦਾ ਹੈ।

ਜਿਉਂਦੇ ਰਹਿਣ ਲਈ ਭੁੱਖ, ਪਿਆਸ, ਡਰ, ਵਾਸਨਾ ਆਦਿ ਨੂੰ ਅਨੁਭਵ ਕਰਦੇ ਰਹਿਣਾ ਜ਼ਰੂਰੀ ਹੈ ਅਤੇ ਇਨ੍ਹਾਂ ਦਾ ਹਿਰਾਸਿਆ ਵਿਅਕਤੀ ਉਹ ਕੁਝ ਕਰਨ ਲਈ ਮਜਬੂਰ ਹੋਇਆ ਮਹਿਸੂਸ ਕਰਦਾ ਹੈ, ਜੋ ਉਹ ਸਾਧਾਰਨ ਸਥਿਤੀ 'ਚ ਕਰਨ ਬਾਰੇ ਸੋਚ ਵੀ ਨਹੀਂ ਸਕਦਾ। ਇਹ ਅਜਿਹੇ ਦੋਸ਼ ਹਨ, ਜਿਹੜੇ ਚੇਤਨਾ ਦੀ ਬਝਵੀਂ ਧਾਰ ਦੇ ਕਿਨਾਰਿਆਂ ਨੂੰ ਵੀ ਭੋਰਨਯੋਗ ਹਨ, ਜਿਨ੍ਹਾਂ ਦੇ ਪ੍ਰਭਾਵ ਅਧੀਨ ਵਿਅਕਤੀ ਵਰਜਿਤ ਵਤੀਰਾ ਧਾਰਨ ਕਰਨੋਂ ਵੀ ਗੁਰੇਜ਼ ਨਹੀਂ ਕਰਦਾ। ਜੋ ਵੀ ਅਸੀਂ ਕਰਦੇ ਹਾਂ, ਵਧੇਰੇ ਸੁਆਦ ਚੱਖਣ ਲਈ ਹੀ ਕਰਦੇ ਹਾਂ।

ਪੀੜ ਅਨੁਭਵ ਕਰਨਾ ਭਾਵੇਂ ਭਲਾ ਨਹੀਂ ਲਗਦਾ ਪਰ ਇਸ ਨੂੰ ਮਹਿਸੂਸ ਕੀਤੇ ਬਿਨਾਂ ਸਾਨੂੰ ਖੁਆਰ ਵੀ ਬਹੁਤ ਹੋਣਾ ਪੈਂਦਾ ਹੈ।

ਸਾਡਾ ਮਨ ਭਾਵੇਂ ਉਪਜ ਦਿਮਾਗ਼ ਦੀ ਹੈ, ਪਰ ਇਹ ਦਿਮਾਗ਼ ਦੀ ਹੋਂਦ ਨੂੰ ਅਨੁਭਵ ਕਰ ਸਕਣ ਯੋਗ ਨਹੀਂ। ਉਧਰ ਅਸੀਂ ਆਪ ਵੀ ਮਨ ਬਾਰੇ ਸੋਝੀ ਤੋਂ ਕੋਰੇ ਹਾਂ। ਮਨ ਬਾਰੇ ਸੋਝੀਵਾਨ ਨਾ ਹੋਣ ਕਾਰਨ ਅਸੀਂ ਇਸ ਨੂੰ ਨਿਰਆਕਾਰ ਅਤੇ ਨਿਰਨੁਹਾਰ ਵਿਸ਼ੇਸ਼ਤਾਵਾਂ ਨਾਲ ਨਿਵਾਜ ਛੱਡਿਆ ਹੈ ਅਤੇ ਇਹੋ ਸਥਿਤੀ ਰੂਹਾਨੀਅਤ ਦਾ ਵੀ ਆਧਾਰ ਬਣ ਰਹੀ ਹੈ। ਭਾਵਨਾਵਾਂ ਵੀ ਗੂੰਗੀਆਂ ਹਨ, ਜਿਨ੍ਹਾਂ ਦਾ ਪ੍ਰਗਟਾਵਾ ਚਿੱਤਰਾਂ ਦੁਆਰਾ, ਸੰਗੀਤ ਦੁਆਰਾ, ਸਾਹਿਤ ਦੁਆਰਾ ਅਤੇ ਛੋਹ-ਸਪਰਸ਼ ਦੁਆਰਾ ਕੀਤਾ ਜਾ ਰਿਹਾ ਹੈ। ਅਜਿਹੇ ਪ੍ਰਗਟਾਵੇ ਵੀ ਭਾਵਨਾਵਾਂ ਦੇ ਇੰਨ-ਬਿੰਨ ਅਕਸ ਨਹੀਂ, ਇਨ੍ਹਾਂ ਦਾ ਉਲੱਥਾ ਹਨ।

ਸੰਖੇਪ 'ਚ, ਭਾਵਨਾਵਾਂ ਅਤੇ ਸੋਝੀ ਦਾ ਇਕ ਦੂਜੇ ਨਾਲ ਪ੍ਰਣਾਇਆ ਜਾਣਾ ਹੀ ਚੇਤਨਾ ਹੈ, ਆਤਮਾ ਹੈ।

"ਢੂੰਡਤਾ ਫਿਰਤਾ ਹੂੰ ਮੈਂ, ਐ ਇਕਬਾਲ, ਆਪਨੇ-ਆਪ ਕੋ, ਆਪ ਹੀ ਗੋਇਆ ਮੁਸਾਫਰ, ਆਪ ਹੀ ਮੰਜ਼ਿਲ ਹੂੰ ਮੈਂ।"

# ਚੀਨ ਦੇ ਮਾਮਲੇ 'ਚ ਭਾਰਤ ਨੂੰ ਇਕ ਚਿਰਸਥਾਈ ਨੀਤੀ ਬਣਾਉਣ ਦੀ ਲੋੜ

ਅਸਲ ਵਿਚ ਭਾਰਤ ਅਤੇ ਚੀਨ ਦੇ ਸੰਬੰਧ 'ਪੋਕਰ' ਦੀ ਖੇਡ ਵਾਂਗ ਹਨ। ਦੋਵੇਂ ਆਪਣੀ ਰਣਨੀਤੀ ਬਣਾਉਂਦੇ ਸਮੇਂ ਭਾਵਨਾਵਾਂ ਨੂੰ ਅਹਿਮੀਅਤ ਨਹੀਂ ਦਿੰਦੇ। ਇਹ ਆਪਣੇ ਰੁਖ਼ 'ਤੇ ਕਾਇਮ ਰਹਿੰਦੇ ਹਨ ਅਤੇ ਜਿੱਤ ਲਈ ਦਾਅ ਲਾਉਂਦੇ ਹਨ। ਭਾਰਤ ਅਤੇ ਚੀਨ ਦੋਵੇਂ ਇਕ-ਦੂਜੇ ਨੂੰ ਅਸਿੱਧੇ ਤੌਰ 'ਤੇ ਸੰਦੇਸ਼ ਦੇ ਰਹੇ ਹਨ ਕਿ 'ਮੇਰੇ ਮਾਮਲਿਆਂ 'ਚ ਦਖ਼ਲ ਨਾ ਦਿਓ।' ਦੋਹਾਂ ਦੇਸ਼ਾਂ ਵਿਚਾਲੇ ਡੈੱਡਲਾਕ ਦਾ ਤਾਜ਼ਾ ਮੁੱਦਾ ਭਾਰਤ, ਭੂਟਾਨ, ਚੀਨ ਟ੍ਰਾਈ ਜੰਕਸ਼ਨ 'ਚ ਚੁੰਬੀ ਘਾਟੀ ਨੇੜੇ 89 ਵਰਗ ਕਿਲੋਮੀਟਰ ਦਾ ਡੋਕਲਾਮ ਖੇਤਰ ਹੈ, ਜਿਥੇ ਚੀਨ ਦੀ ਫੌਜ ਸੜਕ ਬਣਾ ਰਹੀ ਸੀ ਤੇ ਇਸ ਨੂੰ ਲੈ ਕੇ ਭਾਰਤ-ਚੀਨ ਦੇ ਫੌਜੀਆਂ ਦਰਮਿਆਨ ਵਿਵਾਦ ਹੋਇਆ।

ਭਾਰਤ ਦਾ ਕਹਿਣਾ ਹੈ ਕਿ ਇਸ ਸੜਕ ਦੇ ਨਿਰਮਾਣ ਦਾ ਉਦੇਸ਼ ਭੂਟਾਨ ਅਤੇ ਚੀਨ ਦੀ ਸਰਹੱਦ 'ਤੇ ਉਸ ਦੀ ਆਖਰੀ ਫੌਜੀ ਚੌਕੀ ਦੇ ਨੇੜੇ ਤਕ ਚੀਨੀ ਫੌਜ ਦਾ ਪਹੁੰਚਣਾ ਹੈ, ਜਿਸ ਨਾਲ ਸਥਿਤੀ ਵਿਚ ਵੱਡੀ ਤਬਦੀਲੀ ਆਏਗੀ ਅਤੇ ਭਾਰਤ ਦੀ ਸੁਰੱਖਿਆ ਲਈ ਇਸ ਦੇ ਗੰਭੀਰ ਨਤੀਜੇ ਹੋਣਗੇ।

ਚੀਨ ਨੇ ਭਾਰਤ 'ਤੇ ਦੋਸ਼ ਲਾਇਆ ਹੈ ਕਿ ਇਹ ਦੋਹਾਂ ਦੇਸ਼ਾਂ ਵਿਚਾਲੇ ਨਿਰਧਾਰਿਤ ਹੱਦ 'ਚ ਮਾਨਤਾ ਪ੍ਰਾਪਤ ਨਿਰਵਿਵਾਦ ਪ੍ਰਭੂਸੱਤਾ ਵਿਚ ਉਲੰਘਣਾ ਕਰ ਰਿਹਾ ਹੈ ਅਤੇ ਉਸ ਨੇ ਚੀਨ-ਭੂਟਾਨ ਵਿਵਾਦ 'ਚ ਭਾਰਤ ਨੂੰ ਦੁਵੱਲੀ ਧਿਰ ਦੱਸਦਿਆਂ ਇਸ ਸੰਬੰਧ ਵਿਚ ਸਾਰਥਕ ਗੱਲਬਾਤ ਲਈ ਭਾਰਤੀ ਫੌਜ ਦੇ ਜਵਾਨਾਂ ਦੀ ਉਥੋਂ ਵਾਪਸੀ ਨੂੰ ਅਗਾਊਂ ਸ਼ਰਤ ਰੱਖਿਆ ਹੈ।

ਇਸ ਡੈੱਡਲਾਕ ਕਾਰਨ ਸਿੱਕਮ ਵਿਚ ਨਾਥੂਲਾ ਦੱਰੇ ਤੋਂ ਹੋ ਕੇ ਕੈਲਾਸ਼ ਮਾਨਸਰੋਵਰ ਯਾਤਰਾ ਰੱਦ ਕਰ ਦਿੱਤੀ ਗਈ ਹੈ ਤੇ ਨਾਲ ਹੀ ਜਰਮਨੀ 'ਚ ਹੈਂਬਰਗ ਵਿਖੇ ਜੀ-20 ਸਿਖਰ ਸੰਮੇਲਨ ਦੌਰਾਨ ਮੋਦੀ-ਸ਼ੀ ਜਿਨਪਿੰਗ ਵਿਚਾਲੇ ਮੁਲਾਕਾਤ ਵੀ ਰੱਦ ਕਰ ਦਿੱਤੀ ਗਈ। ਹਾਲਾਂਕਿ ਦੋਹਾਂ ਨੇਤਾਵਾਂ ਨੇ ਆਪਸ 'ਚ 5 ਮਿੰਟ ਗੱਲ ਕੀਤੀ।

ਕੱਲ ਤਕ ਅਣਜਾਣ ਜਿਹਾ ਇਹ ਇਲਾਕਾ ਭਾਰਤ ਲਈ ਅਹਿਮ ਹੈ ਕਿਉਂਕਿ ਇਸ ਨਾਲ ਚੀਨ ਭੂਟਾਨ ਦੇ ਸੰਬੰਧ ਵਿਚ ਭਾਰਤ ਦੀ ਵਿਦੇਸ਼ ਨੀਤੀ ਵਿਚ ਦਖਲ ਦੇ ਸਕਦਾ ਹੈ। ਚੀਨ ਦੇ ਭੂਟਾਨ ਨਾਲ ਕੂਟਨੀਤਕ ਸੰਬੰਧ ਨਹੀਂ ਹਨ, ਜਦਕਿ ਭੂਟਾਨ ਨਾਲ ਭਾਰਤ ਦੀ ਮਿੱਤਰਤਾ ਸੰਧੀ (2007) ਅਨੁਸਾਰ ਭਾਰਤ ਭੂਟਾਨ ਦੀ ਸੁਰੱਖਿਆ ਦਾ ਗਾਰੰਟੀਦਾਤਾ ਹੈ।

ਇਸ ਘਾਟੀ ਦੀ ਭਾਰਤ, ਚੀਨ ਅਤੇ ਭੂਟਾਨ ਤਿੰਨਾਂ ਲਈ ਰਣਨੀਤਕ ਮਹੱਤਤਾ ਹੈ। ਭਾਰਤ ਦਾ ਮੰਨਣਾ ਹੈ ਕਿ ਜੇ ਇਥੇ ਚੀਨ ਸੜਕ ਬਣਾਉਂਦਾ ਹੈ ਤਾਂ ਉਹ ਉੱਤਰ-ਪੂਰਬੀ ਖੇਤਰ ਵਿਚ ਚਿਕਨਨੈੱਕ ਤਕ ਪਹੁੰਚ ਜਾਵੇਗਾ, ਜਿਸ ਨਾਲ ਭਾਰਤ ਲਈ ਕਈ ਮੁਸ਼ਕਿਲਾਂ ਪੈਦਾ ਹੋਣਗੀਆਂ। ਸਿੱਕਮ ਵਿਚ ਭਾਰਤ ਲਾਹੇ ਵਾਲੀ ਸਥਿਤੀ 'ਚ ਹੈ।

ਚੀਨ 1890 ਦੀ ਚੀਨ-ਬ੍ਰਿਟੇਨ ਸੰਧੀ ਦਾ ਹਵਾਲਾ ਦੇ ਰਿਹਾ ਹੈ, ਜਿਸ ਦੇ ਮੁਤਾਬਿਕ ਉਹ ਡੋਕਲਾਮ ਖੇਤਰ ਨੂੰ ਆਪਣਾ ਜ਼ਮੀਨੀ ਹਿੱਸਾ ਮੰਨਦਾ ਹੈ, ਜਦਕਿ ਭੂਟਾਨ ਨੇ ਇਸ ਆਧਾਰ 'ਤੇ ਇਸ ਨੂੰ ਨਾਮਨਜ਼ੂਰ ਕੀਤਾ ਹੈ ਕਿ ਇਹ ਸੰਧੀ ਭਾਰਤ-ਭੂਟਾਨ ਸਰਹੱਦ 'ਤੇ ਲਾਗੂ ਹੈ, ਨਾ ਕਿ ਭੂਟਾਨ-ਚੀਨ ਸਰਹੱਦ 'ਤੇ।

ਸਵਾਲ ਇਹ ਵੀ ਉੱਠਦਾ ਹੈ ਕਿ ਕੀ ਇਸ ਖੇਤਰ ਵਿਚ ਚੀਨ ਦੀ ਸਰਵਉੱਚਤਾ ਦਾ ਮੁਕਾਬਲਾ ਕਰਨ ਲਈ ਭਾਰਤ ਕੋਲ ਸਮੁੱਚੇ ਕੂਟਨੀਤਕ ਰਾਹ ਹਨ? ਕੀ ਉਹ ਇਸ ਡੈੱਡਲਾਕ ਨੂੰ ਦੂਰ ਕਰ ਸਕਦਾ ਹੈ? ਗੱਲਬਾਤ ਲਈ ਇਸ ਕੋਲ ਕਿਹੜੇ ਬਦਲ ਹਨ ਅਤੇ ਕੀ ਭਾਰਤ ਦੀ ਵਿਦੇਸ਼ ਨੀਤੀ ਦੇ ਮੌਜੂਦਾ ਗਲਬਾਵਾਦੀ ਰੁਝਾਨ ਨਾਲ ਕੋਈ

**(ਬਾਕੀ ਸਫਾਂ 11 ਤੇ)**

# ਆਰਥਿਕ ਤੰਗੀਆਂ ਦੀ ਭੰਨੀ ਕੈਪਟਨ ਸਰਕਾਰ ਨਵੇਂ ਟੈਕਸ ਲਗਾਵੇਗੀ

**(ਸਫਾ 1 ਦੀ ਬਾਕੀ)**

ਕਰੋੜ ਦੀ ਵਾਧੂ ਆਮਦਨ ਹੋ ਸਕਦੀ ਹੈ । ਪੰਜਾਬ ਸਰਕਾਰ ਜੋ ਇਕ ਪਾਸੇ ਬਿਜਲੀ ਦੀਆਂ ਦਰਾਂ ਵੱਖ-ਵੱਖ ਵਰਗਾਂ ਲਈ 5 ਰੁਪਏ ਰੱਖਣ ਦੇ ਐਲਾਨ ਕਰ ਰਹੀ ਹੈ ਵੱਲੋਂ ਦੂਜੇ ਪਾਸੇ ਬਿਜਲੀ 'ਤੇ ਮੌਜੂਦਾ ਡਿਊਟੀ 18 ਫ਼ੀਸਦੀ ਤੋਂ ਵਧਾ ਕੇ 20 ਫ਼ੀਸਦੀ ਕੀਤੇ ਜਾਣ ਦੀ ਵੀ ਤਜਵੀਜ਼ ਬਣਾਈ ਗਈ ਹੈ, ਜਦੋਂ ਕਿ ਇਸੇ ਤਰ੍ਹਾਂ ਸ਼ਰਾਬ ਉਪਰ ਲੱਗਦੇ ਸੈੱਸ ਵਿਚ ਵੀ ਵਾਧੇ ਦੀ ਤਜਵੀਜ਼ ਹੈ ਜਿਸ ਲਈ ਸਬੰਧਿਤ ਵਿਭਾਗਾਂ ਨੂੰ ਅਗਲੀ ਮੰਤਰੀ ਮੰਡਲ ਦੀ ਬੈਠਕ ਲਈ ਏਜੰਡੇ ਪੇਸ਼ ਕਰਨ ਲਈ ਕਿਹਾ ਗਿਆ ਹੈ ।

ਇਸੇ ਤਰ੍ਹਾਂ ਰਾਜ ਸਰਕਾਰ ਵੱਲੋਂ ਸਾਰੇ ਵਿਭਾਗਾਂ ਨੂੰ ਆਦੇਸ਼ ਕੀਤੇ ਗਏ ਹਨ ਕਿ ਪੰਜਾਬ ਲਘੂ ਉਦਯੋਗ, ਨਿਗਮ, ਟਰਾਂਸਪੋਰਟ ਵਿਭਾਗ ਤੇ ਖੁਰਾਕ ਸਪਲਾਈ ਵਿਭਾਗ ਸਮੇਤ ਜਿਨ੍ਹਾਂ ਵਿਭਾਗਾਂ ਵਿਚ ਲੋਕਾਂ ਦੀਆਂ ਦੇਣਦਾਰੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਹਨ ਉਨ੍ਹਾਂ ਵਿਭਾਗਾਂ ਨੂੰ ਅਜਿਹੇ ਪੈਸੇ ਦੀ ਪ੍ਰਾਪਤੀ ਲਈ ਸੈਟਲਮੈਂਟ ਸਕੀਮਾਂ ਪੇਸ਼ ਕਰਨ ਲਈ ਵੀ ਕਿਹਾ ਗਿਆ ਹੈ ਤਾਂ ਜੋ ਰਾਜ ਸਰਕਾਰ ਨੂੰ ਉਕਤ ਬਕਾਇਆਂ 'ਚੋਂ ਕੁਝ ਰਾਸ਼ੀ ਪ੍ਰਾਪਤ ਹੋ ਸਕੇ ।

ਅੱਜ ਦੀ ਮੀਟਿੰਗ ਵਿਚ ਉਨ੍ਹਾਂ 10 ਵਿਭਾਗਾਂ ਦੇ ਪ੍ਰਮੁੱਖ ਸਕੱਤਰਾਂ ਨੂੰ ਸੱਦਿਆ ਗਿਆ ਸੀ ਜਿਨ੍ਹਾਂ ਵਿਭਾਗਾਂ ਨਾਲ ਸਬੰਧਿਤ ਵਿੱਤ ਵਿਭਾਗ ਵੱਲੋਂ ਟੈਕਸ ਤਜਵੀਜ਼ਾਂ ਵਿਚਾਰੀਆਂ ਜਾ ਰਹੀਆਂ ਹਨ । ਮੀਟਿੰਗ ਦੌਰਾਨ ਇਹ ਵੀ ਦੱਸਿਆ ਗਿਆ ਕਿ ਪੰਜਾਬ ਦਾ ਗੈਰ ਟੈਕਸ ਮਾਲੀਆ ਜੋ ਕਿ 3224 ਕਰੋੜ ਹੈ ਉਹ ਹਰਿਆਣਾ 'ਚ ਇਸ ਵੇਲੇ 10 ਹਜ਼ਾਰ ਕਰੋੜ ਤੋਂ ਵੀ ਸਲਾਨਾ ਵੱਧ ਹੈ । ਵਿੱਤ ਵਿਭਾਗ ਨੂੰ ਉਕਤ ਗੈਰ ਟੈਕਸ ਮਾਲੀਆ ਦੁੱਗਣਾ ਕਰਨ ਲਈ ਕਿਹਾ ਗਿਆ । ਸੂਚਨਾ ਅਨੁਸਾਰ ਮੀਟਿੰਗ ਦੌਰਾਨ ਦੱਸਿਆ ਗਿਆ ਕਿ ਕਾਂਗਰਸ ਸਰਕਾਰ ਦੇ ਪਹਿਲੇ 2 ਮਹੀਨਿਆਂ ਦੇ ਕਾਰ-ਜਕਾਲ ਦੌਰਾਨ ਮਾਲੀ ਘਾਟਾ 677 ਕਰੋੜ ਤੇ ਵਿੱਤੀ ਘਾਟਾ 935 ਕਰੋੜ ਸੀ ।

ਵਰਨਣਯੋਗ ਹੈ ਕਿ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਾਰ-ਵਾਰ ਇਹ ਗੱਲ ਕਹਿੰਦੇ ਆ ਰਹੇ ਸਨ ਕਿ ਰਾਜ ਸਰਕਾਰ ਸਤੰਬਰ ਤੱਕ ਜੀ.ਐਸ.ਟੀ. ਤੋਂ ਪ੍ਰਾਪਤ ਹੋਣ ਵਾਲੀ ਆਮਦਨ ਦਾ ਅਨੁਮਾਨ ਲਗਾਉਣ ਤੇ ਕੇਂਦਰ ਤੋਂ ਟੈਕਸਾਂ ਵਿਚਲੇ ਮਿਲਣ ਵਾਲੇ ਹਿੱਸੇ ਦਾ ਅਸਲ ਪਤਾ ਲੱਗਣ ਤੋਂ ਬਾਅਦ ਨਵੀਆਂ ਟੈਕਸ ਤਜਵੀਜ਼ਾਂ 'ਤੇ ਵਿਚਾਰ ਕਰੇਗੀ ਪਰ ਸੂਚਨਾ ਅਨੁਸਾਰ ਮੁੱਖ ਮੰਤਰੀ ਰਾਜ ਦੇ ਵਿੱਤੀ ਘਾਟੇ ਦੇ ਮਾਮਲੇ ਨੂੰ ਲਗਾਤਾਰ ਲਟਕਾਉਣ ਦੇ ਸ਼ਾਇਦ ਹੱਕ 'ਚ ਨਹੀਂ ਹਨ ਤੇ ਉਨ੍ਹਾਂ ਦਾ ਕਹਿਣਾ ਹੈ ਕਿ ਵਿੱਤੀ ਘਾਟੇ ਨਾਲ ਨਿਪਟਣ ਲਈ ਸਰਕਾਰ ਨੂੰ ਜ਼ਰੂਰੀ ਫ਼ੈਸਲੇ ਲੈਣ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ । ਸੂਚਨਾ ਅਨੁਸਾਰ ਰਾਜ ਸਰਕਾਰ ਵੱਲੋਂ ਸਥਾਨਕ ਸਰਕਾਰਾਂ ਵਿਭਾਗ ਨੂੰ ਵੀ ਟੈਕਸ ਲਗਾਉਣ ਦੀਆਂ ਸੰਭਾਵਨਾਵਾਂ ਸਬੰਧੀ ਆਪਣਾ ਪ੍ਰਸਤਾਵ ਪੇਸ਼ ਕਰਨ ਲਈ ਕਿਹਾ ਗਿਆ ਹੈ।

Issue- 273, Vol-11, July 19, 2017

# ਜੀ.ਐਚ.ਜੀ.ਅਕੈਡਮੀ ਫਰਿਜ਼ਨੋਂ ਵੱਲੋਂ ਲਾਏ ਜਾ ਰਹੇ ਸਲਾਨਾ ਕੈਂਪ ਵਿੱਚ 500 ਤੋਂ ਵਧੀਕ ਬੱਚੇ ਹੋਏ ਦਾਖਲ

ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ): ਵਿਦੇਸ਼ਾ ਵਿੱਚ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਅਤੇ ਬੱਚਿਆ ਨੂੰ ਉਸ ਨਾਲ ਜੋੜਨ ਲਈ ਜੀ. ਐਚ. ਜੀ. ਸੰਗੀਤ ਅਤੇ ਡਾਂਸ਼ ਅਕੈਡਮੀ ਫਰਿਜ਼ਨੋ ਵੱਲੋਂ ਹਰ ਸਾਲ ਵਾਗ ਇਸ ਸਾਲ ਸਲਾਨਾ ਗਿੱਧਾ, ਭੰਗੜਾ ਅਤੇ ਸੰਗੀਤ ਆਦਿਕ ਪੰਜਾਬੀ ਸੱਭਿਆਚਾਰਕ ਸਿੱਖਲਾਈ ਕੈਂਪ 14 ਜੁਲਾਈ ਤੋਂ ਪੰਜਾਬੀ ਸਕੂਲ ਫਰਿਜ਼ਨੋ ਵਿਖੇ ਡਾ: ਦਲਜਿੰਦਰ ਸਿੰਘ ਜੌਹਲ (ਅੰਤਰ ਰਾਸ਼ਟਰੀ ਭੰਗੜਾ ਕੋਚ) ਦੀ ਅਗਵਾਈ ਅਧੀਨ ਸੁਰੂ ਕੀਤਾ ਗਿਆ ਹੈ। ਇਸ ਕੈਂਪ ਵਿੱਚ ਸੁਚੱਜੇ ਕੋਚਾ ਦੁਆਰਾ ਸਿੱਖਲਾਈ ਦਿੱਤੀ ਜਾ ਰਹੀ ਹੈ। ਪ੍ਰਬੰਧਕਾ ਅਨੁਸਾਰ ਇਸ ਕੈਂਪ ਵਿੱਚ 500 ਤੋਂ ਵਧੀਕ ਬੱਚੇ ਦਾਖਲ ਹੋਏ ਹਨ। ਜਦ ਕਿ ਹੋਰ ਵੀ ਬਹੁਤ ਸਾਰੇ ਮਾਪੇ ਆਪਣੇ ਬੱਚਿਆ ਨੂੰ ਰੋਜ਼ਾਨਾ ਲੈ ਕੇ ਆ ਰਹੇ ਹਨ। ਜੋ ਰੋਜਾਨਾ ਗੁਰਬਾਣੀ ਮੂਲ-ਮੰਤਰ ਦੇ ਜਾਪ ਕਰਨ ਉਪਰੰਤ ਰਲ ਕੇ ਅਰਦਾਸ ਕਰਦੇ ਹਨ। ਇਸ ਬਾਅਦ ਬੱਚੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਗਿੱਧਾ-ਭੰਗੜਾ ਤੇ ਹੋਰ ਗੀਤ ਸੰਗੀਤ ਆਦਿਕ ਗਤੀਵਿਧੀਆਂ ਦੀ ਸਿੱਖਿਆ ਸ੍ਰੇਸ਼ਟ ਮਾਹਰਾ ਤੋਂ ਪ੍ਰਾਪਤ ਕਰਦੇ ਹਨ। ਰੋਜਾਨਾ ਸਾਮ ਨੂੰ ਬੱਚੇ ਅਤੇ ਮਾਪੇ ਰਲ ਗੁਰੂ ਦੇ ਲੰਗਰਾ ਨੂੰ ਛਕਦੇ ਹਨ। ਅਜਿਹਾ ਕਰਕੇ ਜਿੱਥੇ ਬੱਚਿੱਆ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਿਆ ਜਾ ਰਿਹਾ, ਉੱਥੇ ਇੰਨਾ ਵਿੱਚ ਭਾਈਚਾਰਕ ਸਾਂਝ ਤੇ ਸਮਾਨਤਾ ਨਾਲ ਰਹਿਣ ਦੇ ਗੁਣ ਵੀ ਭਰੇ ਜਾ ਰਹੇ ਹਨ। ਇਸ ਕੈਂਪ ਦੌਰਾਨ ਵਿਦੇਸ਼ਾ ਵਿੱਚ ਰਹਿੰਦੇ ਹੋਏ ਬੱਚੇ ਪੰਜਾਬੀ ਸੱਭਿਆਚਾਰ ਪ੍ਰਤੀ ਜਾਗਰੂਕ ਹੁੰਦੇ ਹਨ ਅਤੇ ਰੋਜਾਨਾ ਗੁਰੂਘਰ ਵੀ ਨਸਮਸ਼ਤਕ ਹੁੰਦੇ ਹਨ। ਇਸ ਤੋਂ ਇਲਾਵਾ ਪਰਿਵਾਰਕ ਮੈਂਬਰ ਅਤੇ ਬਜੁਰਗ ਵੀ ਆਪਸੀ ਮਿਲ ਸਾਂਝਾ ਸਮਾਂ ਬਤੀਤ ਕਰ ਖੁਸ਼ੀ ਮਹਿਸੂਸ ਕਰਦੇ ਹਨ। ਇਸੇ ਤਰ੍ਹਾਂ ਕੈਂਪ ਦੌਰਾਨ ਬੱਚਿਆ ਅਤੇ ਉਨ੍ਹਾਂ ਦੇ ਮਾਪਿਆ ਨੂੰ ਵੱਖ-ਵੱਖ ਵਿਭਾਗਾ ਨਾਲ ਸੰਬੰਧਤ ਅਮੈਰੀਕਨ ਅਧਿਕਾਰੀਆਂ ਨਾਲ ਮਿਲਾਇਆ ਅਤੇ ਗੱਲਬਾਤ ਕਰਵਾਈ ਜਾਂਦੀ ਹੈ। ਜਿਸ ਨਾਲ ਬੱਚਿਆ ਵਿੱਚ ਆਤਮ-ਵਿਸ਼ਵਾਸ਼ ਆਉਦਾ ਹੈ ਅਤੇ ਸਿੱਖ ਭਾਈਚਾਰੇ ਨੂੰ ਬਾਕੀ ਅਮਰੀਕਨ ਲੋਕਾਂ ਵਿੱਚ ਆਪਣੀ ਪਹਿਚਾਣ ਬਣਾਉਣ ਦਾ ਮੌਕਾ ਵੀ ਮਿਲਦਾ ਹੈ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਬੱਚਿਆ ਤੋਂ ਇਲਾਵਾ ਇਸ ਕੈਂਪ ਪ੍ਰਤੀ ਮਾਪਿਆ ਵਿੱਚ ਵੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਜਿਸ ਕਰਕੇ ਭਾਰੀ ਗਿਣਤੀ ਵਿੱਚ ਰੋਜ਼ਾਨਾ ਪਰਿਵਾਰ ਹਾਜ਼ਰੀਆਂ ਭਰ ਬੱਚਿਆਂ ਦੀ ਚਲ ਰਹੀ ਤਿਆਰੀ ਅਤੇ ਸਰਗਰਮੀਆਂ 'ਤੇ ਉਨ੍ਹਾਂ ਦਾ ਹੌਸ਼ਲਾ ਅਫਜਾਈ ਕਰ ਰਹੇ ਹਨ।



ਕੈਂਪ ਦੀ ਸਮਾਪਤੀ ਦੇ ਆਖਰੀ ਦਿਨ 29 ਜੁਲਾਈ ਦਿਨ ਸ਼ਨੀਵਾਰ ਨੂੰ ਅੰਤਰ-ਰਾਸਟਰੀ ਪੱਧਰ ਤੇ ਯੁਵਕ ਮੇਲਾ ਸ਼ੈਂਟਰਲ ਹਾਈ ਸਕੂਲ ਫਰਿਜ਼ਨੋ ਵਿਖੇ ਖੁਲ੍ਹੇ ਹਾਲ ਵਿੱਚ ਕਰਵਾਇਆ ਜਾਵੇਗਾ। ਇਸ ਦੀ ਕੋਈ ਦਾਖਲਾ ਟਿਕਟ ਨਹੀਂ ਹੋਵੇਗੀ। ਜਿਸ ਵਿੱਚ ਅਮਰੀਕਾ ਦੀਆਂ ਵੱਖ-ਵੱਖ ਸਟੇਟਾ ਤੋਂ ਇਲਾਵਾ ਕਨੇਡਾ ਤੋਂ ਵੀ ਟੀਮਾ ਸਿਰਕਤ ਕਰਨਗੀਆਂ। ਇਸ ਸਾਂਝੇ ਕਾਰਜ਼ ਨੂੰ ਨੇਪਰੇ ਚਾੜਨ ਵਿੱਚ ਉਦੈਦੀਪ ਸਿੰਘ ਸਿੱਧੂ, ਪਰਮਜੀਤ ਸਿੰਘ ਧਾਲੀਵਾਲ, ਸੁਖਵਿੰਦਰ ਸਿੰਘ ਸਰੋਏ, ਜਗਰੂਪ ਸਿੰਘ ਧਾਲੀਵਾਲ, ਸੁਖਦੇਵ ਸਿੰਘ ਚੀਮਾਂ, ਗੁਰਦੀਪ ਸ਼ੇਰਗਿੱਲ, ਸਤਿੰਦਰ ਸਿੰਘ ਸੱਗੂ ਅਤੇ ਸਮੁੱਚੀ ਜੀ. ਐਚ. ਜੀ. ਟੀਮ ਦਾ ਸਲਾਘਾਯੋਗ ਉੱਦਮ ਹੈ। ਅਜਿਹੇ ਅਲੌਕਿਕ ਨਜ਼ਾਰੇ ਦਾ ਅਨੰਦ ਮਾਨਣ ਅਤੇ ਬੱਚਿਆ ਦੀ ਪੇਸ਼ਕਾਰੀ ਦੇਖਣ ਲਈ ਸਮੂੰਹ ਪੰਜਾਬੀਅਤ ਨੂੰ ਖੁੱਲਾ ਸੱਦਾ ਦਿੱਤਾ ਜਾਦਾ ਹੈ।

# ਧਰਮ ਪ੍ਰਚਾਰ ਕਮੇਟੀ ਵੱਲੋ ਸਮਾਜ ਸੇਵੀ ਬੌਬੀ ਦੇ ਪਰਿਵਾਰ ਤੇ ਖਾਲਸਾ ਗਰੁੱਪ ਦਾ ਕੀਤਾ ਸਨਮਾਨ



ਕਾਉਂਕੇ ਕਲਾਂ (ਜਸਵੰਤ ਸਿੰਘ ਸਹੋਤਾ)- ਧਰਮ ਪ੍ਰਚਾਰ ਕਮੇਟੀ ਰਸੂਲਪੁਰ ਮੱਲਾ ਵੱਲੋ ਵੱਖ ਵੱਖ ਸਮਾਜ ਸੇਵੀ ਕੰਮਾ ਵਿੱਚ ਮੋਹਰੀ ਭੁਮਿਕਾ ਨਿਭਾਉਣ ਤੇ ਸਾਰੇ ਧਾਰਮਿਕ ਸਮਾਗਮਾ ਵਿੱਚ ਡੀਜਲ ਦੀ ਸੇਵਾ ਕਰਨ ਵਾਲੇ ਕੁਲਵਿੰਦਰ ਸਿੰਘ ਬੌਬੀ ਯੂ.ਐਸ.ਏ.ਦੇ ਸਮੂਹ ਪਰਿਵਾਰ ਅਤੇ ਪਿੰਡ ਮੱਲਾ ਦੇ ਕਰੋ ਮੇਹਰ ਵਾਹਿਗੁਰੂ ਜੀ ਗਰੁੱਪ ਦੇ ਮੈਂਬਰਾ ਦਾ ਸਨਮਾਨ ਕੀਤਾ ਗਿਆ।ਧਰਮ ਪ੍ਰਚਾਰ ਕਮੇਟੀ ਦੇ ਆਗੂਆਂ ਤੇਜਪਾਲ ਸਿੰਘ, ਸਤਿਨਾਮ ਸਿੰਘ ਨੇ ਦੱਸਿਆ ਕਿ ਉੱਘੇ ਸਮਾਜ ਸੇਵੀ ਕੁਲਵਿੰਦਰ ਸਿੰਘ ਬੌਬੀ ਤੇ ਖਾਲਸਾ ਗਰੁੱਪ ਮੱਲਾ ਵੱਲੋ ਜੋ ਸਮੇ ਸਮੇ ਤੇ ਲੋੜਵੰਦ ਪਰਿਵਾਰਾ ਦੀ ਮੱਦਦ ਤੇ ਹੋਰਨਾਂ ਸਮਾਜ ਸੇਵੀ ਕੰਮਾ ਨੂੰ ਪਹਿਲ ਦੇ ਆਧਾਰ ਕੀਤਾ ਜਾਂਦਾ ਹੈ। ਉਸ ਨੂੰ ਮੁੱਖ ਰੱਖਦਿਆ ਕਮੇਟੀ ਵੱਲੋ ਇੰਨਾ ਆਗੂਆਂ ਦਾ ਸਨਮਾਨ ਕੀਤਾ ਗਿਆ ਹੈ।ਇਸ ਸਮੇ ਬੀਬੀ ਕਮਲਜੀਤ ਕੌਰ ਖਾਲਸਾ, ਪਰਵਿੰਦਰ ਸਿੰਘ ਖਾਲਸਾ, ਧੰਨ ਕੌਰ ਖਾਲਸਾ, ਗੁਰਬਚਨ ਸਿੰਘ ਖਾਲਸਾ, ਬੂਟਾ ਸਿੰਘ ਨੰਬਰਦਾਰ, ਅਮਰਜੀਤ ਸਿੰਗ ਨੰਬਰਦਾਰ, ਗਗਨਦੀਪ ਸਿੰਘ, ਭਿੰਦਾ ਖਾਲਸਾ, ਜੱਸਾ ਖਾਲਸਾ, ਲਖਵੀਰ ਸਿੰਘ, ਰਾਜਾ ਸਿੰਘ ਆਦਿ ਵੀ ਹਾਜਿਰ ਸਨ।

## ਵਰ ਦੀ ਲੋੜ

ਉਮਰ 30 ਸਾਲ, ਕੱਦ 5 ਫੁੱਟ 1 ਇੰਚ, ਬੀ. ਏ., ਪੀ. ਜੀ. ਡੀ. ਸੀ. ਏ., ਕੰਪਿਊਟਰ ਐ-ਪਲੀਕੇਸ਼ਨ ਡਿਪਲੋਮਾ, ਪੋਸਟ ਗ੍ਰੈਜੂਏਟ ਰਾਮਦਾਸੀਏ ਗੁਰਸਿੱਖ ਪਰਿਵਾਰ 'ਚੋਂ ਸੋਹਣੀ ਤੇ ਪਤਲੀ ਲੜਕੀ ਲਈ ਢੁਕਵੇਂ ਵਰ ਦੀ ਲੋੜ ਹੈ। ਕਿਰਪਾ ਕਰਕੇ ਸ. ਅਮਰੀਕ ਸਿੰਘ ਨੂੰ ਪੰਜਾਬ ਦੇ ਫੋਨ 'ਤੇ ਗੱਲਬਾਤ ਕਰੋ। ਪਰਿਵਾਰ ਦੁਆਬਾ ਇਲਾਕੇ ਤੋਂ ਹੈ:

98762-22560

1823-232010

navdeep9090@live.com

## ਵਰ ਦੀ ਲੋੜ

ਇਕ ਮੁਟਿਆਰ ਉਮਰ 30 ਸਾਲ, ਕੱਦ 5 ਫੁੱਟ 6 ਇੰਚ, ਖੂਬਸੂਰਤ ਪੜ੍ਹੀ-ਲਿਖੀ, ਇਟਲੀ ਵਿਚ ਪੱਕੇ ਤੌਰ ਤੇ ਰਹਿ ਰਹੀ, ਜੋ ਕਿ ਤਲਾਕਸ਼ੁਦਾ ਹੈ, ਲਈ ਅਮਰੀਕਨ ਸਿਟੀਜਨ ਜਾਂ ਗਰੀਨ ਕਾਰਡ ਵਾਲੇ ਲੜਕੇ ਦੀ ਲੋੜ ਹੈ। ਪ੍ਰੋ. ਜਸਪਾਲ ਸਿੰਘ ਸੈਣੀ ਨੂੰ ਹੋਰ ਜਾਣਕਾਰੀ ਲਈ ਸੰਪਰਕ ਕਰੋ:

408-393-9505

## ਲੜਕੀ ਦੀ ਲੋੜ

ਇਕ ਗੁਰਸਿੱਖ ਰਾਮਗੜ੍ਹੀਆ ਨਾਮਧਾਰੀ 28 ਸਾਲਾ, ਕੱਦ 5 ਫੁੱਟ 11 ਇੰਚ ਲੜਕਾ ਜੋ ਆਰ. ਐਨ. (ਰਜਿਸਟਰਡ) ਨਰਸ ਦੇ ਤੌਰ ਤੇ ਸੈਨਹੋਜ਼ੇ (ਕੈਲੇਫੋਰਨੀਆ) ਦੇ ਹਸਪਤਾਲ ਵਿਚ ਕੰਮ ਕਰਦੇ ਲਈ ਪੜ੍ਹੀ-ਲਿਖੀ ਰਾਮਗੜ੍ਹੀਆ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ ਕਰੋ : 408-966-7976 /Davinderbansel@gmail.com




Sex Problem

ਮਰਦਾਨਾ ਕਮਜ਼ੋਰੀ

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ

E-mail:- shweat077@yahoo.com
www.surajvanshipharmacy.com

ਅਸਰ 3 ਦਿਨਾਂ ਤੋਂ ਸ਼ੁਰੂ

ਬੁਢਾਪੇ 'ਚ ਜਵਾਨੀ ਮਾਣੋ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ: 59/AY/PB.

ਸੈਕਸ ਵਿਚ ਭਰਪੂਰ ਜੋਸ਼ ਅਤੇ ਮਨਚਾਹਾ ਟਾਈਮ

ਵਿਆਹ ਤੋਂ ਪਹਿਲਾਂ ਜਾਂ ਵਿਆਹ ਤੋਂ ਬਾਅਦ ਹਰ ਉਮਰ 'ਚ ਹਾਸਲ ਕਰੋ

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ, ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਸਿਹਤ ਬਣਾਓ

ਵਾਲ ਝੜਨਾ ਜਾਂ ਸਫੈਦ ਹੋਣਾ

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi +91-98155-33933



Low Rate Loans



Real Estate Loans
Construction Loans
Commercial Loans
Business Loans
Apartment Loans
Loans up to $30 Million

Credit or income problems are welcome

ਜੇ ਤੁਹਾਡਾ ਕਰੈਡਿਟ ਨਹੀਂ ਜਾਂ ਇਨਕਮ ਘੱਟ ਹੈ, ਕੋਈ ਗੱਲ ਨਹੀਂ, ਬੱਸ ਇਕ ਵਾਰ ਫੋਨ ਕਰੋ

For more information Call:-

(408) 307-6331

# ਸੰਪਾਦਕੀ

## ਪੰਜਾਬ ਵਿਚ ਵਾਪਰ ਰਹੀਆਂ ਹਿੰਸਕ ਘਟਨਾਵਾਂ

ਪੰਜਾਬ ਵਿਚ ਹਾਲ ਦੇ ਸਮੇਂ ਦਰਮਿਆਨ ਅਜਿਹੀਆਂ ਕਈ ਹਿੰਸਕ ਘਟਨਾਵਾਂ ਵਾਪਰੀਆਂ ਹਨ, ਜਿਹੜੀਆਂ ਪੰਜਾਬ ਵਿਚ ਫਿਰਕੂ ਹਿੰਸਾ ਫੈਲਾਉਣ ਇਰਾਦੇ ਨਾਲ ਕੀਤੀਆਂ ਜਾਂਦੀਆਂ ਹਨ। ਹਾਲ ਹੀ ਵਿਚ ਲ ਧਿਆਣਾ ਦੇ ਸਲੀਮ ਟਾਬਰੀ ਇਲਾਕੇ ਵਿੱਚ ਇਸਾਈ ਪਾਦਰੀ ਸੁਲਤਾਨ ਮਸੀਹ ਦੀ ਹੱਤਿਆ ਸ਼ਨਿਚਰਵਾਰ ਰਾਤੀਂ ਤਿੰਨ ਅਣਪਛਾਤੇ ਮੋਟਰ ਸਾਈਕਲ ਸਵਾਰਾਂ ਨੇ ਗੋਲੀਆਂ ਮਾਰ ਕੇ ਕਰ ਦਿੱਤੀ ਸੀ। ਇਸ ਹੱਤਿਆ ਕਾਂਡ ਸਬੰਧੀ ਪੁਲਿਸ ਦੀ ਤਫ਼ਤੀਸ਼ ਅਜੇ ਮੁੱਢਲੇ ਪੜਾਅ 'ਤੇ ਹੈ, ਇਸ ਲਈ ਹੱਤਿਆ ਦੀ ਵਜ੍ਹਾ ਜਾਂ ਹਮਲਾਵਰਾਂ ਸਬੰਧੀ ਬਹੁਤਾ ਕੁਝ ਕਹਿਣਾ ਗ਼ੈਰਮੁਨਾਸਿਬ ਜਾਪਦਾ ਹੈ। ਫਿਰ ਵੀ, ਹੱਤਿਆ ਲਈ ਜਿਹੜੀ ਸਕੀਮ ਅਮਲ ਵਿੱਚ ਲਿਆਂਦੀ ਗਈ, ਉਹ ਲੁਧਿਆਣਾ ਸ਼ਹਿਰ ਵਿੱਚ ਹੀ ਆਰ ਐੱਸ ਐੱਸ ਦੇ ਕੁਝ ਵਾਲੰਟੀਅਰਾਂ ਉੱਤੇ 2015 ਵਿੱਚ ਹੋਏ ਹਮਲੇ ਅਤੇ ਪਿਛਲੇ ਸਾਲ ਇੱਕ ਸ਼ਿਵ ਸੈਨਾ ਆਗੂ ਦੀ ਹੱਤਿਆ ਤੋਂ ਇਲਾਵਾ ਜਲੰਧਰ ਵਿੱਚ ਆਰ ਐੱਸ ਐੱਸ ਦੇ ਆਗੂ ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਦੀ ਹੱਤਿਆ ਲਈ ਚੁਣੇ ਢੰਗ ਤਰੀਕਿਆਂ ਨਾਲ ਮੇਲ ਖਾਂਦੀ ਹੈ। ਇਨ੍ਹਾਂ ਸਾਰੀਆਂ ਘਟਨਾਵਾਂ ਦੀ ਗੁੱਥੀ ਪੁਲਿਸ ਅਜੇ ਤਕ ਨਹੀਂ ਸੁਲਝਾ ਸਕੀ। ਨਾ ਹੀ ਬਰਗਾੜੀ ਵਿੱਚ ਪਾਵਨ ਬੀੜ ਦੀ ਬੇਅਦਬੀ ਦਾ ਮਾਮਲਾ ਅਜੇ ਤਕ ਸੁਲਝ ਸਕਿਆ ਹੈ। ਸ਼ਾਇਦ ਇਸੇ ਘਟਨਾਕ੍ਰਮ ਦੇ ਮੱਦੇਨਜ਼ਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਡੀ ਜੀ ਪੀ ਨੂੰ ਹਦਾਇਤ ਕੀਤੀ ਹੈ ਕਿ ਰਾਜ ਵਿੱਚ ਫ਼ਿਰਕਾਪ੍ਰਸਤੀ ਨੂੰ ਹਵਾ ਦੇਣ ਦੀਆਂ ਕੋਸਿਸ਼ਾਂ ਕਰਨ ਵਾਲੇ ਅਨਸਰਾਂ ਉੱਤੇ ਸਖ਼ਤੀ ਕੀਤੀ ਜਾਵੇ ਅਤੇ ਹਮਲਾਵਰਾਂ ਦਾ ਛੇਤੀ ਤੋਂ ਛੇਤੀ ਪਤਾ ਲਾਇਆ ਜਾਵੇ। ਸੂਬਾਈ ਖ਼ੁਫ਼ੀਆ ਏਜੰਸੀਆਂ ਨੂੰ ਵੀ ਇਸ ਬਾਰੇ ਕੇਂਦਰੀ ਏਜੰਸੀਆਂ ਨਾਲ ਕਰੀਬੀ ਰਾਬਤਾ ਬਣਾਉਣ ਦੀ ਹਦਾਇਤ ਕੀਤੀ ਗਈ ਹੈ। ਪੰਜਾਬ ਦੀ ਪੁਲਿਸ ਦਾ ਕਹਿਣਾ ਹੈ ਕਿ ਪੰਜਾਬ ਵਿਚ ਇਸ ਵਕਤ ਸੋਸ਼ਲ ਮੀਡੀਆ ਦੀ ਦੇਣ 'ਵਟਸਐਪ' ਰਾਹੀਂ ਫੋਨ ਕਰਕੇ ਫਿਰਕੂ ਹਿੰਸਾ ਫੈਲਾਉਣ ਦੀਆਂ ਕੋਸ਼ਿਸ਼ਾਂ ਵਿਦੇਸ਼ਾਂ ਤੋਂ ਹੋ ਰਹੀਆਂ ਹਨ ਕਿਉਂਕਿ ਪੁਲਿਸ ਕੋਲ ਸੋਸ਼ਲ ਮੀਡੀਆ ਨੂੰ ਟੈਪ ਕਰਨ ਦਾ ਕੋਈ ਫਿਲਹਾਲ ਤਰੀਕਾ ਨਹੀਂ ਹੈ। ਹੱਤਿਆ ਕਾਂਡ ਤੋਂ ਰੋਹ ਵਿੱਚ ਆਏ ਇਸਾਈ ਭਾਈਚਾਰੇ ਨੇ ਐਤਵਾਰ ਨੂੰ ਲੁਧਿਆਣਾ ਵਿੱਚ ਆਵਾਜਾਈ ਠੱਪ ਰੱਖੀ। ਇਸ ਕਾਰਨ ਛਿੱਟ-ਪੁੱਟ ਹਿੰਸਾ ਵੀ ਹੋਈ। ਪੁਲਿਸ ਨੇ ਭਾਵੇਂ ਸਥਿਤੀ ਨੂੰ ਸੰਭਾਲਣ ਲਈ ਭਰਪੂਰ ਯਤਨ ਕੀਤੇ, ਫਿਰ ਵੀ ਆਮ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਸਭ ਤੋਂ ਵੱਧ ਦਿੱਕਤ ਬੱਸਾਂ ਦੇ ਮੁਸਾਫ਼ਰਾਂ ਨੂੰ ਆਈ। ਗਰਮੀ ਤੇ ਹੁੰਮਸ ਕਾਰਨ ਉਨ੍ਹਾਂ ਨੂੰ ਬਦਹਾਲੀ ਨਾਲ ਜੂਝਣਾ ਪਿਆ। ਅਜਿਹਾ ਆਲਮ ਦਰਸਾਉਂਦਾ ਹੈ ਕਿ ਕਿਸੇ ਵੀ ਨਾਜ਼ੁਕ ਸਥਿਤੀ ਨਾਲ ਅਸਰਦਾਰ ਢੰਗ ਨਾਲ ਨਜਿੱਠਣ ਵਾਸਤੇ ਢੁਕਵੇ ਯਤਨਾਂ ਪੱਖੋਂ ਪੁਲਿਸ ਤੇ ਸਿਵਿਲ ਪ੍ਰਸ਼ਾਸਨ ਕਿਸ ਹੱਦ ਤਕ ਪੱਛੜੇ ਹੋਏ ਹਨ। ਅਜਿਹੀਆਂ ਘਟਨਾਵਾਂ ਦੀ ਨਿੰਦਾ ਕਰਨ ਦੀ ਲੋੜ ਹੈ ਅਤੇ ਦੋਸ਼ੀਆਂ ਦੀ ਪਛਾਣ ਕਰਨੀ ਵੀ ਜ਼ਰੂਰੀ ਹੈ ਕਿਉਂਕਿ ਪੰਜਾਬ ਨੇ ਪਹਿਲਾਂ ਵੀ ਬਹੁਤ ਲੰਮਾ ਸਮਾਂ ਸੰਤਾਪ ਹੰਢਾਇਆ ਹੈ। ਹਿੰਸਾ ਨਾਲ ਪੰਜਾਬ ਦਾ ਭਲਾ ਨਹੀਂ ਹੋਣ ਵਾਲਾ, ਬਲਕਿ ਸ਼ਾਂਤਮਈ ਤਰੀਕੇ ਨਾਲ ਹੀ ਤਰੱਕੀ ਕੀਤੀ ਜਾ ਸਕਦੀ ਹੈ ਅਤੇ ਮੁਸ਼ਕਿਲਾਂ ਦਾ ਹੱਲ ਨਿਕਲ ਸਕਦਾ ਹੈ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771, Ph : 510-516-3536
36415 RUSCHIN DR. NEWARK, CA 94560
Pardes Times (2nd office)
Ranjit Kandola ,Managing Editor
530-315-1020, email-Kandola@macloans.net
Buta Ram joshi Staff Reporter, Fresno 559-803-0055
Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਬਦਲ ਰਹੀਆਂ ਪ੍ਰਸਥਿਤੀਆਂ ਅਸ਼ਾਂਤੀ ਨੂੰ ਸੱਦਾ ਦੇ ਰਹੀਆਂ ਨੇ



Sinder Singh Pasiana
(Advocate)
Email -
sindersingh2009@gmail.com
(91-86991-19745 M)

ਕਰੀਬ ਦੋ ਦਹਾਕੇ ਚੱਲੇ ਸ਼ੀਤ ਯੁੱਧ ਤੋਂ ਬਾਅਦ ਇਕ ਵਾਰ ਫਿਰ ਸ਼ੀਤ ਯੁੱਧ ਆਰੰਭ ਹੋ ਗਿਆ ਮਹਿਸੂਸ ਹੋ ਰਿਹਾ ਹੈ। ਇਸ ਵਾਰ ਸ਼ੀਤ ਯੁੱਧ ਦਾ ਕਾਰਨ ਸ਼ਕਤੀ ਸੰਤੁਲਨ ਹੀ ਹੈ। ਰੂਸ ਵਿਚ ਕਮਿਊਨਿਜ਼ਮ ਦੇ ਢਹਿ ਜਾਣ ਤੋਂ ਬਾਅਦ ਚੀਨ ਦੁਨੀਆਂ ਦਾ ਇਕੋ ਇਕ ਤਾਕਤਵਰ ਕਮਿਊਨਿਸਟ ਮੁਲਕ ਰਹਿ ਗਿਆ ਹੈ। ਚੀਨ ਦੀ ਨੀਤੀ ਵੀ ਰੂਸ ਵਰਗੀ ਹੀ ਹੈ ਅਤੇ ਉਹ ਅਮਰੀਕਾ ਤੋਂ ਅੱਗੇ ਲੰਘਣ ਲਈ ਆਪਣੀ ਫੌਜੀ ਤਾਕਤ ਲਗਾਤਾਰ ਅੱਗੇ ਵਧਾ ਰਿਹਾ ਹੈ। ਇਸ ਕੜੀ ਦਾ ਅਹਿਮ ਹਿੱਸਾ ਬਣ ਗਿਆ ਹੈ ਭਾਰਤ, ਜਿਹੜਾ ਚੀਨ ਤੋਂ ਬਾਅਦ ਆਬਾਦੀ ਦੇ ਪੱਖੋਂ ਦੂਜਾ ਵੱਡਾ ਮੁਲਕ ਹੈ ਅਤੇ ਇਕ ਸੈਨਿਕ ਤਾਕਤ ਵਜੋਂ ਵੀ ਤੇਜ਼ੀ ਨਾਲ ਉਭਰ ਰਿਹਾ ਹੈ। 1962 ਵਿਚ ਚੀਨ ਨੇ ਭਾਰਤ 'ਤੇ ਅਚਨਚੇਤੀ ਹਮਲਾ ਕਰ ਦਿੱਤਾ ਅਤੇ ਇਸਦਾ ਕਾਫੀ ਇਲਾਕਾ ਹੜੱਪ ਲਿਆ ਪਰ ਇਹ ਜੰਗ ਭਾਰਤ ਲਈ ਕਈ ਕਾਰਨਾਂ ਪੱਖੋਂ ਇਕ ਸਬਕ ਸਿੱਧ ਹੋਈ ਅਤੇ ਭਾਰਤ ਦੀਆਂ ਸਰਕਾਰਾਂ ਦਾ ਇਹ ਭਰਮ ਜਾਂਦਾ ਰਿਹਾ ਕਿ ਫੌਜੀ ਤਾਕਤ ਤੋਂ ਬਿਨਾਂ ਮੁਲਕ ਨੂੰ ਤਾਕਤਵਰ ਬਣਾਇਆ ਜਾ ਸਕਦਾ ਹੈ। ਇਸ ਤੋਂ ਬਾਅਦ ਹਿੰਦ ਮਹਾਸਾਗਰ ਦੀ ਰੱਖਿਆ ਲਈ ਭਾਰਤ ਨੇ ਸਮੁੰਦਰੀ ਫੌਜ ਨੂੰ ਤਾਕਤਵਰ ਬਣਾਇਆ ਅਤੇ ਚੀਨ ਦਾ ਮੁਕਾਬਲਾ ਕਰਨ ਲਈ ਪਰਮਾਣੂ ਬੰਬ ਅਤੇ ਲੰਮੀ ਦੂਰੀ ਦੀਆਂ ਮਿਜ਼ਾਇਲਾਂ ਬਣਾਈਆਂ। ਕਈ ਛੋਟੀਆਂ ਅਤੇ ਅਤੀ-ਆਧੁਨਿਕ ਮਿਜ਼ਾਇਲਾਂ ਅਤੇ ਹਥਿਆਰਾਂ ਦੇ ਨਿਰਮਾਣ ਦੇ ਨਾਲ ਦੁਨੀਆਂ ਭਰ ਤੇ ਵਧੀਆ ਤੋਂ ਵਧੀਆ ਹਥਿਆਰ ਪ੍ਰਾਪਤ ਕਰਕੇ ਆਪਣੀ ਰੱਖਿਆ ਮਜ਼ਬੂਤ ਕੀਤੀ। ਚੀਨ ਨੇ ਭਾਰਤ ਨਾਲ ਟਕਰਾਅ ਦੀ ਥਾਂ ਤੇ ਵਪਾਰ ਦਾ ਰਸਤਾ ਅਪਣਾਇਆ ਪਰ ਆਪਣਾ ਏਜੰਡਾ ਨਿਰੰਤਰ ਅੱਗੇ ਵਧਾਇਆ। ਹਾਲ ਦੇ ਸਮੇਂ ਵਿਚ ਚੀਨ ਨੇ ਕਈ ਮਸਲਿਆਂ ਤੇ ਭਾਰਤ ਨੂੰ ਸਹਿਯੋਗ ਦੇਣ ਦੀ ਥਾਂ ਉਲਟਾ ਰਵੱਈਆ ਅਪਣਾਇਆ ਅਤੇ ਭਾਰਤ ਅਤੇ ਪਾਕਿਸਤਾਨ ਦੀ ਜੰਗ ਕਰਵਾਉਣ ਦੇ ਵਾਰ-ਵਾਰ ਯਤਨ ਕੀਤੇ। ਕਸ਼ਮੀਰ ਦੀ ਸਮੱਸਿਆ ਵਿਚ ਵੀ ਚੀਨੀ ਹੱਥ ਸਾਹਮਣੇ ਆ ਰਿਹਾ ਹੈ।

ਅਸਲ ਵਿਚ ਇਹ ਸਾਰਾ ਕੁਝ ਤਾਕਤ ਦੇ ਸੰਤੁਲਨ ਜਾਂ ਆਪਣੀ ਤਾਕਤ ਦਾ ਇਜ਼ਹਾਰ ਕਰਨ ਦੀਆਂ ਕੋਸ਼ਿਸ਼ਾਂ ਦੇ ਤਹਿਤ ਹੋ ਰਿਹਾ ਹੈ। ਏਸ਼ੀਆ ਵਿਚ ਜਿੰਨੇ ਵੀ ਮੁਲਕਾਂ ਨਾਲ ਚੀਨ ਦੀ ਸੀਮਾ ਲੱਗਦੀ ਹੈ, ਸਭ ਨਾਲ ਉਸ ਦਾ ਵਿਵਾਦ ਹੈ। ਇਸ ਵਿਵਾਦ ਕਾਰਨ ਏਸ਼ੀਆ ਦੇ ਜ਼ਿਆਦਾਤਰ ਮੁਲਕ ਚੀਨ ਨੂੰ ਬਿਹਤਰੀਨ ਨਹੀਂ ਮੰਨਦੇ ਅਤੇ ਉਹਨਾਂ ਦਾ ਝੁਕਾਅ ਭਾਰਤ, ਜਾਪਾਨ ਅਤੇ ਅਮਰੀਕਾ ਵੱਲ ਹੈ। ਦੂਜੀ ਸਮੱਸਿਆ ਹੈ ਵਿਚਾਰਧਾਰਾ ਦੀ ਲੜਾਈ ਦੀ। ਚੀਨ ਕਮਿਊਨਿਸਟ ਮੁਲਕ ਹੈ, ਜਦਕਿ ਦੁਨੀਆਂ ਵਿਚ ਅੱਜ ਜ਼ਿਆਦਾਤਰ ਮੁਲਕ ਲੋਕਰਾਜੀ ਹਨ। ਦੋਵੇਂ ਵਿਚਾਰਧਾਰਾਵਾਂ ਦਾ ਟਕਰਾਅ ਉਸੇ ਤਰ੍ਹਾਂ ਸਾਹਮਣੇ ਆ ਰਿਹਾ ਹੈ, ਜਿਵੇਂ ਸ਼ੀਤ ਯੁੱਧ ਵੇਲੇ ਸਾਹਮਣੇ ਆਇਆ ਸੀ। ਭਾਰਤ, ਜਾਪਾਨ ਅਤੇ ਆਸਟ੍ਰੇਲੀਆ ਹਿੰਦ ਪ੍ਰਸ਼ਾਂਤ ਖੇਤਰ ਵਿਚ ਇਸ ਸੁਰੱਖਿਆ ਬਦਲਾਅ ਦੇ ਕੇਂਦਰ ਵਿਚ ਹਨ। ਅਮਰੀਕਾ ਚਾਹੁੰਦਾ ਹੈ ਕਿ ਚੀਨ ਨੂੰ ਘੇਰਨ ਲਈ ਏਸ਼ੀਆ ਦੇ ਬਾਕੀ ਤਾਕਤਵਰ ਮੁਲਕ ਇਕ ਮੰਚ ਤੇ ਆ ਜਾਣ ਤਾਂ ਜੋ ਉਸ ਦੇ ਕਦਮਾਂ ਨੂੰ ਉਥੇ ਹੀ ਰੋਕੀ ਰੱਖਿਆ ਜਾਵੇ। ਇਹ ਯਤਨ ਫਿਲਹਾਲ ਤਾਂ ਕਾਮਯਾਬ ਹੁੰਦੇ ਨਜ਼ਰ ਆ ਰਹੇ ਹਨ, ਪਰ ਇਸ ਨਾਲ ਏਸ਼ੀਆ ਦੀ ਸਥਿਰਤਾ ਨੂੰ ਵਾਰ-ਵਾਰ ਖਤਰਾ ਪੈਦਾ ਹੋ ਰਿਹਾ ਹੈ। ਹਾਲ ਹੀ ਵਿਚ ਭਾਰਤ, ਜਾਪਾਨ ਅਤੇ ਅਮਰੀਕਾ ਨੇ ਹਿੰਦ ਮਹਾਸਾਗਰ ਵਿਚ ਜੰਗੀ ਅਭਿਆਸ ਕੀਤਾ ਹੈ। ਇਸ ਤੋਂ ਪਹਿਲਾਂ ਬੰਗਾਲ ਦੀ ਖਾੜੀ ਵਿਚ ਭਾਰਤ, ਅਮਰੀਕਾ, ਆਸਟ੍ਰੇਲੀਆ, ਸਿੰਗਾਪੁਰ ਅਤੇ ਜਾਪਾਨ ਦੀਆਂ ਸਮੁੰਦਰੀ ਫੌਜਾਂ ਦੇ ਸਾਂਝੇ ਯੁੱਧ ਅਭਿਆਸ ਤੇ ਚੀਨ ਦੁਆਰਾ ਅੱਖਾਂ ਦਿਖਾਉਣ ਤੋਂ ਬਾਅਦ ਭਾਰਤ ਦਾ ਰੁਖ ਨਰਮ ਪੈ ਗਿਆ ਸੀ ਪਰ ਮੋਦੀ ਸਰਕਾਰ ਆਉਣ ਤੋਂ ਬਾਅਦ ਇਹ ਸੰਭਾਵਨਾਵਾਂ ਫਿਰ ਵਧਣ ਲੱਗ ਪਈਆਂ ਹਨ।

ਮੋਦੀ ਕਈ ਪੱਖਾਂ ਨੂੰ ਲੈ ਕੇ ਚੱਲ ਰਹੇ ਹਨ। ਪਹਿਲਾ ਹੈ ਦੁਨੀਆਂ ਵਿਚ ਚੀਨ ਦੀ ਵਧਦੀ ਤਾਕਤ ਨੂੰ ਏਸ਼ੀਆ ਵਿਚ ਸੀਮਤ ਕਰਨਾ। ਦੂਜਾ ਹੈ ਚੀਨ ਦੀ ਫੌਜੀ ਘੇਰਾਬੰਦੀ ਕਰਨ ਲਈ ਏਸ਼ੀਆਈ ਮੁਲਕਾਂ ਨਾਲ ਸਬੰਧ ਮਜ਼ਬੂਤ ਕਰਨਾ। ਤੀਜਾ ਹੈ ਸਾਰੀਆਂ ਏਸ਼ੀਆਈ ਤਾਕਤਾਂ ਦੀਆਂ ਫੌਜਾਂ ਨੂੰ ਇਕਜੁਟ ਕਰਕੇ ਚੀਨ ਦੇ ਖਿਲਾਫ ਲੜਨ ਲਈ ਤਿਆਰ ਕਰਨਾ। ਇਸ ਨੀਤੀ ਪਿੱਛੇ ਕਈ ਮਕਸਦ ਹਨ। ਭਾਰਤ ਇਹ ਕਰਕੇ ਕਈ ਪੱਖਾਂ ਤੋਂ ਫਾਇਦੇ ਵਿਚ ਵੀ ਰਹਿ ਸਕਦਾ ਹੈ। ਚੀਨ ਦੇ ਖਿਲਾਫ ਲਾਬੀ ਭਾਰਤ ਵਿਚ ਨਿਵੇਸ਼ ਨੂੰ ਹੱਲਾਸ਼ੇਰੀ ਦੇ ਰਹੀ ਹੈ। ਭਾਰਤ ਆਰਥਿਕ ਸੁਧਾਰ ਕਰ ਰਿਹਾ ਹੈ। ਇਸ ਕਰਕੇ ਵਿਦੇਸ਼ੀ ਕੰਪਨੀਆਂ ਭਾਰਤ ਵਿਚ ਨਿਵੇਸ਼ ਕਰਨ ਦਾ ਮਨ ਬਣਾ ਰਹੀਆਂ ਹਨ। ਜੇਕਰ ਅਜਿਹਾ ਹੁੰਦਾ ਹੈ ਤਾਂ ਭਾਰਤ ਵੀ ਇਕ ਵਪਾਰੀ ਮੁਲਕ ਵਜੋਂ ਉਭਰੇਗਾ ਅਤੇ ਇਸ ਦਾ ਵਪਾਰ ਦੁਨੀਆਂ ਦੇ ਜ਼ਿਆਦਾਤਰ ਮੁਲਕਾਂ ਤੱਕ ਹੋਵੇਗਾ। ਚੀਨ ਦੇ ਸਸਤੇ ਮਾਲ ਨੂੰ ਟੱਕਰ ਦੇਣ ਲਈ ਭਾਰਤ ਕੋਲ ਅਨੁਕੂਲ ਮਾਹੌਲ ਹੈ। ਭਾਰਤ ਵਿਚ ਵੀ ਸਸਤੀ ਲੇਬਰ ਮਿਲਦੀ ਹੈ, ਬਿਜਲੀ ਦੀ ਕਮੀ ਨਹੀਂ ਰਹੀ, ਸੜਕਾਂ ਸ਼ਾਨਦਾਰ ਬਣ ਰਹੀਆਂ ਹਨ। ਰੇਲਵੇ ਦਾ ਕਾਇਆਕਲਪ ਕੀਤਾ ਜਾ ਰਿਹਾ ਹੈ। ਤੇਜ਼ ਗਤੀ ਨਾਲ ਚੱਲਣ ਵਾਲੀਆਂ ਰੇਲ ਗੱਡੀਆਂ ਬਣਾਈਆਂ ਜਾ ਰਹੀਆਂ ਹਨ। ਟੈਕਸਾਂ ਵਿਚ ਸੁਧਾਰ ਕਰਕੇ ਪਾਰਦਰਸ਼ਤਾ ਕਾਇਮ ਕੀਤੀ ਜਾ ਰਹੀ ਹੈ।

ਭਾਰਤ ਆਪਣੀ ਇਸ ਨੀਤੀ ਨੂੰ ਅਮਲੀ ਜਾਮਾ ਤਾਂ ਹੀ ਪੁਆ ਸਕਦਾ ਹੈ, ਜੇਕਰ ਉਹ ਚੀਨ ਦੀ ਘੇਰਾਬੰਦੀ ਕਰਨ ਲਈ ਕਦਮ ਚੁੱਕੇ। ਇਸ ਕਰਕੇ ਹੀ ਭਾਰਤ ਸਰਕਾਰ ਨੇ ਆਪਣੀ ਨੀਤੀ ਵਿਚ ਤਬਦੀਲੀ ਕਰਦਿਆਂ ਅਮਰੀਕਾ, ਜਾਪਾਨ ਅਤੇ ਆਸਟ੍ਰੇਲੀਆ ਨਾਲ ਇਕ ਅਜਿਹਾ ਮੰਚ ਬਣਾਇਆ ਹੈ, ਜੋ ਸੁਰੱਖਿਆ ਦੇ ਮੋਰਚੇ ਤੇ ਕਾਫੀ ਕਾਮਯਾਬ ਹੋ ਸਕਦਾ ਹੈ। ਚੀਨ ਏਸ਼ੀਆ ਦੇ ਇਕ-ਦੋ- ਚਾਰ ਮੁਲਕਾਂ ਨਾਲ ਇਕੱਠਿਆਂ ਲੜ ਸਕਦਾ ਹੈ ਪਰ ਸਾਰੇ ਏਸ਼ੀਅਨ ਮੁਲਕਾਂ ਨਾਲ ਨਹੀਂ। ਯੂਰਪ ਅਤੇ ਅਮਰੀਕਾ ਦੇ ਵੀ ਚੀਨ ਦੇ ਖਿਲਾਫ ਚੁੱਕੇ ਜਾ ਰਹੇ ਕਦਮਾਂ ਕਾਰਨ ਸਥਿਤੀ ਵਿਚ ਹੋਰ ਵੀ ਤੇਜ਼ੀ ਨਾਲ ਬਦਲਾਅ ਆ ਰਿਹਾ ਹੈ।

ਸਮੁੰਦਰੀ ਸੁਰੱਖਿਆ ਦੇ ਮੋਰਚੇ 'ਤੇ ਚੀਨ ਦੀ ਵਧਦੀ ਹਮਲਾਵਰ ਪ੍ਰਵਿਸਤੀ ਅਤੇ ਹਿੰਦ-ਪ੍ਰਸ਼ਾਂਤ ਖੇਤਰ ਵਿਚ ਆਵਾਜਾਈ ਦੀ ਆਜ਼ਾਦੀ ਨੂੰ ਲੈ ਕੇ ਭਾਰਤ ਅਤੇ ਆਸਟ੍ਰੇਲੀਆ ਚਿੰਤਤ ਹਨ। ਇਹਨਾਂ ਸਾਂਝੀਆਂ ਚਿੰਤਾਵਾਂ ਦੇ ਕਾਰਨ ਦੋਵੇਂ ਮੁਲਕਾਂ ਵਿਚਕਾਰ ਵੱਡੇ ਸਮੁੰਦਰੀ ਸਹਿਯੋਗ ਦੀ ਲੋੜ ਹੋਰ ਜ਼ਿਆਦਾ ਵਧੀ ਹੈ ਅਤੇ ਦੋਵੇਂ ਮੁਲਕਾਂ ਨੇ ਸਾਂਝੀਆਂ ਮੱਸ਼ਕਾਂ ਕਰਨੀਆਂ ਆਰੰਭ ਕੀਤੀਆਂ ਹਨ। ਮੋਦੀ ਦੇ ਆਸਟ੍ਰੇਲੀਆ ਦੌਰੇ ਦੌਰਾਨ ਇਕ ਸੁਰੱਖਿਆ ਢਾਂਚਾ ਸਮਝੌਤੇ ਤੇ ਹਸਤਾਲਰ ਹੋਏ ਜੋ ਹਿੰਦ ਮਹਾਸਾਗਰ ਖੇਤਰ ਵਿਚ ਰੱਖਿਆ ਸਹਿਯੋਗ ਦੀ ਅਹਿਮੀਅਤ ਨੂੰ ਹੋਰ ਜ਼ਿਆਦਾ ਸਪਸ਼ਟ ਕਰਦਾ ਹੈ। ਭਾਰਤ ਅਤੇ ਆਸਟ੍ਰੇਲੀਆ ਹਿੰਦ ਮਹਾਸਾਗਰ ਖੇਤਰ ਦੀ ਮਹੱਤਵਪੂਰਨ ਤਾਕਤ ਹਨ। ਦੋਵੇਂ ਮੁਲਕ ਹਿੰਦ ਮਹਾਸਾਗਰ ਦੇ ਤਟੀ ਮੁਲਕਾਂ ਦੇ ਪਹਿਲੇ ਸੰਗਠਨ ਹਿੰਦ ਮਹਾਸਾਗਰ ਖੇਤਰੀ ਸੰਘ ਯਾਨਿ ਆਈ. ਓ. ਆਰ. ਏ. ਵਿਚ ਵੀ ਇਕੱਠੇ ਰਹਿ ਚੁੱਕੇ ਹਨ। ਇਸਦੇ ਨਾਲ ਹੀ ਆਸਟ੍ਰੇਲੀਆ ਹਿੰਦ ਮਹਾਸਾਗਰ ਖੇਤਰ ਵਿਚ ਓਸ਼ਨ ਨੇਵਲ ਸਿੰਪੋਜੀਅਮ ਦਾ ਵੀ ਸਥਾਈ ਮੈਂਬਰ ਹੈ ਜੋ ਹਿੰਦ ਮਹਾਸਾਗਰ ਖੇਤਰ ਦੀ ਸਥਾਨਕ ਸਮੁੰਦਰੀ ਫੌਜ ਨੂੰ ਇਕ ਮੰਚ ਤੇ ਲਿਆਉਂਦਾ ਹੈ। ਹਿੰਦ ਮਹਾਸਾਗਰ ਖੇਤਰ ਵਿਚ ਉਹਨਾਂ ਦੇ ਖੇਤਰੀ ਸਹਿਯੋਗ ਦੇ ਦਾਇਰੇ ਨੂੰ ਜਾਪਾਨ ਅਤੇ ਇੰਡੋਨੇਸ਼ੀਆ ਵਰਗੇ ਦੇਸ਼ਾਂ ਦੇ ਨਾਲ ਉਹਨਾਂ ਦੀ ਸਲਾਨਾ ਤਿਕੋਣੀ ਗੱਲਬਾਤ ਤੋਂ ਵੀ ਸਮਝਿਆ ਜਾ ਸਕਦਾ ਹੈ।

ਇਸ ਵਕਤ ਦੀ ਜ਼ਰੂਰਤ ਇਹੀ ਹੈ ਕਿ ਇਕੋ ਜਿਹੀ ਸੋਚ ਵਾਲੇ ਮੁਲਕ ਆਪਣਾ ਸਹਿਯੋਗ ਅਤੇ ਇੱਕਜੁਟਤਾ ਵਧਾਉਣ। ਅਮਰੀਕਾ ਅਤੇ ਜਾਪਨ ਦੇ ਨਾਲ ਹੀ ਆਸਟ੍ਰੇਲੀਆ ਵੀ ਮਾਲਾਬਾਰ ਅਭਿਆਸ ਵਿਚ ਸ਼ਾਮਲ ਹੋਣ ਲਈ ਟਿਕਟਿਕੀ ਲਗਾ ਰਿਹਾ ਹੈ। ਭਾਰਤ ਨੂੰ ਆਸਟ੍ਰੇਲੀਆ ਦੀ ਇਸ ਬੇਨਤੀ ਤੇ ਉਦਾਰਤਾ ਨਾਲ ਵਿਚਾਰ ਕਰਨਾ ਹੋਵੇਗਾ ਕਿਉਂਕਿ ਹਿੰਦ-ਪ੍ਰਸ਼ਾਂਤ ਖੇਤਰ ਦੀ ਲੋਕਤੰਤਰੀ ਚੌਕੜੀ ਨੂੰ ਜਲਦੀ ਤੋਂ ਜਲਦੀ ਨਵੇਂ ਸਿਰੇ ਤੋਂ ਖੜ੍ਹਾ ਕਰਨ ਦੀ ਲੋੜ ਹੈ। ਹਾਲਾਂਕਿ ਜੰਗ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ ਪਰ ਇਸ ਦੇ ਬਾਵਜੂਦ ਵੀ ਕੌਮਾਂਤਰੀ ਪੱਧਰ ਤੇ ਜੋ ਪ੍ਰਸਥਿਤੀਆਂ ਤੇਜ਼ੀ ਨਾਲ ਬਦਲ ਰਹੀਆਂ ਹਨ, ਉਹਨਾਂ ਦੇ ਮੱਦੇਨਜ਼ਰ ਤੀਜੀ ਸੰਸਾਰ ਜੰਗ ਦੇ ਬੱਦਲ ਕਦੀ ਵੀ ਮੰਡਰਾ ਸਕਦੇ ਹਨ। ਹੁਣ ਇਹ ਰੂਸ ਤੇ ਨਿਰਭਰ ਕਰਦਾ ਹੈ ਕਿ ਉਹ ਇਹਨਾਂ ਪ੍ਰਸਥਿਤੀਆਂ ਨੂੰ ਕਿਸ ਨਜ਼ਰੀਏ ਨਾਲ ਲੈਂਦਾ ਹੈ।

# ਕ੍ਰਿਕਟ ਦੇ ਖੇਤਰ ਵਿੱਚ ਮਿਤਾਲੀ ਰਾਜ ਦੀਆਂ ਪ੍ਰਾਪਤੀਆਂ

ਸਾਡੇ ਜਹਾਨ ਵਿੱਚ ਪੁਰਸ਼ਾਂ ਦਾ ਬੋਲਬਾਲਾ ਹੈ। ਇਸੇ ਲਈ ਕ੍ਰਿਕਟ ਦੇ ਖੇਤਰ ਵਿੱਚ ਮਿਤਾਲੀ ਰਾਜ ਦੀਆਂ ਪ੍ਰਾਪਤੀਆਂ ਉੱਤੇ ਉਸ ਤਰ੍ਹਾਂ ਦੇ ਜਸ਼ਨ ਨਹੀਂ ਮਨਾਏ ਜਾ ਰਹੇ ਜਿਵੇਂ ਪੁਰਸ਼ ਕ੍ਰਿਕਟਰਾਂ ਦੀਆਂ ਪ੍ਰਾਪਤੀਆਂ ਵੇਲੇ ਮਨਾਏ ਜਾਂਦੇ ਹਨ। ਫਿਰ ਵੀ ਸੋਸ਼ਲ ਮੀਡੀਆ ਨੇ ਮਿਤਾਲੀ ਦੀ ਪ੍ਰਗਤੀ ਦਾ ਚੰਗੇ ਢੰਗ ਨਾਲ ਨੋਟਿਸ ਲਿਆ ਹੈ ਅਤੇ ਉਸ ਨੂੰ ਸੁਹਜਮਈ ਢੰਗ ਨਾਲ ਥਾਪੜਾ ਦਿੱਤਾ ਹੈ। ਮਿਤਾਲੀ ਬੁੱਧਵਾਰ ਨੂੰ ਮਹਿਲਾ ਕ੍ਰਿਕਟ ਦੇ ਇੱਕ-ਰੋਜ਼ਾ ਕੌਮਾਂਤਰੀ ਮੁਕਾਬਲਿਆਂ ਵਿੱਚ ਛੇ ਹਜ਼ਾਰ ਤੋਂ ਵੱਧ ਦੌੜਾਂ ਬਣਾਉਣ ਵਾਲੀ ਦੁਨੀਆਂ ਦੀ ਪਹਿਲੀ ਖਿਡਾਰਨ ਬਣ ਗਈ। ਉਸ ਨੇ ਇਹ ਮਾਣ-ਮੱਤੀ ਪ੍ਰਾਪਤੀ ਇੰਗਲੈਂਡ ਵਿੱਚ ਖੇਡੇ ਜਾ ਰਹੇ ਮਹਿਲਾ ਵਿਸ਼ਵ ਕੱਪ ਕ੍ਰਿਕਟ ਦੇ ਆਸਟਰੇਲੀਆ ਖ਼ਿਲਾਫ਼ ਲੀਗ ਮੈਚ ਦੌਰਾਨ ਹਾਸਿਲ ਕੀਤੀ। ਭਾਵੇਂ ਭਾਰਤ ਇਹ ਮੈਚ ਹਾਰ ਗਿਆ, ਫਿਰ ਵੀ ਮਿਤਾਲੀ ਦੀ ਪ੍ਰਾਪਤੀ ਨੇ ਇਸ ਨੂੰ ਵੱਖਰੇ ਢੰਗ ਨਾਲ ਯਾਦਗਾਰੀ ਬਣਾ ਦਿੱਤਾ। 34 ਸਾਲਾਂ ਦੀ ਮਿਤਾਲੀ ਨੇ ਇਸ ਦਿਨ, ਦਰਅਸਲ, ਦੋ ਆਲਮੀ ਰਿਕਾਰਡ ਬਣਾਏ। ਉਸ ਨੇ ਪਹਿਲਾਂ ਇੰਗਲੈਂਡ ਦੀ ਸਾਬਕਾ ਕਪਤਾਨ ਸ਼ੈਰਲੱਟ ਐਡਵਰਡਜ਼ ਦੇ 5992 ਦੌੜਾਂ ਦੇ ਆਲਮੀ ਰਿਕਾਰਡ ਨੂੰ ਮਾਤ ਦਿੱਤੀ ਅਤੇ ਫਿਰ ਛੇ ਹਜ਼ਾਰ ਤੋਂ ਵੱਧ ਦੌੜਾਂ ਬਣਾਉਣ ਵਾਲੀ ਪਹਿਲੀ ਮਹਿਲਾ ਬਣੀ। ਮਿਤਾਲੀ ਦਾ ਕੌਮਾਂਤਰੀ ਕ੍ਰਿਕਟ ਵਿੱਚ ਇਹ 18ਵਾਂ ਸਾਲ ਹੈ ਅਤੇ ਬੱਲੇ ਤੇ ਗੇਂਦ ਨਾਲ ਉਹ ਜਿਸ ਤਰ੍ਹਾਂ ਦਾ ਸ਼ਾਨਦਾਰ ਪ੍ਰਦਰਸ਼ਨ ਲਗਾਤਾਰ ਕਰਦੀ ਆ ਰਹੀ ਹੈ, ਉਹ ਆਪਣੇ ਆਪ ਵਿੱਚ ਮਿਸਾਲੀ ਕੰਮ ਹੈ।

ਹੈਦਰਾਬਾਦ ਦੀ ਜੰਮਪਲ ਮਿਤਾਲੀ ਨੇ 1999 ਵਿੱਚ ਕੌਮਾਂਤਰੀ ਕ੍ਰਿਕਟ ਵਿੱਚ ਪੈਰ ਧਰਿਆ ਸੀ। ਇਨ੍ਹਾਂ 18 ਸਾਲਾਂ ਦੌਰਾਨ ਉਹ ਦਰਜਨਾਂ ਹੋਰ ਮਹਿਲਾ ਕ੍ਰਿਕਟਰਾਂ ਲਈ ਆਦਰਸ਼ ਸਾਬਤ ਹੋਈ ਹੈ। ਮਿਤਾਲੀ



ਦੇ ਰਿਕਾਰਡਾਂ ਦੀ ਫਹਿਰਿਸਤ ਬੜੀ ਲੰਮੀ ਹੈ। ਉਸ ਨੇ ਆਲਮੀ ਕ੍ਰਿਕਟ ਵਿੱਚ ਪ੍ਰਵੇਸ਼ ਕਰਨ ਦੇ ਪਹਿਲੇ ਹੀ ਸਾਲ ਟੌਂਟਨ (ਇੰਗਲੈਂਡ) ਵਿੱਚ ਇੰਗਲੈਂਡ ਖ਼ਿਲਾਫ਼ ਟੈਸਟ ਮੈਚ ਵਿੱਚ 214 ਦੌੜਾਂ ਦੀ ਪਾਰੀ ਖੇਡੀ ਸੀ ਜੋ ਕਿ ਕਿਸੇ ਵੀ ਭਾਰਤੀ ਮਹਿਲਾ ਕ੍ਰਿਕਟਰ ਵੱਲੋਂ ਆਲਮੀ ਪੱਧਰ 'ਤੇ ਇੱਕ ਟੈਸਟ ਪਾਰੀ ਵਿੱਚ ਬਣਾਇਆ ਸਭ ਤੋਂ ਵੱਡਾ ਸਕੋਰ ਹੈ। ਇੱਕ-ਰੋਜ਼ਾ ਕੌਮਾਂਤਰੀ ਮੈਚਾਂ ਵਿੱਚ ਸੈਂਕੜਾ ਬਣਾਉਣ ਵਾਲੀ ਪਹਿਲੀ ਭਾਰਤੀ ਖਿਡਾਰਨ ਦਾ ਐਜਾਜ਼ ਉਹ 1999 ਵਿੱਚ ਹਾਸਲ ਕਰ ਚੁੱਕੀ ਸੀ। ਉਸ ਸਮੇਂ ਉਸ ਦੀ ਉਮਰ 16 ਸਾਲ 205 ਦਿਨ ਸੀ। ਇਸੇ ਤਰ੍ਹਾਂ ਉਸ ਨੇ ਇਸ ਸਾਲ ਲਗਾਤਾਰ ਸੱਤ ਇੱਕ-ਰੋਜ਼ਾ ਮੈਚਾਂ ਵਿੱਚ ਨੀਮ ਸੈਂਕੜੇ ਜਾਂ ਵੱਧ ਸਕੋਰ ਬਣਾਉਣ ਦਾ ਰਿਕਾਰਡ ਵੀ ਕਾਇਮ ਕੀਤਾ ਹੈ। ਦਰਅਸਲ, ਇਸ ਸਮੇਂ ਸਭ ਤੋਂ ਵੱਧ ਦੌੜਾਂ ਬਣਾਉਣ ਤੇ ਸਭ ਤੋਂ ਵੱਧ ਵਿਕਟਾਂ ਲੈਣ ਦੇ ਰਿਕਾਰਡ ਦੋ ਭਾਰਤੀਆਂ - ਮਿਤਾਲੀ ਰਾਜ ਤੇ ਝੂਲਨ ਗੋਸਵਾਮੀ ਦੇ ਨਾਂ ਹਨ।

ਮਿਤਾਲੀ ਪਹਿਲਾਂ ਪੰਜ ਸਾਲ ਭਾਰਤੀ ਟੀਮ ਦੀ ਕਪਤਾਨ ਰਹੀ। ਉਸ ਦੀ ਕਪਤਾਨੀ ਦੌਰਾਨ ਹੀ ਭਾਰਤੀ ਟੀਮ ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ ਤੇ ਦੱਖਣੀ ਅਫਰੀਕਾ ਦੇ ਹਾਣ ਦੀ ਸਾਬਤ ਹੋਣੀ ਸ਼ੁਰੂ ਹੋਈ। ਖਿਡਾਰਨ ਵਜੋਂ ਉਸ ਦੀ ਪਹੁੰਚ ਕਿੰਨੀ ਪੇਸ਼ੇਵਾਰਾਨਾ ਤੇ ਪੁਖ਼ਤਾ ਸੀ, ਇਸ ਦਾ ਪ੍ਰਮਾਣ 2008 ਵਿੱਚ ਵਿਵਾਦਿਤ ਢੰਗ ਨਾਲ ਉਸ ਨੂੰ ਹਟਾਏ ਜਾਣ ਤੋਂ ਬਾਅਦ ਉਸ ਦੇ ਮਿਆਰਾਂ ਵਿੱਚ ਸੁਧਾਰ ਤੋਂ ਮਿਲਿਆ। ਇਸੇ ਪਹੁੰਚ ਨੇ ਹੀ ਉਸ ਲਈ ਕਪਤਾਨੀ ਦੀ ਵਾਪਸੀ ਸੰਭਵ ਬਣਾਈ। ਸ਼ੈਰਲੱਟ ਐਡਵਰਡਜ਼ ਦਾ ਕਹਿਣਾ ਹੈ ਕਿ ਮਹਿਲਾ ਕ੍ਰਿਕਟ ਨੂੰ ਆਲਮੀ ਪੱਧਰ 'ਤੇ ਉਸ ਤਰ੍ਹਾਂ ਦੀ ਤਵੱਜੋ ਨਹੀਂ ਮਿਲ ਰਹੀ ਜਿਸ ਦੀ ਇਹ ਹੱਕਦਾਰ ਹੈ। ਅਜਿਹੀਆਂ ਹਕੀਕਤਾਂ ਦੇ ਬਾਵਜੂਦ ਮਿਤਾਲੀ ਆਪਣੇ ਸਿਰੜ ਸਦਕਾ ਵਿਸ਼ੇਸ਼ ਸਲਾਮ ਦੀ ਹੱਕਦਾਰ ਹੈ।

# ਗੜਬੜਾਉਂਦਾ ਜਾ ਰਿਹਾ ਜਮਹੂਰੀ ਸਿਆਸਤ ਦਾ ਸਮਤੋਲ



ਹਰੀਸ਼ ਖਰੇ

ਮੋਦੀ ਨਾਲ ਅਤੇ ਸ਼ਾਇਦ ਅਦ੍ਰਿਸ਼ਟ ਢੰਗ ਨਾਲ ਅਸੀਂ ਕੌਮੀ ਰਾਜਨੀਤੀ ਦੇ ਇੱਕ ਸੰਭਾਵੀ ਖ਼ਤਰਨਾਕ ਦੌਰ ਵਿੱਚ ਦਾਖ਼ਲ ਹੋਣ ਜਾ ਰਹੇ ਹਾਂ। ਖ਼ਤਰਨਾਕ ਇਸ ਲਈ ਨਹੀਂ ਕਿ ਦੇਸ਼ ਦੀਆਂ ਸਰਹੱਦਾਂ ਉੱਤੇ ਖ਼ਤਰੇ ਵਾਲਾ ਮਾਹੌਲ ਹੈ, ਜਾਂ ਇਸ ਲਈ ਨਹੀਂ ਕਿ ਬਾਹਰੀ ਦੁਨੀਆਂ ਦਾ ਵਾਤਾਵਰਨ ਸਾਡੇ ਲਈ ਨੁਕਸਾਨਦੇਹ ਨਿਘਾਰ ਵੱਲ ਵਧ ਰਿਹਾ ਹੈ ਸਗੋਂ ਇਸ ਕਰਕੇ ਕਿ ਸਾਡੇ ਦੇਸ਼ ਅੰਦਰਲੇ ਸੰਸਥਾਈ ਤਵਾਜ਼ਨ ਇਸ ਢੰਗ ਨਾਲ ਬਦਲਦੇ ਜਾ ਰਹੇ ਹਨ ਕਿ ਇਹ ਜਮਹੂਰੀ ਸਿਆਸਤ ਦਾ ਸਮਤੋਲ ਹੀ ਗੜਬੜਾਉਂਦਾ ਜਾ ਰਿਹਾ ਹੈ।

ਸਭ ਤੋਂ ਪਹਿਲੀ ਗੱਲ, ਅਗਲੇ ਛੇ ਦਿਨਾਂ ਬਾਅਦ ਅਸੀਂ ਜਾਣ ਜਾਵਾਂਗੇ ਕਿ ਸਾਡੇ ਗਣਤੰਤਰ ਦਾ ਅਗਲਾ ਮੁਖੀ ਕੌਣ ਹੋਵੇਗਾ। ਐਨ ਆਖ਼ਰੀ ਮੌਕੇ ਬਹੁਤ ਵੱਡੇ ਪੈਮਾਨੇ 'ਤੇ ਉਲਟਫੇਰ ਦੀ ਸੰਭਾਵਨਾ ਨੂੰ ਛੱਡ ਕੇ, ਸਾਨੂੰ ਸਭਨਾਂ ਨੂੰ ਪਤਾ ਹੈ ਕਿ ਰਾਮ ਨਾਥ ਕੋਵਿੰਦ ਹੀ ਰਾਇਸੀਨਾ ਹਿੱਲ ਉੱਪਰ ਉਸਰੀ ਵਿਸ਼ਾਲ ਤੇ ਸ਼ਾਹਾਨਾ ਅਸਟੇਟ ਦੇ ਨਵੇਂ ਨਿਵਾਸੀ ਹੋਣਗੇ। ਇਸ ਤਬਦੀਲੀ ਨਾਲ ਕਈ ਹੋਰ ਤਬਦੀਲੀਆਂ ਆਉਣਗੀਆਂ। ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਦਰਮਿਆਨ ਰਿਸ਼ਤੇ ਵਿੱਚ ਸਮੇਂ ਸਮੇਂ ਵਿੱਚ ਬਦਲਾਉ ਤੇ ਤਰਮੀਮਾਂ ਚੱਲਦੀਆਂ ਰਹਿੰਦੀਆਂ ਹਨ। ਭਾਵੇਂ ਰਾਸ਼ਟਰਪਤੀ ਭਵਨ, ਸੱਤਾ ਦਾ ਇੱਕ ਵਿਰੋਧੀ ਕੇਂਦਰ ਨਹੀਂ ਹੁੰਦਾ, ਫਿਰ ਵੀ ਇਸ ਦਾ ਨਿਵਾਸੀ, ਚਾਹੇ ਉਹ ਕੋਈ ਵੀ ਹੋਵੇ, ਕਿਸੇ ਵੀ ਪ੍ਰਧਾਨ ਮੰਤਰੀ ਲਈ ਖਿਝ, ਚਿੜ ਤੇ ਕੁੰਠਾ ਦੀ ਵਜ੍ਹਾ ਤਾਂ ਬਣ ਹੀ ਸਕਦਾ ਹੈ। ਇਸੇ ਲਈ ਅਗਲੇ ਹਫ਼ਤੇ ਹੋਣ ਵਾਲੀ ਰਾਸ਼ਟਰਪਤੀ ਚੋਣ ਦੀ ਪ੍ਰਧਾਨ ਮੰਤਰੀ ਦੇ ਕੰਟਰੋਲ ਅਤੇ ਦਿੱਲੀ ਦੀ ਸਲਤਨਤ ਉੱਤੇ ਪਕੜ ਦੇ ਲਿਹਾਜ਼ ਨਾਲ ਅਤਿਅੰਤ ਅਹਿਮੀਅਤ ਹੈ।

ਨਵੀਂ ਦਿੱਲੀ ਦੀ ਰਾਜਸੀ ਬਿਰਾਦਰੀ ਵਿੱਚ ਇਹ ਆਮ ਹੀ ਮੰਨਿਆ ਜਾਂਦਾ ਹੈ ਕਿ ਰਾਮ ਨਾਥ ਕੋਵਿੰਦ ਪ੍ਰਧਾਨ ਮੰਤਰੀ ਦੀ ਨਿੱਜੀ ਪਸੰਦ ਹਨ; ਇਸ ਤੋਂ ਵੀ ਅਹਿਮ ਪੱਖ ਹੈ ਕਿ ਕੋਵਿੰਦ ਨੂੰ ਉਮੀਦਵਾਰ ਬਣਾਉਣ ਸਮੇਂ ਪ੍ਰਧਾਨ ਮੰਤਰੀ ਨੇ ਆਰਐੱਸਐੱਸ ਦੇ ਸੰਚਾਲਕਾਂ, ਜਿਨ੍ਹਾਂ ਦੀ ਰਾਇ ਤੇ ਸੋਚ ਵੱਖਰੀ ਸੀ, ਦੀ ਪਰਵਾਹ ਤਕ ਨਹੀਂ ਕੀਤੀ। ਇਸੇ ਲਈ ਆਰਐੱਸਐੱਸ ਤੇ ਨਰਿੰਦਰ ਮੋਦੀ ਦੇ ਰਿਸ਼ਤੇ ਦੀ ਸਮੀਖਿਆ ਹੋਣੀ ਯਕੀਨੀ ਹੈ।

ਅਟਲ ਬਿਹਾਰੀ ਵਾਜਪਾਈ ਵਾਂਗ ਮੋਦੀ ਨੇ ਵੀ ਸਰਪ੍ਰਸਤ-ਮੁਵੱਕਿਲ ਵਾਲੇ ਉਸ ਰਿਸ਼ਤੇ ਵਿੱਚ ਆਪਣਾ ਹੱਥ ਉੱਚਾ ਰੱਖਣ ਦੀ ਕੋਸ਼ਿਸ਼ ਕੀਤੀ ਹੈ ਜਿਹੜਾ ਆਰ ਐੱਸ ਐੱਸ- ਭਾਰਤੀ ਜਨਤਾ ਪਾਰਟੀ ਦੇ ਸਹਿਜੀਵਨ ਨੂੰ ਪਰਿਭਾਸ਼ਤ ਕਰਦਾ ਹੈ। ਅਸਲੀਅਤ ਤਾਂ ਇਹ ਹੈ ਕਿ ਪ੍ਰਧਾਨ ਮੰਤਰੀ ਦੀਆਂ ਸੰਵਿਧਾਨਕ ਜ਼ਿੰਮੇਵਾਰੀਆਂ ਅਤੇ ਨਾਗਪੁਰ ਵਿਚਲੇ ਹੈੱਡਕੁਆਰਟਰ ਵਾਲੀ 'ਸਭਿਆਚਾਰਕ ਸੰਸਥਾ' ਪ੍ਰਤੀ ਸਵੈਮਸੇਵਕ ਵਾਲੀ ਵਫ਼ਾਦਾਰੀ ਦਰਮਿਆਨ ਟਕਰਾਅ ਇੱਕ ਸੁਭਾਵਿਕ ਅਮਲ ਹੈ। ਪ੍ਰਧਾਨ ਮੰਤਰੀ ਵਾਜਪਾਈ ਨੇ ਮੁੱਢ ਤੋਂ ਹੀ ਸਪਸ਼ਟ ਕਰ ਦਿੱਤਾ ਸੀ ਕਿ ਉਨ੍ਹਾਂ ਦੇ ਸੰਵਿਧਾਨਿਕ ਫ਼ਰਜ਼ ਤੇ ਜ਼ਿੰਮੇਵਾਰੀਆਂ ਨੂੰ ਆਰਐੱਸਐੱਸ ਦੀਆਂ ਉਮੀਦਾਂ ਤੇ ਮੰਗਾਂ ਉੱਪਰ ਹਮੇਸ਼ਾਂ ਤਰਜੀਹ ਮਿਲੇਗੀ। ਅਜਿਹੀ ਬੇਬਾਕੀ ਅਤੇ ਦ੍ਰਿੜ੍ਹਤਾ ਦੀ ਉਨ੍ਹਾਂ ਨੂੰ ਕੁਝ ਕੀਮਤ ਵੀ ਤਾਰਨੀ ਪਈ। ਮੋਦੀ ਨੇ ਇਸ ਰਿਸ਼ਤੇ ਸਬੰਧੀ ਜਾਣ-ਬੁੱਝ ਕੇ ਅਸਪਸ਼ਟਤਾ ਬਣਾਈ ਰੱਖੀ ਹੈ; ਉਹ ਵਿੱਚੋਂ ਵਿੱਚੋਂ ਆਰਐੱਸਐੱਸ ਨੂੰ ਵੀ ਲਡਾਉਂਦੇ ਰਹਿੰਦੇ ਹਨ। ਪਰ ਉਨ੍ਹਾਂ ਦੇ ਅਹੁਦੇ ਦਾ ਸੁਭਾਅ ਤੇ ਮਿਜ਼ਾਜ ਹੀ ਅਜਿਹਾ ਹੈ ਕਿ ਦੇਰ-ਸਵੇਰ ਉਨ੍ਹਾਂ ਨੂੰ ਆਪਣੇ ਤੇ ਨਾਗਪੁਰੀ ਸੰਚਾਲਕਾਂ ਦਰਮਿਆਨ ਲਕੀਰ ਖਿੱਚਣੀ ਹੀ ਪੈਣੀ ਸੀ।



ਕੋਵਿੰਦ ਦੀ ਚੋਣ ਕਰਕੇ ਮੋਦੀ ਨੇ ਇਹ ਲਕੀਰ ਖਿੱਚ ਦਿੱਤੀ ਹੈ। ਇਹ ਕਾਰਵਾਈ ਸੰਘ ਸੰਚਾਲਕਾਂ ਨੂੰ ਵੀ ਸਮਝ ਆ ਗਈ ਹੈ ਅਤੇ ਉਨ੍ਹਾਂ ਅੰਦਰ ਇਸ ਤੋਂ ਗੁੱਸਾ ਵੀ ਹੈ। ਕਿਸੇ ਵੀ ਭਾਜਪਾਈ ਪ੍ਰਧਾਨ ਮੰਤਰੀ ਲਈ ਆਰ ਐੱਸ ਐੱਸ, ਕਮਰੇ 'ਚ ਪਸਰੇ ਹਾਥੀ ਵਰਗੀ ਸਮੱਸਿਆ ਰਹੀ ਹੈ ਜਿਸਦੀ ਉਹ ਅਣਦੇਖੀ ਨਹੀਂ ਕਰ ਸਕਦਾ। ਦੂਜੇ ਪਾਸੇ ਇੱਕ ਵੱਖਰੇ ਪਰਿਪੇਖ ਵਿੱਚ ਇਹ ਵੀ ਇੱਕ ਵਿਰੋਧਾਭਾਸ ਹੈ ਕਿ ਆਰਐੱਸਐੱਸ ਵਰਗੀ ਸੰਸਥਾ ਤੋਂ ਤਵੱਕੋ ਵੀ ਕੀਤੀ ਜਾਂਦੀ ਹੈ ਕਿ ਉਹ ਮਨਆਈਆਂ ਕਰਨ ਵਾਲੇ ਪ੍ਰਧਾਨ ਮੰਤਰੀ ਉੱਤੇ ਕੁੰਡੇ ਦਾ ਕੰਮ ਕਰੇ।

20 ਜੁਲਾਈ 2017 ਨੂੰ ਮੋਦੀ ਨੂੰ ਆਪਣਾ ਰਾਸ਼ਟਰਪਤੀ ਮਿਲ ਜਾਵੇਗਾ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਕੋਲ ਆਪਣੇ ਦੋਸਤਾਂ ਅਤੇ ਦੁਸ਼ਮਣਾਂ ਨਾਲ ਸਿੱਝਣ ਲਈ ਮੌਜੂਦ ਵਿਕਲਪਾਂ ਵਿੱਚ ਗੁਣਾਤਮਿਕ ਪਰਿਵਰਤਨ ਆ ਜਾਣਗੇ। ਹਾਲਾਂਕਿ ਪ੍ਰਣਬ ਮੁਖਰਜੀ ਸਖ਼ਤ ਰਾਸ਼ਟਰਪਤੀ ਚਾਹੇ ਨਾ ਸਾਬਿਤ ਹੋਏ ਹੋਣ, ਪਰ ਉਨ੍ਹਾਂ ਨੂੰ ਕੋਈ ਰਬੜ ਦੀ ਮੋਹਰ ਨਹੀਂ ਕਹਿ ਸਕਦਾ ਸੀ। ਪ੍ਰਧਾਨ ਮੰਤਰੀ ਮੋਦੀ ਅਤੇ ਉਨ੍ਹਾਂ ਦੇ ਸਲਾਹਕਾਰ ਰਾਸ਼ਟਰਪਤੀ ਮੁਖਰਜੀ ਨੂੰ ਕਦੇ ਵੀ ਇਉਂ ਹੀ ਨਜ਼ਰਅੰਦਾਜ਼ ਨਹੀਂ ਕਰ ਸਕਦੇ ਸਨ; ਹੁਣ ਉਨ੍ਹਾਂ ਲਈ ਇਹ ਵਿਕਲਪ ਖੁੱਲ੍ਹ ਜਾਵੇਗਾ। ਰਾਸ਼ਟਰੀ ਸੱਤਾ ਦਾ ਤਵਾਜ਼ਨ ਹੁਣ ਪ੍ਰਧਾਨ ਮੰਤਰੀ ਵੱਲ ਝੁਕ ਜਾਵੇਗਾ।

ਪ੍ਰਧਾਨ ਮੰਤਰੀ ਕੋਲ ਅਗਲੇ ਮਹੀਨੇ ਤੋਂ ਆਪਣੇ ਰਾਸ਼ਟਰਪਤੀ ਤੋਂ ਇਲਾਵਾ ਆਪਣਾ ਉਪ-ਰਾਸ਼ਟਰਪਤੀ ਚੁਣਨ ਦਾ ਵਿਕਲਪ ਵੀ ਮੌਜੂਦ ਹੈ। ਵਿਰੋਧੀ ਧਿਰ ਲਈ ਰਾਜ ਸਭਾ ਵਿੱਚ ਜੋ ਸਥਾਨ ਹਾਲੇ ਤਕ ਸੀ, ਉਹ ਵੀ ਬਹੁਤ ਹੱਦ ਤਕ ਸੁੰਗੜ ਜਾਵੇਗਾ। ਚਾਹੇ ਕੁਝ ਵੀ ਆਖੋ, ਹਾਮਿਦ ਅਨਸਾਰੀ ਨੇ ਖ਼ੁਦ ਨੂੰ ਇੱਕ ਵੱਖਰੇ ਮੁਕਾਮ ਉੱਤੇ ਰੱਖਿਆ ਅਤੇ ਗਣਤੰਤਰੀ ਕਦਰਾਂ ਅਤੇ ਜਮਹੂਰੀ ਸੰਵੇਦਨਾਵਾਂ ਲਈ ਖੁੱਲ੍ਹ ਕੇ ਬੋਲਣ ਤੋਂ ਉਨ੍ਹਾਂ ਨੇ ਆਪਣੇ ਆਪ ਨੂੰ ਵਾਂਝਾ ਨਹੀਂ ਕੀਤਾ। ਦਿਮਾਗ਼ ਨੂੰ ਕਸ਼ਟ ਦੇਣ ਵਾਲੀ ਇਹ ਰੁਕਾਵਟ ਵੀ ਇੱਕ ਮਹੀਨੇ ਦੇ ਅੰਦਰ ਖ਼ਤਮ ਹੋ ਜਾਵੇਗੀ।

ਇਸ ਮਗਰੋਂ ਅਗਸਤ ਵਿੱਚ ਸੁਪਰੀਮ ਕੋਰਟ ਵਿੱਚ ਬਦਲਾਅ ਹੋਣ ਵਾਲੇ ਹਨ। ਇਤਫ਼ਾਕਵੱਸ, ਨਿਆਂਪਾਲਿਕਾ ਸੱਤਾ ਦਾ ਇੱਕੋ ਇੱਕ ਅਜਿਹਾ ਥੰਮ੍ਹ ਹੈ ਜੋ ਸਰਕਾਰ ਸਾਹਮਣੇ ਲਿਫ਼ਦਾ ਨਹੀਂ । ਪਰ ਪਿਛਲੇ ਇੱਕ ਅਰਸੇ ਤੋਂ ਨਿਆਂਪਾਲਿਕਾ ਦੀ ਆਵਾਜ਼ ਵਿੱਚ ਇੱਕ ਤਰ੍ਹਾਂ ਦੀ ਖ਼ਾਮੋਸ਼ੀ ਘਰ ਕਰਨ ਲੱਗ ਪਈ ਹੈ। ਕਿਸੇ ਵੀ ਹੋਰ ਸੰਸਥਾ ਵਾਂਗੂੰ ਹੀ ਨਿਆਂਪਾਲਿਕਾ ਦਾ ਮਿਜ਼ਾਜ ਵੀ ਬੈਂਚ ਵਿੱਚ ਸ਼ਾਮਲ ਵਿਅਕਤੀ ਉੱਤੇ ਨਿਰਭਰ ਕਰਦਾ ਹੈ। ਇਸ ਮਾਮਲੇ ਵਿੱਚ ਕੁਝ ਅਫ਼ਵਾਹਾਂ ਉਡ ਰਹੀਆਂ ਹਨ। ਜਿਹੜੇ ਲੋਕ ਮਜ਼ਬੂਤ ਅਤੇ ਜੋਸ਼ੀਲੀ ਨਿਆਂਪਾਲਿਕਾ ਵਿੱਚ ਵਿਸ਼ਵਾਸ ਰੱਖਦੇ ਹਨ, ਉਹ ਖ਼ੁਦ ਨੂੰ ਸੁਖਾਲੀ ਸਥਿਤੀ ਵਿੱਚ ਮਹਿਸੂਸ ਨਹੀਂ ਕਰ ਰਹੇ। ਸੱਤਾਧਾਰੀ ਖੇਮੇ ਨੂੰ ਹੁਣ ਨਿਆਂਪਾਲਿਕਾ ਦੀ ਅਸਹਿਮਤੀ ਜਾਂ ਫਿਟਕਾਰ ਬਾਰੇ ਘੱਟ ਤੋਂ ਘੱਟ ਚਿੰਤਾ ਕਰਨੀ ਪਵੇਗੀ।

ਹੁਣ ਕੇਂਦਰ ਵਿੱਚ ਹੁਕਮਰਾਨ ਪਾਰਟੀ ਹੀ ਛਾਈ ਹੋਈ ਹੈ। ਆਧੁਨਿਕ ਸਿਆਸੀ ਪਾਰਟੀ ਵਾਲੀ ਦਿੱਖ ਦੇ ਬਾਵਜੂਦ ਭਾਜਪਾ ਵਿੱਚ ਹਾਲੇ ਵੀ ਖੁੱਲ੍ਹਾਪਣ ਦਿਖਾਈ ਨਹੀਂ ਦਿੰਦਾ। ਜਦੋਂ ਤੋਂ ਨਰਿੰਦਰ ਮੋਦੀ ਨੇ 2013 ਵਿੱਚ ਭਾਜਪਾ ਉੱਤੇ ਦਬਦਬਾ ਕਾਇਮ ਕੀਤਾ ਅਤੇ 2014 ਵਿੱਚ ਲੋਕ ਸਭਾ ਚੋਣਾਂ ਜਿੱਤ ਕੇ ਆਪਣੀ ਲੀਡਰਸ਼ਿਪ ਉੱਤੇ ਲੋਕਤੰਤਰੀ ਮੋਹਰ ਵੀ ਲਗਵਾ ਲਈ, ਉਦੋਂ ਤੋਂ ਪਾਰਟੀ ਨੇ ਖ਼ੁਦ ਨੂੰ ਦੋਇਮ ਭੂਮਿਕਾ ਵਿੱਚ ਸਵੀਕਾਰ ਕਰ ਲਿਆ ਹੈ। ਪ੍ਰਧਾਨ ਮੰਤਰੀ ਮੋਦੀ ਦੇ ਪਰਛਾਵੇਂ ਤੋਂ ਬਾਹਰ ਭਾਜਪਾ ਪ੍ਰਧਾਨ ਦਾ ਕੋਈ ਸਿਆਸੀ ਰੁਤਬਾ ਨਹੀਂ ਹੈ। ਅਜਿਹਾ ਕੋਈ ਆਗੂ ਨਹੀਂ ਬਚਿਆ ਜਿਸ ਨੂੰ ਪ੍ਰਧਾਨ ਮੰਤਰੀ ਮੋਦੀ ਦੀ ਸਰਦਾਰੀ ਲਈ ਜ਼ਰਾ ਜਿੰਨੀ ਵੀ ਚੁਣੌਤੀ ਸਮਝਿਆ ਜਾ ਸਕੇ। ਵਾਜਪਾਈ ਜਾਂ ਲਾਲ ਕ੍ਰਿਸ਼ਨ ਅਡਵਾਨੀ ਦਾ ਭਾਜਪਾ ਉੱਤੇ ਇੰਨਾ ਦਬਦਬਾ ਕਦੇ ਨਹੀਂ ਸੀ। ਉਨ੍ਹਾਂ ਦੀ ਲੀਡਰਸ਼ਿਪ, ਪਾਰਟੀ ਉੱਤੇ ਨਿਰਭਰ ਸੀ ਅਤੇ ਉਨ੍ਹਾਂ ਦੇ ਅਧਿਕਾਰ ਸੀਮਿਤ ਸਨ। ਨਰਿੰਦਰ ਮੋਦੀ ਦੀ ਅਜਿਹੀ ਕੋਈ ਲਾਚਾਰੀ ਨਹੀਂ ਹੈ।

ਤਿੰਨ ਹੋਰ ਜਮਹੂਰੀ ਸੰਸਥਾਵਾਂ – ਕੈਬਨਿਟ, ਅਫ਼ਸਰ ਸ਼ਾਹੀ ਤੇ ਮੀਡੀਆ – ਆਪਣੀ ਖ਼ੁਸ਼ੀ ਨਾਲ ਨਿਤਾਣੀਆਂ ਹੋ ਗਈਆਂ ਹਨ। ਇਨ੍ਹਾਂ ਤਿੰਨਾਂ ਸੰਸਥਾਵਾਂ ਵਿੱਚ ਜੋ ਕਾਇਰਤਾ ਅਤੇ ਮੌਕਾਪ੍ਰਸਤੀ ਹੁਣ ਦੇਖਣ ਨੂੰ ਮਿਲਦੀ ਹੈ, ਉਹ ਪਹਿਲਾਂ ਕਦੇ ਵੀ ਨਹੀਂ ਸੀ। ਇਨ੍ਹਾਂ ਵਿੱਚ ਪ੍ਰਧਾਨ ਮੰਤਰੀ ਦਾ ਪਿਛਲੱਗ ਬਣਨ ਦੀ ਹੋੜ ਜਿਹੀ ਲੱਗੀ ਹੋਈ ਹੈ।

ਕੁੱਲ ਮਿਲਾ ਕੇ ਇਹ ਸੰਸਥਾਗਤ ਸਮੀਕਰਣ ਅਜਿਹਾ ਹੈ ਜਿਸ ਵਿੱਚ ਦਬਦਬਾ ਕਾਇਮ ਕਰਨ ਲਈ ਲਾਲਚ ਪੈਦਾ ਹੋ ਸਕਦਾ ਹੈ। ਮੋਦੀ ਸਰਕਾਰ ਅਜਿਹੇ ਮੁਸ਼ਕਿਲ ਦੌਰ ਵਿੱਚ ਪ੍ਰਵੇਸ਼ ਕਰ ਰਹੀ ਹੈ ਜਿਸ ਵਿੱਚ ਸਾਰੇ ਵਾਅਦੇ ਅਤੇ ਬਹਾਨੇ ਉਨ੍ਹਾਂ ਦੇ ਹਿਸਾਬ ਨਾਲ ਤੈਅ ਨਹੀਂ ਹੋਣਗੇ।

ਆਰਥਿਕ ਪੱਖ ਤੋਂ ਰੁਜ਼ਗਾਰ ਦੇ ਮੌਕਿਆਂ ਵਿੱਚ ਆਉਣ ਵਾਲੀ ਕਮੀ ਨਿਕਟ ਭਵਿੱਖ ਵਿੱਚ ਚੋਣ ਲਾਭ ਨਹੀਂ ਦੇਵੇਗੀ। ਪੂਰਾ ਕਾਰੋਬਾਰੀ ਭਾਈਚਾਰਾ- ਕਾਰਪੋਰੇਟ, ਵਪਾਰੀ, ਦੁਕਾਨਦਾਰ ਅਤੇ ਉਪਭੋਗਤਾ- ਹਾਲੇ ਦੂਹਰੀ ਮਾਰ ਤੋਂ ਉਭਰ ਨਹੀਂ ਸਕਿਆ। ਨੋਟਬੰਦੀ ਮਗਰੋਂ ਉਸ ਉੱਤੇ ਜੀ ਐੱਸ ਟੀ ਦੀ ਮਾਰ ਪਈ ਹੈ।

ਸਿਆਸੀ ਪੱਖ ਤੋਂ ਮੋਦੀ ਸਰਕਾਰ ਨੇ ਆਪਣੇ ਆਪ ਨੂੰ ਬੇਹੱਦ ਸਮਰੱਥ ਅਤੇ ਘਾਗ ਸਾਬਿਤ ਕੀਤਾ ਹੈ। ਇਹ ਸਮਝਦੀ ਹੈ ਕਿ ਇਸ ਨੇ ਗਾਂਧੀਆਂ ਅਤੇ ਕਾਂਗਰਸ ਨੂੰ ਹੀ ਨਹੀਂ ਸਗੋਂ ਬਾਕੀ ਵਿਰੋਧੀ ਪਾਰਟੀਆਂ ਨੂੰ ਵੀ ਪ੍ਰਭਾਵਹੀਣ ਗੱਠਜੋੜ ਬਣਾ ਦਿੱਤਾ ਹੈ।

ਵੋਟਰਾਂ ਨਾਲ ਨੋਟਬੰਦੀ ਦਾ ਮਖੌਲ ਸਫਲਤਾ-ਪੂਰਬਕ ਕਰਕੇ ਸੱਤਾਧਾਰੀ ਧਿਰ ਨੂੰ ਆਪਣੀ ਸਿਆਣਪ ਉੱਤੇ ਪੂਰਾ ਯਕੀਨ ਹੋ ਗਿਆ ਹੈ। ਉਸ ਨੂੰ ਜਾਪਦਾ ਹੈ ਕਿ ਸਮਾਂ ਤੇ ਇਤਿਹਾਸ ਉਸ ਦੀ ਪਿੱਠ 'ਤੇ ਖੜ੍ਹਾ ਹੈ।

ਇਸ ਅਤਿ ਆਤਮਵਿਸ਼ਵਾਸ ਦਾ ਇੱਕ ਖ਼ਤਰਨਾਕ ਪਹਿਲੂ ਹੈ ਜੋ ਜਾਇਜ਼ ਬੋਧ ਵਿੱਚ ਬਦਲਦਾ ਜਾ ਰਿਹਾ ਹੈ। ਤਾਕਤਵਰ ਨੇਤਾਵਾਂ ਵਿੱਚ ਹੈਂਕੜ ਦਾ ਇੱਕ ਆਭਾਮੰਡਲ ਉਭਰ ਆਉਣਾ ਸੁਭਾਵਿਕ ਹੈ। ਇੱਕ ਮਜ਼ਬੂਤ ਲੋਕਤੰਤਰ ਲਈ ਸੰਸਥਾਗਤ ਜਵਾਬਦੇਹੀ ਲਾਜ਼ਮੀ ਹੈ ਤਾਂ ਜੋ ਕੋਈ ਵੀ ਆਗੂ ਭਾਵੇਂ ਕਿੰਨਾ ਹੀ ਤਾਕਤਵਰ ਕਿਉਂ ਨਾ ਹੋਵੇ, ਉਹ ਆਪੇ ਬੁਣੇ ਮੱਕੜਜਾਲ ਵਿੱਚ ਉਲਝ ਕੇ ਨਾ ਰਹਿ ਜਾਵੇ।

# ਵਧਦਾ ਪਰਵਾਸ: ਮਿਲ ਕੇ ਚੱਲਣ ਦੱਖਣ ਏਸ਼ਿਆਈ ਮੁਲਕ

ਸ਼ਾਹਿਦ ਜਾਵੇਦ ਬਰਕੀ

ਵਿਸ਼ਵੀਕਰਨ ਦੀ ਪ੍ਰਕਿਰਿਆ ਬਹੁਤ ਸਾਰੇ ਤੱਤਾਂ ਦੇ ਮਿਲਣ ਨਾਲ ਹੋਂਦ ਵਿੱਚ ਆਈ ਹੈ। ਇਨ੍ਹਾਂ ਤੱਤਾਂ 'ਚ ਵਸਤਾਂ, ਪੂੰਜੀ, ਸੂਚਨਾ ਤੇ ਤਕਨਾਲੋਜੀ ਦਾ ਮੁਕਾਬਲਤਨ ਆਜ਼ਾਦਾਨਾ ਆਦਾਨ-ਪ੍ਰਦਾਨ ਅਤੇ ਕੌਮਾਂਤਰੀ ਸਰਹੱਦਾਂ ਦੇ ਆਰ-ਪਾਰ ਲੋਕਾਂ ਦਾ ਕੁਝ ਹੱਦ ਤਕ ਪਰਵਾਸ ਸ਼ਾਮਲ ਹਨ। ਇਸ ਅਮਲ ਨੇ ਦੁਨੀਆਂ ਦਾ ਕਾਰੋਬਾਰ ਕਿਵੇਂ ਚੱਲਦਾ ਹੈ, ਇਸ ਦੇ ਤੌਰ-ਤਰੀਕਿਆਂ ਉੱਤੇ ਮਹੱਤਵਪੂਰਨ ਪ੍ਰਭਾਵ ਪਾਇਆ ਹੈ। ਇਸ ਪ੍ਰਕਿਰਿਆ ਨੇ 1980ਵਿਆਂ ਦੇ ਅਖ਼ੀਰ ਵਿੱਚ ਤੇਜ਼ੀ ਫੜਨੀ ਸ਼ੁਰੂ ਕੀਤੀ ਜੋ 2000ਵਿਆਂ ਦੇ ਸ਼ੁਰੂ ਤਕ ਜਾਰੀ ਰਹੀ। ਫਿਰ ਇਸ ਰਫ਼ਤਾਰ ਵਿੱਚ ਵਿਘਨ ਪੈ ਗਿਆ, ਜਿਸ ਨੂੰ ਅਰਥ ਸ਼ਾਸਤਰੀ 'ਵੱਡਾ ਆਰਥਿਕ ਮੰਦਵਾੜਾ' ਦੱਸਦੇ ਹਨ। ਨਤੀਜੇ ਵਜੋਂ ਪੂਰੀ ਦੁਨੀਆਂ ਅੰਦਰ ਜ਼ਬਰਦਸਤ ਮੰਦਵਾੜਾ ਛਾ ਗਿਆ, ਜਿਸ ਕਾਰਨ ਬੇਰੁਜ਼ਗਾਰੀ ਬਹੁਤ ਤੇਜ਼ੀ ਨਾਲ ਵਧੀ। ਹੋਰ ਬਹੁਤ ਸਾਰੇ ਮੰਦਵਾੜਿਆਂ ਦੇ ਉਲਟ, ਜਦੋਂ ਹਾਲਾਤ ਸੁਧਰਨੇ ਸ਼ੁਰੂ ਹੋਏ, ਆਰਥਿਕ ਤੇ ਸਮਾਜਿਕ ਪੱਧਰ 'ਤੇ ਪਹਿਲਾਂ ਵਾਲਾ ਦਰਜਾ ਬਹਾਲ ਨਹੀਂ ਹੋਇਆ। ਇਸ ਦੇ ਨਤੀਜੇ ਸਿਆਸੀ ਤੌਰ 'ਤੇ ਦੂਰਗਾਮੀ ਪ੍ਰਭਾਵ ਪਾਉਣ ਵਾਲੇ ਰਹੇ। ਜੂਨ 2016 ਵਿੱਚ ਬਰਤਾਨਵੀ ਵੋਟਰਾਂ ਨੇ ਰਾਇਸ਼ੁਮਾਰੀ ਦੌਰਾਨ ਯੂਰੋਪੀਅਨ ਯੂਨੀਅਨ (ਈ.ਯੂ.) ਵਿੱਚੋਂ ਆਪਣੇ ਦੇਸ਼ ਨੂੰ ਬਾਹਰ ਕੱਢਣ (ਬ੍ਰੈਗ਼ਜ਼ਿਟ) ਦੇ ਹੱਕ ਵਿੱਚ ਫ਼ਤਵਾ ਦੇ ਦਿੱਤਾ। ਬ੍ਰੈਗ਼ਜ਼ਿਟ ਦੇ ਹੱਕ ਵਿੱਚ ਫ਼ਤਵਾ ਦੇਣ ਵਾਲੇ ਬਰਤਾਨਵੀ ਲੋਕ, ਪੂਰਬੀ ਯੂਰੋਪੀਅਨ ਦੇਸ਼ਾਂ, ਖ਼ਾਸ ਕਰਕੇ ਪੋਲੈਂਡ ਤੋਂ ਹਜ਼ਾਰਾਂ ਲੋਕਾਂ ਦੇ ਬ੍ਰਿਟੇਨ ਵਿੱਚ ਆਉਣ ਤੋਂ ਔਖੇ ਸਨ। ਉਹ ਆਪਣੇ ਦੇਸ਼ ਦੀ ਸਰਕਾਰ ਦਾ ਦੇਸ਼ ਦੀਆਂ ਸਰਹੱਦਾਂ ਉੱਪਰ ਮੁੜ ਕੰਟਰੋਲ ਚਾਹੁੰਦੇ ਸਨ। ਯੂਰੋਪੀਅਨ ਯੂਨੀਅਨ ਹੋਂਦ ਵਿੱਚ ਆਉਣ ਬਾਅਦ, ਇਸ ਵਿੱਚ ਸ਼ਾਮਲ ਦੇਸ਼ਾਂ ਦੇ ਨਾਗਰਿਕਾਂ ਨੂੰ ਇੱਕ-ਦੂਜੇ ਦੇਸ਼ ਵਿੱਚ ਬਗ਼ੈਰ ਵੀਜ਼ੇ ਦੇ ਜਾਣ ਦੀ ਖੁੱਲ੍ਹ ਮਿਲੀ ਹੋਈ ਸੀ, ਜਿਸ ਦਾ ਬਰਤਾਨੀਆ ਅੰਦਰ ਉੱਥੋਂ ਦੇ ਲੋਕਾਂ ਦੇ ਰੁਜ਼ਗਾਰ ਉੱਪਰ ਬਹੁਤ ਮਾੜਾ ਅਸਰ ਪੈ ਰਿਹਾ ਸੀ। ਬਰਤਾਨੀਆ ਵਿੱਚ ਜਿੱਥੇ ਪੂਰਬੀ ਯੂਰੋਪੀਅਨ ਦੇਸ਼ਾਂ ਦੇ ਨਾਗਰਿਕ ਕਾਨੂੰਨੀ ਦਾਇਰੇ ਵਿੱਚ ਦਾਖ਼ਲ ਹੋਏ ਸਨ, ਉੱਥੇ ਅਮਰੀਕਾ ਅੰਦਰ ਮੈਕਸਿਕੋ ਤੇ ਕੇਂਦਰੀ ਅਮਰੀਕੀ ਦੇਸ਼ਾਂ ਤੋਂ ਬਹੁਤ ਸਾਰੇ ਲੋਕ ਬਗ਼ੈਰ ਵੀਜ਼ੇ ਦੇ ਪਹੁੰਚੇ ਹੋਏ ਸਨ। ਇੱਕ ਅੰਦਾਜ਼ੇ ਅਨੁਸਾਰ ਕਰੀਬ ਇੱਕ ਕਰੋੜ ਦਸ ਲੱਖ ਹਿਸਪੈਨਿਕ (ਲਾਤੀਨੀ ਅਮਰੀਕਾ ਦੇ ਸਪੇਨੀ ਭਾਸ਼ਾ ਬੋਲਣ ਵਾਲੇ ਲੋਕ) ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਤੌਰ 'ਤੇ ਪੈਰ ਜਮਾਅ ਚੁੱਕੇ ਹਨ। ਉਨ੍ਹਾਂ ਵਿੱਚੋਂ ਬਹੁਤ ਸਾਰੇ ਅਜਿਹੇ ਕੰਮ ਕਰਦੇ ਹਨ, ਜਿਹੜੇ ਬਹੁਤੇ ਅਮਰੀਕਨ ਕਰਕੇ ਖ਼ੁਸ਼ ਨਹੀਂ ਹੁੰਦੇ। ਬਹੁਤੇ ਅਮਰੀਕਨਾਂ ਵਿੱਚ ਇਹ ਪ੍ਰਭਾਵ ਹੈ ਕਿ ਅਜਿਹੇ ਗ਼ੈਰ-ਕਾਨੂੰਨੀ ਲੋਕਾਂ ਦੀ ਆਮਦ ਕਾਰਨ ਉਨ੍ਹਾਂ ਦੀ ਸਨਅਤ ਦੀ ਦਸ਼ਾ ਬਹੁਤ ਖ਼ਰਾਬ ਹੋ ਗਈ, ਜਿਸ ਕਰਕੇ ਉਨ੍ਹਾਂ ਨੂੰ ਆਪਣੇ ਹੀ ਦੇਸ਼ ਅੰਦਰ ਨੌਕਰੀਆਂ ਦੇ ਮੌਕੇ ਨਹੀਂ ਮਿਲ ਰਹੇ। ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਦੌਰਾਨ ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਨੇ ਇਸ ਮੁੱਦੇ ਨੂੰ ਉਛਾਲਦਿਆਂ ਦੇਸ਼ ਵਾਸੀਆਂ ਨਾਲ ਵਾਅਦਾ ਕੀਤਾ ਕਿ ਜੇ ਉਹ ਸੱਤਾ ਵਿੱਚ ਆਏ ਤਾਂ ਇਨ੍ਹਾਂ 'ਗ਼ੈਰ-ਕਾਨੂੰਨੀਆਂ' ਨੂੰ ਉਨ੍ਹਾਂ ਦੇ ਦੇਸ਼ਾਂ ਵਿੱਚ ਵਾਪਸ ਭੇਜ ਦੇਣਗੇ। ਉਸ ਨੂੰ ਮੰਦਵਾੜੇ ਦੀ ਸ਼ਿਕਾਰ ਪੱਟੀ ਵਿੱਚ ਇਸ ਮੁੱਦੇ ਉੱਪਰ ਭਰਵੀਂ ਹਮਾਇਤ ਮਿਲੀ ਤੇ ਉਹ ਚੋਣ ਜਿੱਤ ਕੇ ਵਾਈਟ ਹਾਊਸ ਵਿੱਚ ਜਾ ਪਹੁੰਚੇ। ਗਰੀਬ ਦੇਸ਼ਾਂ ਵਿੱਚੋਂ ਅਮੀਰ ਮੁਲਕਾਂ ਵੱਲ ਵੱਡੀ ਗਿਣਤੀ ਵਿੱਚ ਜਾਣ ਦੇ ਦੋ ਵੱਖ-ਵੱਖ ਰੁਝਾਨਾਂ ਨਾਲ ਇੱਕ ਹੋਰ ਰੁਝਾਨ, ਉੱਤਰੀ ਅਫ਼ਰੀਕਾ ਦੇ ਮੱਧ ਪੂਰਬ ਦੀਆਂ ਖ਼ਾਨਾਜੰਗੀਆਂ ਦਾ ਜੁੜ ਗਿਆ, ਜਿਸ ਨੇ ਬਹੁਤ ਸਾਰੇ ਭਾਈਚਾਰਿਆਂ ਨੂੰ ਪ੍ਰਭਾਵਿਤ ਕੀਤਾ। ਇਨ੍ਹਾਂ ਖ਼ਿੱਤਿਆਂ ਵਿੱਚ ਖ਼ਾਨਾਜੰਗੀਆਂ ਕਾਰਨ ਲੱਖਾਂ ਲੋਕ ਮਾਰੇ ਗਏ ਅਤੇ ਕਿਤੇ ਜ਼ਿਆਦਾ ਘਰ-ਘਾਟ ਛੱਡ ਕੇ ਉਜੜਨ ਲਈ ਮਜਬੂਰ ਹੋ ਗਏ। ਇਨ੍ਹਾਂ ਵਿੱਚੋਂ ਵੱਡੀ ਗਿਣਤੀ ਲੋਕਾਂ ਨੇ ਯੂਰੋਪ ਵੱਲ ਰੁਖ਼ ਕਰ ਲਿਆ। ਸਾਲ 2016 ਦੌਰਾਨ ਦਸ ਲੱਖ ਤੋਂ ਵੱਧ ਲੋਕਾਂ ਨੇ ਜਰਮਨੀ ਵਿੱਚ ਸ਼ਰਨ ਮੰਗੀ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਾਰੇ ਯੂਰੋਪੀਅਨ ਦੇਸ਼ਾਂ ਦੇ ਮੁਕਾਬਲੇ ਇਸ ਦੇਸ਼ ਅੰਦਰ ਹੀ ਸ਼ਰਨਾਰਥੀਆਂ ਦਾ ਸਭ ਤੋਂ ਵੱਧ ਸਵਾਗਤ ਕੀਤਾ ਜਾਂਦਾ ਸੀ। ਪ੍ਰੰਤੂ ਇਨ੍ਹਾਂ ਸ਼ਰਨਾਰਥੀਆਂ ਦੇ ਹੜ੍ਹ ਨੇ ਬਹੁਤ ਗੰਭੀਰ ਸਿਆਸੀ ਨਤੀਜੇ ਸਾਹਮਣੇ ਲਿਆਂਦੇ। ਬਹੁਤ ਸਾਰੇ ਯੂਰੋਪੀਅਨ ਦੇਸ਼ਾਂ ਦੀ ਸਿਆਸੀ ਪ੍ਰਣਾਲੀ ਉੱਪਰ ਕੌਮਪ੍ਰਸਤੀ ਦਾ ਜਨੂੰਨ ਤੇ ਪਰਦੇਸੀਆਂ ਦੇ ਦਾਖ਼ਲੇ ਖ਼ਿਲਾਫ਼ ਨਫ਼ਰਤ ਭਾਰੂ ਹੋ ਗਈ। ਫਰਾਂਸ ਦੀਆਂ ਰਾਸ਼ਟਰਪਤੀ ਚੋਣਾਂ ਦੌਰਾਨ ਅਜਿਹੀਆਂ ਸ਼ਕਤੀਆਂ ਦੇ ਸੱਤਾ ਵਿੱਚ ਆਉਣ ਦਾ ਖ਼ਦਸ਼ਾ ਉਭਰਿਆ ਸੀ। ਇੱਕ ਇੰਤਹਾਪਸੰਦ ਪਾਰਟੀ ਦੀ ਆਗੂ ਮੈਰੀਨ ਲੀ ਪੈੱਨ ਇਹ ਚੋਣਾਂ ਜਿੱਤ ਸਕਦੀ ਸੀ ਪ੍ਰੰਤੂ ਅਜਿਹਾ ਨਹੀਂ ਵਾਪਰਿਆ। ਅਜੇ ਇਹ ਸਪੱਸ਼ਟ ਨਹੀਂ ਕਿ ਹੋਰ ਯੂਰੋਪੀਅਨ ਦੇਸ਼ਾਂ ਵਿੱਚ ਪਰਦੇਸੀਆਂ ਦੇ ਦਾਖ਼ਲੇ ਖ਼ਿਲਾਫ਼ ਉੱਠਿਆ ਘਿਰਣਾ ਦਾ ਜਵਾਲਾ ਸ਼ਾਂਤ ਹੋ ਚੁੱਕਾ ਹੈ ਜਾਂ ਨਹੀਂ।

ਘਰ-ਬਾਰ ਛੱਡ ਕੇ ਹੋਰ ਦੇਸ਼ਾਂ ਵਿੱਚ ਪਰਵਾਸ ਕਰਨ ਲਈ ਵੱਖ-ਵੱਖ ਕਾਰਨ ਉਕਸਾਹਟ ਪੈਦਾ ਕਰਦੇ ਹਨ। ਇਨ੍ਹਾਂ ਵਿੱਚ ਉਨ੍ਹਾਂ ਦੇਸ਼ਾਂ ਅੰਦਰ ਮਿਲਦੇ ਮੌਕੇ ਵੀ ਸ਼ਾਮਲ ਹਨ। ਜਨਸੰਖਿਆ ਵਿਗਿਆਨ ਵੀ ਆਪਣਾ ਰੋਲ ਨਿਭਾਉਂਦਾ ਹੈ। ਜਿਨ੍ਹਾਂ ਦੇਸ਼ਾਂ ਵਿੱਚ ਆਬਾਦੀ ਦੇ ਵਾਧੇ ਦੀ ਦਰ ਜ਼ਿਆਦਾ ਹੈ, ਉੱਥੋਂ ਦੇ ਲੋਕ ਘੱਟ ਆਬਾਦੀ ਦਰ ਵਾਲੇ ਦੇਸ਼ਾਂ ਵੱਲ ਪਰਵਾਸ ਕਰਦੇ ਹਨ। ਬਹੁਤ ਸਾਰੇ ਯੂਰੋਪੀਅਨ ਦੇਸ਼ਾਂ ਵਿੱਚ ਜਨਸੰਖਿਆ ਵਾਧੇ ਦੀ ਦਰ ਸਿਫ਼ਰ ਤਕ ਪਹੁੰਚ ਚੁੱਕੀ ਹੈ। ਅਜਿਹੇ ਦੇਸ਼ਾਂ ਵਿੱਚ ਜਰਮਨੀ ਵੀ ਸ਼ਾਮਲ ਹੈ। ਇੱਥੇ ਤਾਂ ਹੁਣ ਆਬਾਦੀ ਘਟਣੀ ਸ਼ੁਰੂ ਹੋ ਚੁੱਕੀ ਹੈ।

ਜਿਹੜੇ ਪਰਵਾਸੀਆਂ ਦੇ ਦਾਖ਼ਲੇ ਦਾ ਵਿਰੋਧ ਕਰਦੇ ਹਨ, ਉਨ੍ਹਾਂ ਕੋਲ ਇਸ ਦੇ ਆਪਣੇ ਹੀ ਤਰਕ ਹਨ। ਜੇ ਗ਼ੈਰ-ਗੋਰੇ ਲੋਕ ਆ ਰਹੇ ਹਨ, ਜਿਵੇਂ ਅੱਜਕੱਲ੍ਹ ਜ਼ਿਆਦਾ ਵਾਪਰ ਰਿਹਾ ਹੈ ਤਾਂ ਉਨ੍ਹਾਂ ਦੇ ਪਰਵਾਸ ਖ਼ਿਲਾਫ਼ ਭਾਵਨਾਵਾਂ ਪਿੱਛੇ ਪ੍ਰੇਰਨ ਦਾ ਕਾਰਨ ਨਸਲੀ ਫ਼ਿਕਰਮੰਦੀਆਂ ਹਨ। ਧਰਮ ਵੀ ਆਪਣਾ ਰੋਲ ਨਿਭਾਉਂਦਾ ਹੈ। ਯੂਰੋਪ ਵਿੱਚ ਸ਼ਰਨ ਮੰਗਣ ਵਾਲੇ ਜ਼ਿਆਦਾਤਰ ਮੁਸਲਮਾਨ ਹਨ ਜਿਨ੍ਹਾਂ ਦੇ ਦੇਸ਼ਾਂ ਨੂੰ ਖ਼ਾਨਾਜੰਗੀਆਂ ਨੇ ਬਰਬਾਦ ਕਰ ਦਿੱਤਾ ਹੈ ਅਤੇ ਉਹ ਆਪਣੀ ਜਾਨ ਬਚਾ ਕੇ ਉੱਥੋਂ ਭੱਜ ਰਹੇ ਹਨ। ਇਹ ਵੀ ਖ਼ਦਸ਼ਾ ਪਾਇਆ ਜਾ ਰਿਹਾ ਹੈ ਕਿ ਮੇਜ਼ਬਾਨ ਦੇਸ਼ਾਂ ਨੂੰ ਪਰਵਾਸ ਆਰਥਿਕ ਪੱਖੋਂ ਬਹੁਤ ਮਹਿੰਗਾ ਪਏਗਾ। ਖ਼ੈਰ, ਇਨ੍ਹਾਂ ਵਿੱਚੋਂ ਕੁਝ ਖ਼ਦਸ਼ੇ ਨਿਰਮੂਲ ਪਾਏ ਗਏ ਹਨ। ਇੱਕ ਮਹੱਤਵਪੂਰਨ ਮਾਮਲਾ ਕੈਨੇਡਾ ਦਾ ਹੈ, ਜਿਸ ਦੀ ਪੜਚੋਲ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉੱਥੇ ਪਰਵਾਸੀ, ਉੱਥੋਂ ਦੇ ਲੋਕਾਂ ਲਈ ਫ਼ਾਇਦੇਮੰਦ ਹਨ। ਬਹੁਤ ਸਤਿਕਾਰੇ ਜਾਂਦੇ ਮੈਗਜ਼ੀਨ 'ਫੌਰੇਨ ਅਫੇਅਰ' ਦੇ ਮੈਨੇਜਿੰਗ ਐਡੀਟਰ ਜੋਨਾਥਨ ਟੈਂਪਰਮੈਨ ਲਿਖਦੇ ਹਨ, "ਕੈਨੇਡਾ ਦੀਆਂ ਪਰਵਾਸ ਬਾਰੇ ਨੀਤੀਆਂ ਕੋਮਲਤਾ ਉੱਤੇ ਨਹੀਂ, ਸਗੋਂ ਤਰਕ-ਆਧਾਰਿਤ ਹਨ। ਇਸੇ ਕਾਰਨ ਕੈਨੇਡਾ ਹੁਣ ਵਿਸ਼ਵ ਦੀ ਸਭ ਤੋਂ ਖ਼ੁਸ਼ਹਾਲ ਅਤੇ ਸਫਲ ਪਰਵਾਸੀ ਆਬਾਦੀ ਹੋਣ ਦਾ ਦਾਅਵਾ ਕਰਦਾ ਹੈ। ਇਸ ਦੀ ਪੁਸ਼ਟੀ ਪਰਵਾਸੀਆਂ ਦੀ ਗਿਣਤੀ ਤੋਂ ਹੁੰਦੀ ਹੈ।

ਸਾਲ-2016 ਦੌਰਾਨ ਕੈਨੇਡਾ ਵਿੱਚ 3,20,000 ਪਰਵਾਸੀ ਪਹੁੰਚੇ। ਕੈਨੇਡਾ ਵਿੱਚ ਪਰਵਾਸੀ ਪਹੁੰਚਣ ਦੀ ਇਹ ਦਰ, ਵਿਸ਼ਵ ਵਿੱਚ ਸਭ ਤੋਂ ਵੱਧ ਹੈ। ਇਹ ਦਰ ਅਮਰੀਕਾ ਨਾਲੋਂ ਤਿੰਨ ਗੁਣਾਂ ਵੱਧ ਹੈ। ਕੈਨੇਡਾ ਵਿੱਚ ਵੀਹ ਫ਼ੀਸਦੀ ਤੋਂ ਵੱਧ ਆਬਾਦੀ ਵਿਦੇਸ਼ੀਆਂ ਦੇ ਇੱਥੇ ਜਨਮ ਲੈਣ ਵਾਲਿਆਂ ਦੀ ਹੈ। ਅਮਰੀਕਾ ਦੇ ਮੁਕਾਬਲੇ ਇਹ ਗਿਣਤੀ ਕਰੀਬ ਦੁੱਗਣੀ ਹੈ। ਮਹੱਤਵਪੂਰਨ ਗੱਲ ਇਹ ਵੀ ਹੈ ਕਿ ਕੈਨੇਡੀਅਨ ਆਪਣੀ ਹਾਲਤ ਉੱਪਰ ਨਾਖ਼ੁਸ਼ ਵੀ ਨਹੀਂ ਹਨ। ਹੁਣੇ ਜਿਹੇ ਕਰਵਾਏ ਗਏ ਇੱਕ ਸਰਵੇਖਣ ਅਨੁਸਾਰ 82 ਫ਼ੀਸਦੀ ਮੂਲ ਨਿਵਾਸੀ, ਪਰਵਾਸੀਆਂ ਬਾਰੇ ਉਸਾਰੂ ਵਿਚਾਰ ਰੱਖਦੇ ਹਨ। ਦੋ-ਤਿਹਾਈ ਮੂਲ ਨਿਵਾਸੀ ਬਹੁ-ਸਭਿਆਚਾਰਵਾਦ ਨੂੰ ਕੈਨੇਡਾ ਦੀ ਆਕਰਸ਼ਕ ਪਛਾਣ ਮੰਨਦੇ ਹਨ। 1960ਵਿਆਂ ਦੇ ਮੱਧ ਤੋਂ ਕੈਨੇਡਾ ਵਿੱਚ ਦਾਖ਼ਲ ਹੋਣ ਵਾਲੇ ਬਹੁਗਿਣਤੀ ਪਰਵਾਸੀ ਆਰਥਿਕ ਆਧਾਰ 'ਤੇ ਦਾਖ਼ਲ ਕੀਤੇ ਗਏ ਸਨ।

ਉਨ੍ਹਾਂ ਨੂੰ ਜਿਹੜੇ 9 ਨੁਕਾਤੀ ਮਾਪਦੰਡਾਂ ਤਹਿਤ ਦਾਖ਼ਲੇ ਲਈ ਪਰਖਿਆ ਗਿਆ ਸੀ, ਉਨ੍ਹਾਂ ਵਿੱਚ ਨਸਲ, ਧਰਮ, ਰੰਗ ਨਜ਼ਰਅੰਦਾਜ਼ ਕੀਤੇ ਗਏ ਅਤੇ ਸਿੱਖਿਆ, ਮੁਹਾਰਿਤ ਤੇ ਭਾਸ਼ਾ ਨੂੰ ਤਰਜੀਹ ਦਿੱਤੀ ਗਈ। ਨਤੀਜਾ ਇਹ ਹੈ ਕਿ ਕੈਨੇਡਾ ਵਿੱਚ ਦਖ਼ਲ ਹੋਣ ਵਾਲੇ ਸਾਰੇ ਪਰਵਾਸੀਆਂ ਦੇ ਕਰੀਬ ਅੱਧੇ ਕਾਲਜ ਡਿਗਰੀਆਂ ਪ੍ਰਾਪਤ ਹਨ ਜਦੋਂਕਿ ਅਮਰੀਕਾ ਵਿੱਚ ਇਹ ਗਿਣਤੀ 27 ਫ਼ੀਸਦੀ ਹੈ। ਕੈਨੇਡਾ ਵਿੱਚ ਦਾਖ਼ਲ ਹੋ ਰਹੇ ਪਰਵਾਸੀ, ਅਮਰੀਕਾ ਦੇ ਮੁਕਾਬਲੇ ਵਧੇਰੇ ਸਫ਼ਲ ਹਨ। ਕੈਨੇਡਾ ਵਿੱਚ ਕਰੀਬ ਵੀਹ ਫ਼ੀਸਦੀ ਪਰਵਾਸੀਆਂ ਕੋਲ ਆਪਣੇ ਘਰ ਹਨ।

ਇੱਕ ਦੇਸ਼ ਦਾ ਉਸਾਰੂ ਤਜਰਬਾ ਲੱਖਾਂ ਦੱਖਣ ਏਸ਼ਿਆਈ ਦੇਸ਼ਾਂ ਦੇ ਪਰਵਾਸੀਆਂ ਨੂੰ ਆਪਣੇ ਵੱਲ ਕਿਵੇਂ ਆਕਰਸ਼ਿਤ ਕਰ ਸਕਿਆ ਹੈ, ਵਿਸ਼ਵ ਲੋਕ ਨੀਤੀ ਬਣਾਉਣ ਲਈ ਸੇਧ ਦਿੰਦਾ ਹੈ।

# ਕਸ਼ਮੀਰ ਦੀ ਕਹਾਣੀ ਨੂੰ ਨਵਾਂ ਰੂਪ ਦੇਣ ਦਾ ਸਮਾਂ

**ਜੀ. ਪਾਰਥਾਸਾਰਥੀ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 26 ਜੂਨ ਨੂੰ ਵਾਈਟ ਹਾਊਸ ਵਿੱਚ ਪਹੁੰਚਣ ਤੋਂ ਮਸਾਂ ਦੋ ਘੰਟੇ ਪਹਿਲਾਂ ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਮੁਹੰਮਦ ਯੂਸਫ਼ ਸ਼ਾਹ, ਜਿਸ ਨੂੰ ਮਕਬੂਜ਼ਾ ਕਸ਼ਮੀਰ ਆਧਾਰਿਤ ਦਹਿਸ਼ਤਗਰਦ ਜਥੇਬੰਦੀ 'ਹਿਜ਼ਬ-ਉਲ-ਮੁਜਾਹਿਦੀਨ ਦੇ ਮੁਖੀ ਸਈਦ ਸਾਲਾਹੂਦੀਨ ਵਜੋਂ ਜਾਣਿਆ ਜਾਂਦਾ ਹੈ, ਨੂੰ 'ਵਿਸ਼ੇਸ਼ ਤੌਰ 'ਤੇ ਮਨੋਨੀਤ ਕੌਮਾਤਰੀ ਦਹਿਸ਼ਤਗਰਦ' ਐਲਾਨ ਦਿੱਤਾ। ਅਜਿਹਾ ਐਲਾਨਣ ਦਾ ਕਾਰਨ ਉਸ ਵੱਲੋਂ ਕੀਤੀਆਂ ਜਾ ਰਹੀਆਂ ਦਹਿਸ਼ਤੀ ਕਾਰਵਾਈਆਂ ਨੂੰ ਅਮਰੀਕੀ ਨਾਗਰਿਕਾਂ ਦੀ ਜਾਨ ਲਈ ਖ਼ਤਰਾ ਦੱਸਿਆ ਗਿਆ। ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਇਹ ਵੀ ਦੋਸ਼ ਲਾਏ ਕਿ ਉਸ ਨੇ ਸਤੰਬਰ 2016 ਵਿੱਚ ਇਹ ਵੀ ਐਲਾਨ ਕੀਤਾ ਸੀ ਕਿ ਕਸ਼ਮੀਰ ਵਿਵਾਦ ਦੇ ਹੱਲ ਲਈ ਜੇ ਕੋਈ ਸਮਝੌਤਾ ਹੋਇਆ ਤਾਂ ਉਹ ਉਸ ਨੂੰ ਸਿਰੇ ਨਹੀਂ ਚੜ੍ਹਨ ਦੇਵੇਗਾ। ਉਸ ਨੇ ਇਹ ਵੀ ਧਮਕੀ ਦਿੱਤੀ ਸੀ ਕਿ ਉਹ ਹੋਰ ਕਸ਼ਮੀਰੀ ਫਿਦਾਈਨ ਹਮਲਾਵਰ ਤਿਆਰ ਕਰੇਗਾ ਅਤੇ ਕਸ਼ਮੀਰ ਵਾਦੀ ਨੂੰ 'ਭਾਰਤੀ ਫ਼ੌਜੀ ਜਵਾਨਾਂ ਦੇ ਕਬਰਿਸਤਾਨ' ਵਿੱਚ ਤਬਦੀਲ ਕਰ ਦੇਵੇਗਾ।

ਕਸ਼ਮੀਰ ਵਾਦੀ ਵਿੱਚ ਬਣੇ 'ਮੁਸਲਿਮ ਯੂਨਾਈਟਿਡ ਫਰੰਟ' (ਐਮ.ਯੂ.ਐਫ.) ਦਾ ਸਾਲਾਹੂਦੀਨ ਮੈਂਬਰ ਹੁੰਦਾ ਸੀ ਅਤੇ ਉਸ ਨੇ 1987 ਵਿੱਚ ਵਿਧਾਨ ਸਭਾ ਚੋਣਾਂ ਲੜੀਆਂ ਸਨ। ਇਹ ਫਰੰਟ ਨੈਸ਼ਨਲ ਕਾਨਫਰੰਸ ਦੇ ਸੱਤਾ-ਕਾਲ ਵਿੱਚ ਭ੍ਰਿਸ਼ਟਾਚਾਰ ਦਾ ਵਿਰੋਧ ਕਰਨ ਲਈ ਹੋਂਦ ਵਿੱਚ ਆਇਆ ਸੀ। ਦਿਲਚਸਪ ਗੱਲ ਇਹ ਹੈ ਕਿ ਸੱਯਦ ਅਲੀ ਸ਼ਾਹ ਗਿਲਾਨੀ ਦੀ ਅਗਵਾਈ ਵਾਲੀ ਰੂੜੀਵਾਦੀ ਤੇ ਪਾਕਿਸਤਾਨੀ ਸਮਰਥਨ ਪ੍ਰਾਪਤ ਜਮਾਤ-ਏ-ਇਸਲਾਮੀ, ਉਸ ਸਮੇਂ ਨੈਸ਼ਨਲ ਕਾਨਫਰੰਸ ਦੇ ਖ਼ਿਲਾਫ਼ ਖੁੱਲ੍ਹ ਕੇ ਸਾਹਮਣੇ ਨਹੀਂ ਆ ਰਹੀ ਸੀ। ਸਾਲਾਹੂਦੀਨ ਨੇ 1987 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਹਿੱਸਾ ਲਿਆ, ਜਿਨ੍ਹਾਂ ਵਿੱਚ ਖੁੱਲ੍ਹ ਕੇ ਚੋਣ ਧਾਂਦਲੀਆਂ ਹੋਈਆਂ ਅਤੇ ਉਹ ਆਪਣੀ ਸੀਟ 'ਤੇ ਚੋਣ ਹਾਰ ਗਿਆ, ਹਾਲਾਂਕਿ ਉਸ ਦੀ ਜਿੱਤ ਯਕੀਨੀ ਨਜ਼ਰ ਆ ਰਹੀ ਸੀ।

ਚੋਣ ਸਿਆਸਤ ਤੋਂ ਨਿਰਾਸ਼ ਹੋ ਕੇ ਸਾਲਾਹੂਦੀਨ ਕੰਟਰੋਲ ਰੇਖਾ ਪਾਰ ਕਰ ਗਿਆ, ਜਿਸ ਨੂੰ ਪਾਕਿ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ. ਨੇ ਭਰਵਾਂ ਸਹਿਯੋਗ ਦਿੱਤਾ। ਛੇਤੀ ਬਾਅਦ ਉਹ ਆਈ.ਐਸ.ਆਈ. ਦੀ ਸਰਪ੍ਰਸਤੀ ਵਾਲੀ ਦਹਿਸ਼ਤੀ ਜਥੇਬੰਦੀ ਹਿਜ਼ਬ-ਉਲ-ਮੁਜਾਹਿਦੀਨ ਅਤੇ ਲਸ਼ਕਰ-ਏ-ਤੋਇਬਾ ਤੇ ਹਰਕਤ-ਉਲ-ਮੁਜਾਹਿਦੀਨ ਵਰਗੀਆਂ ਜਥੇਬੰਦੀਆਂ ਨੂੰ ਮਿਲਾ ਕੇ ਬਣੀ 15-ਮੈਂਬਰੀ 'ਯੂਨਾਈਟਿਡ ਜਹਾਦ ਕੌਂਸਲ' ਦਾ ਮੁਖੀ ਬਣ ਗਿਆ। ਉਹ ਉਸ ਸਮੇਂ ਤੋਂ ਕਸ਼ਮੀਰ ਦੀ ਵੱਖਵਾਦੀ ਹਿੰਸਾ ਅਤੇ ਅਲ-ਕਾਇਦਾ ਤੇ ਤਾਲਿਬਾਨ ਵਰਗੇ ਜੰਗ ਐਲਾਨਣ ਵਾਲੇ ਕੌਮਾਂਤਰੀ ਦਹਿਸ਼ਤਗਰਦ ਗਰੁੱਪਾਂ ਨਾਲ ਜੁੜਿਆ ਹੋਇਆ ਹੈ। ਉਸ ਨੇ ਇਹ ਐਲਾਨ ਕੀਤਾ ਸੀ ਕਿ ਜੇ ਅਲ-ਕਾਇਦਾ, ਤਾਲਿਬਾਨ ਜਾਂ ਹੋਰ ਕੋਈ ਜਥੇਬੰਦੀ ਜਾਂ ਦੇਸ਼, ਲਿਤਾੜੇ ਹੋਏ ਕਸ਼ਮੀਰੀਆਂ ਦੀ ਮਦਦ ਲਈ ਨਿੱਤਰੇਗਾ, ਉਸ ਦਾ ਸਵਾਗਤ ਕੀਤਾ ਜਾਵੇਗਾ। ਸਾਲਾਹੂਦੀਨ ਵੀ ਹਥਿਆਰਬੰਦ ਜਥੇਬੰਦੀਆਂ ਵਿੱਚ ਆਪਣਾ ਉਸ ਤਰ੍ਹਾਂ ਦਾ ਸਥਾਨ ਬਣਾ ਗਿਆ ਸੀ ਜਿਵੇਂ ਦੱਖਣੀ ਕਸ਼ਮੀਰ ਵਿੱਚ ਨਵੇਂ 'ਸੋਸ਼ਲ ਮੀਡੀਆ ਜਹਾਦੀ', ਜਿਵੇਂ ਬੁਰਹਾਨ ਵਾਨੀ, ਉਭਰੇ ਹਨ।

ਕਸ਼ਮੀਰ ਵਿੱਚ 1990ਵਿਆਂ ਦੌਰਾਨ 'ਜਹਾਦ' ਨੇ ਬਹੁਤ ਉਤਰਾਅ-ਚੜ੍ਹਾਅ ਵੇਖੇ। ਕਸ਼ਮੀਰੀਆਂ ਦੇ ਹਿੰਸਾ ਤੋਂ ਅੱਕਣ ਕਾਰਨ, ਇਸ ਮੂਵਮੈਂਟ ਉਪਰ ਪਾਕਿਸਤਾਨ ਦੇ ਜਿਹਾਦੀ ਕੌਮਾਂਤਰੀ ਦਹਿਸ਼ਤਗਰਦ ਜਥੇਬੰਦੀਆਂ 'ਜੈਸ਼-ਏ-ਮੁਹੰਮਦ' ਤੇ ਲਸ਼ਕਰ-ਏ-ਤੋਇਬਾ ਭਾਰੂ ਹੋ ਗਈਆਂ। ਸੁਰੱਖਿਆ ਬਲਾਂ ਨੇ ਪਿਛਲੇ ਸਾਲ ਬੁਰਹਾਨ ਵਾਨੀ ਅਤੇ ਕੁਝ ਹਫਤੇ ਪਹਿਲਾਂ ਉਸ ਦੇ ਵਾਰਿਸ, ਸਬਜ਼ਾਰ ਅਹਿਮਦ ਭੱਟ ਨੂੰ ਮਾਰ ਮੁਕਾਇਆ। ਇਹ ਲੱਗਦਾ ਹੈ ਕਿ ਦੱਖਣੀ ਕਸ਼ਮੀਰ ਦਾ 'ਜਹਾਦ' ਬਹੁਤ ਕਮਜ਼ੋਰ ਪੈ ਗਿਆ ਹੈ ਅਤੇ ਪਾਕਿਸਤਾਨ ਨੂੰ ਆਪਣੇ ਪੰਜਾਬੀ ਜਹਾਦੀਆਂ ਉਪਰ ਫਿਰ ਨਿਰਭਰ ਹੋਣ ਲਈ ਮਜਬੂਰ ਹੋਣਾ ਪਿਆ ਹੈ। ਅਗਲੇ ਦੋ ਸਾਲਾਂ ਅੰਦਰ ਦੱਖਣੀ ਕਸ਼ਮੀਰ ਦੇ ਨਵੇਂ ਜਹਾਦੀ ਵੀ ਉਵੇਂ ਹੀ ਹਾਸ਼ੀਏ ਉਪਰ ਚਲੇ ਜਾਣਗੇ ਜਿਵੇਂ 1990ਵਿਆਂ ਵਿੱਚ ਉਭਰੇ ਹਥਿਆਰਬੰਦ ਧੜਿਆਂ ਨਾਲ ਜੁੜੇ ਜਿਹਾਦੀ ਨੁੱਕਰੇ ਲੱਗੇ ਸਨ।

ਜੰਮੂ-ਕਸ਼ਮੀਰ ਹੀ ਇਕਲੌਤਾ ਅਜਿਹਾ ਰਜਵਾੜਾ ਸੂਬਾ ਰਹਿ ਗਿਆ ਹੈ, ਜਿਹੜਾ ਭਾਰਤ ਵਿੱਚ ਸ਼ਾਮਲ ਹੋਣ ਦੇ ਬਾਅਦ ਹੁਣ ਤਕ ਹਿੰਸਾ ਤੇ ਤਣਾਅ ਦਾ ਸ਼ਿਕਾਰ ਬਣਿਆ ਹੋਇਆ ਹੈ। ਅਮਰੀਕਾ ਦੇ ਰਾਜਦੂਤ ਲੌਇ ਹੈਂਡਰਸਨ ਨੇ ਮਈ 1950 ਵਿੱਚ ਤਤਕਾਲੀ ਮੁੱਖ ਮੰਤਰੀ ਸ਼ੇਖ਼ ਅਬਦੁੱਲਾ ਨਾਲ ਮੁਲਾਕਾਤ ਬਾਅਦ ਆਪਣੀ ਰਿਪੋਰਟ ਵਿੱਚ ਲਿਖਿਆ ਸੀ: "ਸ਼ੇਖ਼ ਅਬਦੁੱਲਾ ਕਸ਼ਮੀਰ ਦੇ ਭਵਿੱਖ ਦੀਆਂ ਗੱਲਾਂ ਕਰਦਾ ਹੈ, ਆਜ਼ਾਦੀ ਦੇ ਆਪਣੇ ਵਿਚਾਰਾਂ ਨੂੰ ਖੁੱਲ੍ਹ ਕੇ ਪ੍ਰਗਟਾਅ ਰਿਹਾ ਹੈ; ਇੱਥੋਂ ਦੀ ਬਹੁਤ ਵੱਡੀ ਗਿਣਤੀ ਆਬਾਦੀ ਦੀ ਆਜ਼ਾਦੀ ਖਾਹਿਸ਼ ਹੋਣ ਦਾ ਦਾਅਵਾ ਕਰ ਰਿਹਾ ਹੈ ਅਤੇ ਉਸ ਨੂੰ ਭਰੋਸਾ ਹੈ ਕਿ ਮਕਬੂਜ਼ਾ ਕਸ਼ਮੀਰ ਦੇ ਕੁਝ ਮੰਤਰੀ ਵੀ ਇਹੀ ਚਾਹੁੰਦੇ ਹਨ।" ਸ਼ੇਖ਼ ਅਬਦੁੱਲਾ ਦੀ ਇਹ ਆਵਾਜ਼ 1953 ਵਿੱਚ ਅਮਰੀਕੀ ਸਿਆਸਤਦਾਨ ਐਡਲਾਈ ਸਟੀਵਨਸਨ ਦੀਆਂ ਭਾਵਨਾਵਾਂ ਵਰਗੀ ਸੀ, ਜਿਸ ਨੂੰ ਲੰਬਾ ਸਮਾਂ ਬੰਦੀ ਬਣਾ ਕੇ ਰੱਖਿਆ ਗਿਆ ਸੀ।

ਪਾਕਿਸਤਾਨ ਦੀ 1971 ਦੀ ਜੰਗ ਵਿੱਚ ਸ਼ਰਮਨਾਕ ਹਾਰ ਹੋਣ ਅਤੇ ਸ਼ਿਮਲਾ ਸਮਝੌਤੇ ਉਪਰ ਦਸਤਖ਼ਤ ਹੋਣ ਬਾਅਦ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ




ਗਾਂਧੀ ਨੇ ਫ਼ੈਸਲਾ ਕੀਤਾ ਸੀ ਕਿ ਸ਼ੇਖ਼ ਅਬਦੁੱਲਾ ਦਾ ਭਾਰਤ ਦੇ ਕੌਮੀ ਮੰਚ ਉਪਰ ਵੱਕਾਰ ਮੁੜ ਬਹਾਲ ਕੀਤਾ ਜਾਣਾ ਚਾਹੀਦਾ ਹੈ। ਅਜਿਹਾ ਇੰਦਰਾ ਗਾਂਧੀ ਦੇ ਪ੍ਰਤੀਨਿਧ ਜੀ. ਪਾਰਥਾਸਾਰਥੀ ਅਤੇ ਸ਼ੇਖ਼ ਅਬਦੁੱਲਾ ਦੇ ਪ੍ਰਤੀਨਿਧ ਮਿਰਜ਼ਾ ਅਫਜ਼ਲ ਬੇਗ ਵਿਚਕਾਰ ਲੰਮੀਆਂ ਮੁਲਾਕਾਤਾਂ ਦੌਰਾਨ ਸਹਿਮਤੀਆਂ ਬਣਨ ਬਾਅਦ ਵਾਪਰਿਆ। ਸ਼ੇਖ਼ ਅਬਦੁੱਲਾ ਸੰਵਿਧਾਨ ਦੀ ਧਾਰਾ 370 ਅਤੇ ਇਸ ਨਾਲ ਜੁੜੀਆਂ ਸਾਰੀਆਂ ਵਿਵਸਥਾਵਾਂ ਮੰਨਣ ਲਈ ਸਹਿਮਤ ਹੋ ਗਿਆ ਸੀ। ਸਿੱਟੇ ਵਜੋਂ ਜੰਮੂ-ਕਸ਼ਮੀਰ ਸੁਪਰੀਮ ਕੋਰਟ ਅਤੇ ਕੇਂਦਰੀ ਚੋਣ ਕਮਿਸ਼ਨ ਦੀਆਂ ਤਾਕਤਾਂ ਦੇ ਮੁੱਦਿਆਂ ਉਪਰ ਕੌਮੀ ਮੁੱਖ ਧਾਰਾ ਵਿੱਚ ਸ਼ਾਮਲ ਹੋ ਗਿਆ। ਸਮਝੌਤੇ ਨੇ ਇਹ ਯਕੀਨੀ ਬਣਾਇਆ ਕਿ ਜੰਮੂ-ਕਸ਼ਮੀਰ ਦੀ ਭਾਰਤੀ ਯੂਨੀਅਨ ਨਾਲ ਇਕਮੁੱਠਤਾ ਤੋਂ ਪਿਛਾਂਹ ਨਹੀਂ ਹਟਿਆ ਜਾਏਗਾ।

ਵੱਖਵਾਦੀ ਆਲ ਪਾਰਟੀ ਹੁਰੀਅਤ ਕਾਨਫਰੰਸ ਦੇ ਆਗੂਆਂ ਨਾਲ ਗੱਲਬਾਤ ਕਰਨ ਦੀ ਸਲਾਹ ਮੰਨਣ ਤੋਂ ਨਾਂਹ ਕੀਤੇ ਜਾਣ ਕਾਰਨ ਮੋਦੀ ਸਰਕਾਰ ਦੀ ਦੇਸ਼ ਅੰਦਰ ਆਲੋਚਨਾ ਹੁੰਦੀ ਆ ਰਹੀ ਹੈ। ਇਹ ਗੱਲ ਵੀ ਆਮ ਕਹੀ ਜਾਂਦੀ ਹੈ ਕਿ ਮੀਰਵਾਈਜ਼ ਉਮਰ ਫਾਰੂਕ ਤੇ ਸੱਯਦ ਅਲੀ ਸ਼ਾਹ ਗਿਲਾਨੀ ਦੀ ਅਗਵਾਈ ਵਾਲੇ ਧੜਿਆਂ ਵਾਲੀ ਪਾਰਟੀ ਹੁਰੀਅਤ ਕਾਨਫਰੰਸ ਇੱਕ ਤਰ੍ਹਾਂ ਨਾਲ ਪਾਕਿਸਤਾਨ ਦੇ ਏਜੰਟ ਵਜੋਂ ਵਿਚਰਦੀ ਆ ਰਹੀ ਹੈ, ਜਿਸ ਕਾਰਨ ਵਾਦੀ ਵਿੱਚ ਹਿੰਸਾ ਫੈਲੀ ਹੋਈ ਹੈ। ਪਾਕਿਸਤਾਨ ਦੇ ਇਨ੍ਹਾਂ ਦੋਵਾਂ ਆਗੂਆਂ ਨਾਲ ਸਬੰਧ ਛਿਪੇ ਹੋਏ ਨਹੀਂ। ਹਿਜ਼ਬ-ਉਲ-ਮੁਜਾਹਿਦੀਨ ਦੇ ਇੱਕ ਮੈਂਬਰ ਨੇ ਮੀਰਵਾਈਜ਼ ਉਮਰ ਦੇ ਪਿਤਾ ਮੀਰਵਾਈਜ਼ ਮੁਹੰਮਦ ਫਾਰੂਕ ਦੀ 1994 ਵਿੱਚ ਹੱਤਿਆ ਕਰ ਦਿੱਤੀ ਸੀ। ਮੀਰਵਾਈਜ਼ ਉਮਰ, ਜਿਹੜੇ ਭਾਰਤ ਤੇ ਸੁਰੱਖਿਆ ਬਲਾਂ ਖ਼ਿਲਾਫ਼ ਹਰੇਕ ਜੁੰਮੇ ਦੀ ਨਮਾਜ਼ ਮੌਕੇ ਲੋਕਾਂ ਨੂੰ ਭੜਕਾ ਕੇ ਭੀੜਾਂ ਜੁਟਾਉਂਦੇ ਆ ਰਹੇ ਹਨ, ਨੇ ਆਪਣੇ ਪਿਤਾ ਦੇ ਹੱਤਿਆਰਿਆਂ ਖ਼ਿਲਾਫ਼ ਉਸ ਸਮੇਂ ਆਵਾਜ਼ ਨਹੀਂ ਉਠਾਈ ਸੀ। ਇਸ ਦੇ ਉਲਟ, ਉਨ੍ਹਾਂ ਨੂੰ ਕੰਟਰੋਲ ਰੇਖਾ ਦੇ ਪਾਰੋਂ ਸਰਪ੍ਰਸਤੀ ਤੇ ਸੁਰੱਖਿਆ ਮਿਲਣ ਵਾਲੇ ਵਜੋਂ ਜਾਣਿਆ ਜਾਂਦਾ ਹੈ।

ਸੱਯਦ ਅਲੀ ਸ਼ਾਹ ਗਿਲਾਨੀ ਨੇ ਪਾਕਿਸਤਾਨ ਦੀ ਫ਼ੌਜ ਦੀ ਸਰਪ੍ਰਸਤੀ ਵਾਲੀ ਉੱਥੋਂ ਦੀ ਜਥੇਬੰਦੀ ਜਮਾਤ-ਏ-ਇਸਲਾਮੀ ਨਾਲ ਆਪਣੀ ਸਾਂਝ ਕਿਸੇ ਕੋਲੋਂ ਛਿਪਾ ਕੇ ਨਹੀਂ ਰੱਖੀ। ਐਨ.ਆਈ.ਏ., ਸੀ.ਬੀ.ਆਈ., ਖ਼ੁਫ਼ੀਆ ਏਜੰਸੀਆਂ ਤੇ ਐਨਫੋਰਸਮੈਂਟ ਡਾਇਰੈਕਟੋਰੇਟ ਕੋਲ ਸਮੁੱਚੀ ਹੁਰੀਅਤ ਲੀਡਰਸ਼ਿਪ ਦੇ ਦੇਸ਼ ਨਾਲ ਗ਼ੱਦਾਰੀ ਤੇ ਧਨ ਜੁਟਾਉਣ ਦੇ ਕਾਫ਼ੀ ਸਬੂਤ ਹਨ। ਇਹ ਮਕਬੂਜ਼ਾ ਕਸ਼ਮੀਰ ਅਤੇ ਗਿਲਗਿਤ-ਬਾਲਟਿਸਤਾਨ ਵਿੱਚ ਉੱਥੋਂ ਦੀਆਂ ਸਰਕਾਰਾਂ ਵੱਲੋਂ ਕੀਤੀਆਂ ਜਾ ਰਹੀਆਂ, ਉੱਥੋਂ ਦੇ ਲੋਕਾਂ ਉਪਰ ਜ਼ਿਆਦਤੀਆਂ ਭੁੱਲ ਗਏ ਹਨ। ਪਾਕਿਸਤਾਨੀ ਫ਼ੌਜ ਉਸ ਸਮੇਂ ਤਕ <ੌਨਏ>ਦਹਿਸ਼ਤਗਰਦੀ ਦੀ ਹਮਾਇਤ ਬੰਦ ਨਹੀਂ ਕਰੇਗੀ ਜਦੋਂ ਤਕ ਇਸ ਵੱਲੋਂ ਫੈਲਾਈ ਜਾ ਰਹੀ ਦਹਿਸ਼ਤ ਪਾਕਿ-ਸਤਾਨ ਨੂੰ ਦੇਸ਼ ਅੰਦਰ ਤੇ ਕੌਮਾਂਤਰੀ ਪੱਧਰ 'ਤੇ ਮਹਿੰਗੀ ਨਹੀਂ ਪੈਂਦੀ। ਇਸ ਲਈ ਪਾਕਿਸਤਾਨ ਉਪਰ ਸਿਆਸੀ ਤੇ ਡਿਪਲੋਮੈਟਿਕ ਦਬਾਅ ਵਧਾਉਣ ਦੀ ਲੋੜ ਹੈ।

ਕਸ਼ਮੀਰ ਵਿੱਚ ਹਾਲਾਤ ਆਮ ਵਰਗੇ ਬਣਾਉਣ ਦੇ ਇੱਛੁਕ ਲੋਕਾਂ ਨੂੰ ਇਹ ਗੱਲ ਉਤਸ਼ਾਹਿਤ ਕਰਦੀ ਹੈ ਕਿ ਉੱਥੋਂ ਦੇ ਹੋਣਹਾਰ ਨੌਜਵਾਨ ਮੁਕਾਬਲੇ ਦੇ ਇਮਤਿਹਾਨਾਂ ਵਿੱਚ ਵਧੀਆ ਕਾਰਗੁਜ਼ਾਰੀ ਵਿਖਾ ਕੇ ਅੱਗੇ ਆ ਰਹੇ ਹਨ। ਵਾਦੀ ਦੀਆਂ ਨੈਸ਼ਨਲ ਕਾਨਫਰੰਸ ਤੇ ਪੀ.ਡੀ.ਪੀ. ਵਰਗੀਆਂ ਮੁੱਖ ਧਾਰਾ ਵਿੱਚ ਸ਼ਾਮਲ ਪਾਰਟੀਆਂ ਨੂੰ ਵੱਡੀ ਗਿਣਤੀ ਲੋਕਾਂ ਤਕ ਪਹੁੰਚ ਕਰਕੇ ਕਸ਼ਮੀਰੀ ਵਿਦਿਆਰਥੀਆਂ ਨੂੰ ਪੂਰੇ ਦੇਸ਼ ਅੰਦਰ ਕਾਰੋਬਾਰ ਤੇ ਨੌਕਰੀਆਂ ਦੇ ਮੌਕੇ ਹਾਸਲ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸ ਨਾਲ ਰਾਜ ਅੰਦਰ ਅਮਨ, ਪ੍ਰਗਤੀ ਤੇ ਆਰਥਿਕ ਵਿਕਾਸ ਅੱਗੇ ਵਧੇਗਾ। ਜੀ.ਐਸ.ਟੀ. ਲਾਗੂ ਕਰਨ ਨਾਲ ਹੁਣ ਕਸ਼ਮੀਰੀ ਲੋਕ 1.3 ਅਰਬ ਲੋਕਾਂ ਵਾਲੀ ਭਾਰਤ ਦੀ ਮਾਰਕੀਟ ਨਾਲ ਜੁੜ ਗਏ ਹਨ। ਮਹਿਬੂਬਾ ਮੁਫਤੀ ਨੇ ਮੁਸ਼ਕਲ ਹਾਲਤਾਂ ਵਿੱਚ ਵੀ ਆਰਥਿਕ ਵਿਕਾਸ ਉਪਰ ਧਿਆਨ ਕੇਂਦਰਿਤ ਕੀਤਾ ਹੈ। ਕਸ਼ਮੀਰ ਵਿੱਚ ਪੱਥਰਬਾਜ਼ੀ ਤੇ ਹਿੰਸਾ ਕਾਰਨ ਬਣੇ ਨਾਸਾਜ਼ ਮਾਹੌਲ ਨੂੰ ਸਿੱਖਿਆ ਤੇ ਆਰਥਿਕ ਵਿਕਾਸ ਵੱਲ ਮੋੜਨ ਵਿੱਚ, ਮਹਿਬੂਬਾ ਦੀ ਮਦਦ ਕਰਨ ਦੀ ਲੋੜ ਹੈ।

# ਖੇਤੀਬਾੜੀ ਖੇਤਰ ਉੱਤੇ ਜੀ ਐਸ ਟੀ ਦਾ ਪਏਗਾ ਮਾੜਾ ਪ੍ਰਭਾਵ

**ਡਾ. ਬਲਵਿੰਦਰ ਸਿੰਘ ਸਿੱਧੂ**

ਸੰਸਦ ਦੇ ਕੇਂਦਰੀ ਹਾਲ ਵਿੱਚ 30 ਜੂਨ, 2017 ਦੀ ਅੱਧੀ ਰਾਤ ਨੂੰ ਹੋਏ ਸਮਾਗਮ ਦੌਰਾਨ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਦੇਸ਼ ਵਾਸੀਆਂ ਨੂੰ ਬਹੁਭਾਂਤੀ ਕਰਾਂ ਤੋਂ ਰਾਹਤ ਦੇਣ ਲਈ, ਸਭ ਤੋਂ ਵੱਡੇ ਕਰ ਸੁਧਾਰ 'ਵਸਤਾਂ ਤੇ ਸੇਵਾਵਾਂ ਕਰ' ਨੂੰ ਲਾਗੂ ਕਰਨ ਦਾ ਐਲਾਨ ਕਰਕੇ 'ਇੱਕ ਦੇਸ਼-ਇੱਕ ਕਰ-ਇੱਕ ਬਜ਼ਾਰ' ਦੀ ਸੋਚ ਨੂੰ ਅਮਲੀ ਜਾਮਾ ਪਹਿਨਾ ਦਿੱਤਾ। ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਹ ਆਧੁਨਿਕ ਕਰ ਪ੍ਰਣਾਲੀ ਦੇਸ਼ ਦੇ ਆਰਥਿਕ ਏਕੀਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਵੇਗੀ ਅਤੇ ਇਹ ਦੇਸ਼ ਦੇ ਗਰੀਬਾਂ ਦੇ ਹਿੱਤਾਂ ਦੀ ਸਭ ਤੋਂ ਵੱਡੀ ਸਾਰਥਿਕ ਵਿਵਸਥਾ ਹੋਵੇਗੀ।

ਵਸਤਾਂ ਅਤੇ ਸੇਵਾਵਾਂ ਕਰ ਪ੍ਰਣਾਲੀ ਅਧੀਨ, ਵਸਤਾਂ ਦੇ ਨਿਰਮਾਣ ਤੋਂ ਸ਼ੁਰੂ ਹੋ ਕੇ ਇਨ੍ਹਾਂ ਦੀ ਖਪਤ ਤੱਕ ਦੀ ਇਸ ਦੀ ਕੀਮਤ ਵਿੱਚ, ਪੜਾਅਵਾਰ ਵਾਧੇ ਅਨੁਸਾਰ ਜੀਐਸਟੀ ਲਗਾਇਆ ਜਾਣਾ ਹੈ। ਭਾਵ ਹਰ ਸਟੇਜ 'ਤੇ ਵਸਤੂ ਦੀ ਕੀਮਤ ਵਿੱਚ ਵਾਧੇ ਅਨੁਸਾਰ ਹੀ ਕਰ ਲੱਗਣਾ ਹੈ ਅਤੇ ਟੈਕਸ ਦਾ ਸਾਰਾ ਬੋਝ ਅਖ਼ੀਰਲੇ ਖਪਤਕਾਰ ਨੂੰ ਸਹਿਣ ਕਰਨਾ ਪੈਣਾ ਹੈ। ਇਹ ਦਾਅਵਾ ਕੀਤਾ ਗਿਆ ਹੈ ਕਿ ਇਸ ਦੇ ਲਾਗੂ ਹੋਣ ਨਾਲ ਕਰ ਪ੍ਰਣਾਲੀ ਆਸਾਨ ਹੋ ਜਾਵੇਗੀ, ਵਸਤਾਂ ਸਸਤੀਆਂ ਹੋ ਜਾਣਗੀਆਂ, ਵਪਾਰ ਕਰਨ ਵਿੱਚ ਆਸਾਨੀ ਹੋਵੇਗੀ, ਟੈਕਸਾਂ ਦੀ ਚੋਰੀ ਘੱਟ ਜਾਵੇਗੀ ਅਤੇ ਸਰਕਾਰ ਦੀ ਆਮਦਨ ਵਿੱਚ ਵਾਧਾ ਹੋਵੇਗਾ। ਇਸ ਕਰ ਪ੍ਰਣਾਲੀ ਦੇ ਅਮਲ ਵਿੱਚ ਆਉਣ ਨੂੰ, ਦੇਸ਼ ਦੇ ਲੋਕਾਂ ਲਈ ਆਰਥਿਕ ਅਜ਼ਾਦੀ ਦਾ ਦਰਜਾ ਦਿੱਤਾ ਜਾ ਰਿਹਾ ਹੈ।

ਖੇਤੀਬਾੜੀ ਅੱਜ ਵੀ ਦੇਸ਼ ਦੀ ਆਰਥਿਕਤਾ ਦਾ ਇੱਕ ਮਹੱਤਵਪੂਰਨ ਖੇਤਰ ਹੈ। ਅਜ਼ਾਦੀ ਤੋਂ ਬਾਅਦ ਦੇਸ਼ ਦੀ ਖੇਤੀ ਖੇਤਰ ਵਿੱਚ ਵਾਧੇ ਦੀ ਦਰ 1980 ਦੇ ਦਹਾਕੇ ਦੌਰਾਨ ਸੱਭ ਤੋਂ ਵੱਧ 4.7% ਰਹੀ ਅਤੇ ਉਸ ਤੋਂ ਬਾਅਦ ਲਗਾਤਾਰ ਘਟੀ ਹੈ। ਖੇਤੀ ਖੇਤਰ ਦਾ ਦੇਸ਼ ਦੀ ਕੁੱਲ ਘਰੇਲੂ ਆਮਦਨ ਵਿੱਚ ਯੋਗਦਾਨ ਹੁਣ ਘੱਟ ਕੇ ਤਕਰੀਬਨ 14% ਰਹਿ ਗਿਆ ਹੈ ਜਦਕਿ ਇਹ ਖੇਤਰ ਦੇਸ਼ ਦੇ ਤਕਰੀਬਨ ਅੱਧੇ ਕਾਮਿਆਂ ਨੂੰ ਰੁਜ਼ਗਾਰ ਪ੍ਰਦਾਨ ਕਰ ਰਿਹਾ ਹੈ। ਸਾਡੇ ਦੇਸ਼ ਵਿੱਚ ਦੁਨੀਆ ਦੇ ਗਰੀਬ ਲੋਕਾਂ ਦਾ ਇਕ-ਚੌਥਾਈ ਹਿੱਸਾ ਰਹਿੰਦਾ ਹੈ। ਦੇਸ਼ ਦੀ ਜ਼ਿਆਦਾਤਰ ਆਬਾਦੀ ਆਪਣੀ ਉਪਜੀਵਕਾ ਲਈ ਖੇਤੀਬਾੜੀ ਉਪਰ ਨਿਰਭਰ ਹੈ। ਇਸ ਦੇ ਸਨਮੁੱਖ ਖੇਤੀਬਾੜੀ ਜਿਣਸਾਂ ਭਾਵ ਕਣਕ, ਚਾਵਲ, ਮੱਕੀ, ਜੌਂ, ਆਦਿ ਤਾਜ਼ਾ ਸਬਜ਼ੀਆਂ ਤੇ ਫਲ, ਜਿਵੇਂ ਆਲੂ, ਟਮਾਟਰ, ਪਿਆਜ਼ ਆਦਿ ਅਤੇ ਜ਼ਿੰਦਾ ਪਸ਼ੂ-ਧਨ ਜਿਵੇਂ ਕਿ ਭੇਡਾਂ, ਬੱਕਰੀਆਂ, ਸੂਰ, ਮੱਛੀਆਂ ਅਤੇ ਇਨ੍ਹਾਂ ਦੇ ਤਾਜ਼ਾ ਮੀਟ ਆਦਿ ਨੂੰ ਜੀਐਸਟੀ ਦੇ ਦਾਇਰੇ ਤੋਂ ਬਾਹਰ ਰੱਖਿਆ ਗਿਆ ਹੈ।



ਵਿੱਤ ਵਿਭਾਗ, ਭਾਰਤ ਸਰਕਾਰ ਵੱਲੋਂ 28 ਜੂਨ, 2017 ਨੂੰ ਜਾਰੀ ਕੀਤੀ ਨੋਟੀਫਿਕੇਸ਼ਨ ਦੇ ਲੜੀ ਨੰਬਰ 54 ਅਨੁਸਾਰ ਇਸ ਪ੍ਰਣਾਲੀ ਹੇਠ ਖੇਤੀ ਪੈਦਾਵਾਰ ਨਾਲ ਸਬੰਧਿਤ ਸੇਵਾਵਾਂ, ਜਿਵੇਂ ਕਿ (ੳ) ਫਸਲ ਲਈ ਵਹਾਈ, ਬਿਜਾਈ, ਕਟਾਈ, ਝੜਾਈ ਅਤੇ ਪੌਦ-ਸੁਰੱਖਿਆਂ ਦੇ ਕਾਰਜਾਂ ਲਈ ਸੇਵਾ; (ਅ) ਮਜ਼ਦੂਰਾਂ ਦੀ ਸਪਲਾਈ; (ੲ) ਖੇਤ ਵਿੱਚ ਪੈਦਾਵਾਰ ਲਈ ਕੀਤੀਆਂ ਜਾਂਦੀਆਂ ਗਤੀਵਿਧੀਆਂ, ਜਿਨ੍ਹਾਂ ਨਾਲ ਫਸਲਾਂ ਦੇ ਮੁੱਢਲੇ ਗੁਣਾਂ ਵਿੱਚ ਤਬਦੀਲੀ ਨਾ ਹੁੰਦੀ ਹੋਵੇ ਪ੍ਰੰਤੂ ਮੁੱਢਲੀ ਮੰਡੀ ਵਿੱਚ ਵੇਚਣਯੋਗ ਹੋ ਜਾਵੇ ਜਿਵੇਂ ਕਿ ਫਸਲਾਂ ਨੂੰ ਸੁਕਾਉਣਾ, ਛਾਂਟਣਾ, ਗਰੇਡ ਕਰਨਾ, ਠੰਢਾ ਕਰਨਾ ਅਤੇ ਪੈਕਜਿੰਗ, ਆਦਿ; (ਸ) ਖੇਤੀਬਾੜੀ ਮਸ਼ੀਨਰੀ ਜਾਂ ਖਾਲੀ ਜ਼ਮੀਨ ਕਿਰਾਏ ਜਾਂ ਲੀਜ਼ 'ਤੇ ਦੇਣਾ; (ਹ) ਖੇਤੀਬਾੜੀ ਵਿਸਥਾਰ ਸੇਵਾਵਾਂ; ਅਤੇ (ਕ) ਖੇਤੀ ਉਤਪਾਦਾਂ ਦੀ ਲੱਦਾਈ, ਲਹਾਈ, ਪੈਕਿੰਗ ਅਤੇ ਸਟੋਰੇਜ, ਆਦਿ ਨੂੰ ਵੀ ਜੀਐਸਟੀ ਦੇ ਦਾਇਰੇ ਤੋਂ ਬਾਹਰ ਰੱਖਿਆ ਗਿਆ ਹੈ। ਇਸ ਤਰ੍ਹਾਂ ਕਿਸਾਨਾਂ ਨੂੰ ਜ਼ਮੀਨ ਦੇ ਠੇਕੇ ਤੋਂ ਪ੍ਰਾਪਤ ਹੋਣ ਵਾਲੀ ਰਾਸ਼ੀ ਅਤੇ ਖੇਤੀ ਦੇ ਕਾਰਜਾਂ ਲਈ ਲੋੜੀਂਦੀਆਂ ਸੇਵਾਵਾਂ ਪ੍ਰਾਪਤ ਕਰਨ 'ਤੇ ਜੀਐਸਟੀ ਨਹੀਂ ਲੱਗੇਗਾ।

ਪ੍ਰੰਤੂ ਖੇਤੀ ਦੀ ਪੈਦਾਵਾਰ ਲਈ ਕਿਸਾਨਾਂ ਨੂੰ ਵੱਖ-ਵੱਖ ਸਮੇਂ, ਵੱਖ-ਵੱਖ ਸਮੱਗਰੀ ਜਿਵੇਂ ਬੀਜ, ਖਾਦਾਂ, ਕੀੜੇਮਾਰ ਦਵਾਈਆਂ, ਖੇਤੀ ਮਸ਼ੀਨਰੀ ਅਤੇ ਸਿੰਚਾਈ ਉਪਕਰਣਾਂ, ਆਦਿ ਦੀ ਜ਼ਰੂਰਤ ਹੈ। ਇਨ੍ਹਾਂ ਵਿੱਚੋਂ ਕੇਵਲ ਬੀਜ ਦੀ ਖਰੀਦ 'ਤੇ ਹੀ ਜੀਐਸਟੀ ਨਹੀਂ ਲੱਗੇਗਾ ਪਰ ਬਾਗਬਾਨੀ ਅਤੇ ਹੋਰ ਸਬਜ਼ੀਆਂ ਅਤੇ ਫੁੱਲਾਂ ਦੀ ਪਨੀਰੀ, ਆਦਿ ਦੀ ਖਰੀਦ 'ਤੇ ਜੀਐਸਟੀ ਦੇਣਾ ਪਵੇਗਾ। ਜਿੱਥੋਂ ਤਕ ਖਾਦਾਂ ਦਾ ਸਬੰਧ ਹੈ, ਇਨ੍ਹਾਂ ਉੱਤੇ 5% ਦੀ ਦਰ 'ਤੇ ਜੀਐਸਟੀ ਲਗਾਇਆ ਗਿਆ ਹੈ ਜਦਕਿ ਪਹਿਲਾਂ ਤਕਰੀਬਨ 2% ਟੈਕਸ (1% ਐਕਸਾਈਜ਼ ਡਿਊਟੀ ਅਤੇ 1% ਦੇ ਕਰੀਬ ਹੋਰ ਕੇਂਦਰੀ ਟੈਕਸ, ਜਿਨ੍ਹਾਂ ਵਿੱਚ ਥੈਲਿਆਂ ਅਤੇ ਕੱਚੇ ਮਾਲ 'ਤੇ ਟੈਕਸ ਆਦਿ ਸ਼ਾਮਿਲ ਹਨ) ਹੀ ਲਗਦਾ ਸੀ। ਇਸ ਤਰ੍ਹਾਂ ਖਾਦਾਂ ਦੀ ਖਰੀਦ ਲਈ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਤਾਮਿਲਨਾਡੂ, ਕੇਰਲਾ ਅਤੇ ਜੰਮੂ-ਕਸ਼ਮੀਰ ਦੇ ਕਿਸਾਨਾਂ 'ਤੇ ਟੈਕਸ ਦਾ ਕੁੱਝ ਵਾਧੂ ਭਾਰ ਪਵੇਗਾ। ਫਸਲਾਂ ਤੋਂ ਵੱਧ ਝਾੜ ਲੈਣ ਲਈ ਕਿਸਾਨਾਂ ਵੱਲੋਂ ਲਘੂ ਤੱਤਾਂ ਦੀ ਵੀ ਵਰਤੋਂ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਰਾਜਾਂ ਵਿੱਚ, ਇਨ੍ਹਾਂ 'ਤੇ ਨਵੇਂ ਸਿਸਟਮ ਅਧੀਨ ਕਰ ਦੀ ਦਰ 6% ਤੋਂ ਵੱਧ ਕੇ 12% ਹੋ ਗਈ ਹੈ। ਫਸਲਾਂ ਨੂੰ ਕੀੜੇ-ਮਕੌੜਿਆਂ ਦੇ ਹਮਲੇ ਤੋਂ ਬਚਾਉਣ ਲਈ ਵਰਤੀਆਂ ਜਾਂਦੀਆਂ ਕੀੜੇਮਾਰ ਦਵਾਈਆਂ ਉਪਰ 18% ਦੀ ਦਰ 'ਤੇ ਜੀਐਸਟੀ ਦਾ ਭੁਗਤਾਨ ਕਰਨਾ ਪਵੇਗਾ। ਪਹਿਲਾਂ ਇਨ੍ਹਾਂ ਦਵਾਈਆਂ ਦੀ ਵੇਚ 'ਤੇ 12.5% ਕੇਂਦਰੀ ਐਕਸਾਈਜ਼ ਡਿਊਟੀ ਲਗਦੀ ਸੀ ਅਤੇ ਪੰਜਾਬ, ਹਰਿਆਣਾ ਅਤੇ ਕੁੱਝ ਹੋਰ ਰਾਜਾਂ ਵਿੱਚ ਕੀੜੇਮਾਰ ਦਵਾਈਆਂ 'ਤੇ ਵੈਟ ਮੁਆਫ਼ ਸੀ। ਇਸ ਤਰ੍ਹਾਂ ਰਾਜ ਦੇ ਕਿਸਾਨਾਂ ਨੂੰ ਨਵੀਂ ਕਰ ਪ੍ਰਣਾਲੀ ਕਾਰਨ ਵਾਧੂ ਕਰ ਦਾ ਕੁੱਝ ਭਾਰ ਵੀ ਸਹਿਣ ਕਰਨਾ ਪੈ ਸਕਦਾ ਹੈ।

ਖੇਤੀ ਉਪਜਾਂ ਦੀ ਪੈਦਾਵਾਰ ਲਈ ਮਸ਼ੀਨਰੀ ਇੱਕ ਅਨਿੱਖੜਵਾ ਅੰਗ ਬਣ ਗਈ ਹੈ। ਟਰੈਕਟਰ ਖੇਤੀਬਾੜੀ ਦੇ ਮਸ਼ੀਨੀਕਰਨ ਦਾ ਧੁਰਾ ਹੈ। ਨਵੇਂ ਕਰ ਉਪਬੰਧਾਂ ਅਧੀਨ ਨਵੇਂ ਟਰੈਕਟਰ ਦੀ ਖਰੀਦ 'ਤੇ 12% ਦੀ ਦਰ ਅਤੇ ਇਸ ਦੇ ਪੁਰਜ਼ਿਆਂ ਉਪਰ 18% ਦੀ ਦਰ 'ਤੇ ਜੀਐਸਟੀ ਅਦਾ ਕਰਨਾ ਪਵੇਗਾ ਜਦੋਂਕਿ ਪਹਿਲਾਂ ਵੈਟ 6.05% ਦੀ ਦਰ 'ਤੇ ਲਗਦਾ ਸੀ। ਇਸ ਦੇ ਨਾਲ-ਨਾਲ ਕੁੱਝ ਪੁਰਜ਼ਿਆਂ ਉਪਰ 12.6% ਦੀ ਦਰ 'ਤੇ ਐਕਸਾਈਜ਼ ਡਿਊਟੀ ਅਤੇ ਰਾਜ ਤੋਂ ਬਾਹਰੋਂ ਮੰਗਾਏ ਗਏ ਪੁਰਜ਼ਿਆਂ ਉਪਰ 2% ਦੀ ਦਰ 'ਤੇ ਕੇਂਦਰੀ ਵਿਕਰੀ ਕਰ ਲਗਦਾ ਸੀ। ਇਸ ਤਰ੍ਹਾਂ ਕੁੱਲ ਮਿਲਾ ਕੇ ਨਵੀਂ ਕਰ ਪ੍ਰਣਾਲੀ ਅਧੀਨ ਟਰੈਕਟਰ ਦੀ ਕੀਮਤ ਵਿੱਚ ਕੁੱਝ ਵਾਧਾ ਜ਼ਰੂਰ ਹੋਵੇਗਾ। ਇਸੇ ਤਰ੍ਹਾਂ ਖੇਤੀ ਲਈ ਵਰਤੇ ਜਾਣ ਵਾਲੇ ਸੰਦਾਂ ਉਪਰ ਪਹਿਲਾਂ ਰਾਜ ਵਿੱਚ ਕੋਈ ਟੈਕਸ ਨਹੀਂ ਲਗਦਾ ਸੀ ਜਦੋਂਕਿ ਹੁਣ 12% ਦੀ ਦਰ 'ਤੇ ਜੀਐਸਟੀ ਦੇਣਾ ਪਵੇਗਾ। ਭਾਵੇਂ ਮਸ਼ੀਨਰੀ ਨਿਰਮਾਤਾਵਾਂ ਨੂੰ ਅਦਾ ਕੀਤੇ

(ਬਾਕੀ ਸਫਾ 22 ਤੇ)

'ਮੇਰੇ ਪੰਧ ਪੈਂਡੇ' ਪੁਸਤਕ ਵਿਚੋਂ

# ਸਾਡਾ ਸੁਣਨਾ



ਸੁਰਿੰਦਰ ਸੁੰਨੜ
530-691-6378

ਜਦੋਂ ਕੋਈ ਗੱਲ ਕਰ ਰਿਹਾ ਹੁੰਦਾ ਹੈ, ਜੇ ਅਸੀਂ ਉਸ ਦੀ ਗੱਲ ਨੂੰ ਧਿਆਨ ਨਾਲ ਸੁਣੀਏ ਤਾਂ ਉਸਦੇ ਭਾਵ ਨੂੰ ਸਮਝ ਸਕਦੇ ਹਾਂ ਕਿ ਕਹਿਣ ਵਾਲਾ ਕੀ ਕਹਿਣਾ ਚਾਹੁੰਦਾ ਹੈ? ਜੇ ਕੋਈ ਆਪਣਾ ਦਰਦ ਸੁਣਾ ਰਿਹਾ ਹੈ, ਆਪਣਾ ਦੁੱਖ ਫੋਲ ਰਿਹਾ ਹੈ ਤਾਂ ਉਸ ਦੀ ਗੱਲ ਨੂੰ ਜੇਕਰ ਅਸੀਂ ਧਿਆਨ ਨਾਲ ਤੇ ਪੂਰੀ ਹਮਦਰਦੀ ਨਾਲ ਨਹੀਂ ਸੁਣਦੇ ਤਾਂ ਸਾਨੂੰ ਗੱਲ ਸਮਝ ਹੀ ਨਹੀਂ ਲੱਗ ਸਕਦੀ। ਆਮ ਤੌਰ ਤੇ ਅਸੀਂ ਕਹਿ ਦਿੰਦੇ ਹਾਂ ਕਿ ਮੈਨੂੰ ਲੱਗ ਗਿਆ ਪਤਾ ਤੂੰ ਕੀ ਕਹਿਣਾ ਚਾਹੁੰਦਾ ਹੈ। ਪਰ ਉਸ ਦੀ ਗੱਲ ਦਾ ਆਪਣੇ ਦਿਮਾਗ ਨਾਲ ਹੀ ਅੰਦਾਜ਼ਾ ਲਗਾ ਲੈਂਦੇ ਹਾਂ ਤੇ ਜਦੋਂ ਅਸੀਂ ਆਪਣੇ ਹੀ ਅਰਥ ਕੱਢਣ ਲੱਗ ਜਾਂਦੇ ਹਾਂ ਤਾਂ ਫਿਰ ਗੱਲ ਕਰਨ ਵਾਲੇ ਦੀ ਭਾਵਨਾ ਨਹੀਂ ਸਮਝ ਸਕਦੇ। ਆਮ ਤੌਰ ਤੇ ਸਾਡੇ ਜੀਵਨ ਵਿਚ ਇਵੇਂ ਹੀ ਹੁੰਦਾ ਹੈ ਕਿ ਜਦੋਂ ਕੋਈ ਗੱਲ ਕਰਦਾ ਹੈ ਤਾਂ ਅਸੀ ਉਸ ਗੱਲ ਦਾ ਉਤਰ ਦੇਣ ਦੀ ਸੋਚਦੇ ਹੁੰਦੇ ਹਾਂ। ਕੋਈ ਆਪਣੀ ਗੱਲ ਜਿਵੇਂ ਮਰਜ਼ੀ ਕਰ ਰਿਹਾ ਹੋਵੇ। ਜੇ ਅਸੀਂ ਧਿਆਨ ਨਾਲ ਸੁਣੀ ਹੀ ਨਾ, ਬੱਸ ਅੰਦਾਜ਼ਾ ਲਗਾ ਕੇ ਉਸ ਦੀ ਗੱਲ ਦਾ ਉਤਰ ਲੱਭਣਾ ਸ਼ੁਰੂ ਕਰ ਦੇਈਏ, ਸੁਣਨ ਦੀ ਥਾਂ ਉਸ ਦੀ ਗੱਲ ਦਾ ਜਵਾਬ ਦੇਣ ਬਾਰੇ ਹੀ ਜੇ ਅਸੀਂ ਸੋਚ ਸ਼ੁਰੂ ਕਰ ਲਵਾਂਗੇ ਤਾਂ ਫਿਰ ਗੱਲ ਕਰਨ ਵਾਲਾ ਤਾਂ ਭਾਵੇਂ ਪਸੀਨੋ ਪਸੀਨਾ ਹੋਈ ਜਾਵੇ, ਹੱਸੇ ਜਾਂ ਰੋਈ ਜਾਵੇ, ਅਸੀਂ ਤਾਂ ਸੁੱਤੇ ਹੀ ਉਸ ਦਾ ਹੁੰਗਾਰਾ ਭਰੀ ਜਾਂਦੇ ਹਾਂ। ਅਸੀਂ ਇਕ ਪਾਸੇ ਗੱਲ ਸੁਣ ਰਹੇ ਹੁੰਦੇ ਹਾਂ ਤੇ ਦੂਸਰੇ ਪਾਸੇ ਆਪਣੇ ਮਨ ਵਿਚ ਉਸ ਦੀ ਗੱਲ ਦਾ ਜਵਾਬ ਘੜ ਰਹੇ ਹੁੰਦੇ ਹਾਂ। ਜੇ ਸਾਡੇ ਦਿਮਾਗ ਵਿਚ ਆਪਣੀ ਗੱਲ ਚੱਲਦੀ ਹੈ ਤਾਂ ਹੋਰ ਕਿਸੇ ਦੇ ਜੋ ਹੁੰਗਾਰੇ ਦੇ ਰਹੇ ਹੁੰਦੇ ਹਾਂ, ਕਈ ਵਾਰ ਸਾਨੂੰ ਆਪ ਨਹੀਂ ਪਤਾ ਹੁੰਦਾ ਕੀ ਹੁੰਗਾਰਾ ਦਿੰਦੇ ਹਾਂ। ਬੱਚੇ ਜਦੋਂ ਟੈਲੀਵਿਜ਼ਨ ਤੇ ਕੋਈ ਖਾਸ ਖੇਡ ਦੇਖ ਰਹੇ ਹੁੰਦੇ ਹਨ ਜਾਂ ਖਾਸ ਕਹਾਣੀ ਦੇਖ ਰਹੇ ਹੁੰਦੇ ਹਨ ਤਾਂ ਮਾਂ ਚੌਂਕੇ 'ਚੋਂ ਭਾਵੇਂ ਦਸ ਕੰਮ ਦੱਸੀ ਜਾਵੇ, ਬੱਚੇ ਆਖ ਦਿੰਦੇ ਹਨ, ਆਉਂਦਾ ਮਾਂ। ਅੱਛਾ ਮੈਂ ਕਰਦਾਂ ਪਰ ਉਹਨਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਮਾਂ ਕਰਵਾਉਣਾ ਕੀ ਚਾਹੁੰਦੀ ਹੈ? ਉਹਨਾਂ ਦਾ ਦਿਮਾਗ ਤਾਂ ਕਰ ਰਿਹਾ ਹੁੰਦਾ, ਜੋ ਕਰ ਸਕਦਾ। ਮਾਂ ਕਈ ਵਾਰ ਗੱਲ ਕਰ ਰਹੀ ਹੁੰਦੀ ਹੈ ਪਰ ਬੱਚੇ ਦੇਖ ਰਹੇ ਹੁੰਦੇ ਆ ਕਿ ਕੋਬੀ ਬ੍ਰਾਇਟ ਤਿੰਨ ਪੁਆਇਟਰ ਪਾ ਦੇਊ ਕਿ ਨਹੀਂ। ਤੇ ਜੇ ਪੈ ਜਾਵੇ ਤਾਂ ਕਈ ਵਾਰ ਖੜ੍ਹੇ ਹੋ ਕੇ ਉਸ ਦੀ ਖੁਸ਼ੀ ਵਿਚ ਰੌਲਾ ਪਾਉਣ ਲੱਗ ਜਾਂਦੇ। ਮਾਂ ਕੱਚੀ ਜਿਹੀ ਹੋਈ ਵਾਪਸ ਆਪਣੇ ਕੰਮ ਜਾ ਲੱਗਦੀ ਹੈ। ਸਮਝ ਜਾਂਦੀ ਕਿ ਮੇਰੀ ਗੱਲ ਹੁਣ ਕਿੱਥੇ ਸੁਣਨੀ ਖੇਡ ਦੇਖਦੇ ਨੇ ਬੱਚੇ। ਬੱਸ ਜੇ ਖੇਡ ਸਾਡੇ ਦਿਮਾਗ ਵਿਚ ਵੀ ਚੱਲ ਰਹੀ ਹੋਵੇ ਤਾਂ ਫਿਰ ਸਾਨੂੰ ਹੋਰ ਕਿਸੇ ਦੀ ਗੱਲ ਦਾ ਅਹਿਸਾਸ ਨਹੀਂ ਹੁੰਦਾ।


ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਇਹ ਹੈ ਕਿ ਸੁਣ ਕੇ ਅਸੀਂ ਆਪ ਨਹੀਂ ਸਮਝਦੇ। ਆਪਣੀ ਸੋਚ ਮੁਤਾਬਕ ਅਸੀਂ ਜਵਾਬ ਵੀ ਦਿੰਦੇ ਹਾਂ ਤੇ ਜੇ ਜਵਾਬ ਸਹੀ ਨਾ ਹੋਵੇ ਤਾਂ ਆਪਣੇ ਆਪ ਨੂੰ ਦੋਸ਼ੀ ਨਹੀਂ ਸਮਝਦੇ। ਇਹ ਨਹੀਂ ਸੋਚਦੇ ਕਿ ਅਸੀਂ ਸੁਣਿਆ ਹੀ ਨਹੀਂ ਧਿਆਨ ਨਾਲ ਸਮਝ ਕਿਵੇਂ ਲੱਗਣੀ ਸੀ। ਇਹ ਹੀ ਸੋਚਦੇ ਹਾਂ ਕਿ ਅਸੀਂ ਸਹੀ ਹਾਂ, ਅਗਲਾ ਸਾਡੀ ਗੱਲ ਨਹੀਂ ਸਮਝ ਰਿਹਾ। ਇੰਨੀ ਗੱਲ ਤਾਂ ਪੱਕੀ ਹੈ ਕਿ ਗੱਲ ਹੋਵੇ ਜਾਂ ਗਰਾਰੀ, ਜਿੰਨਾ ਚਿਰ ਬੁੜੀਏ ਨਹੀਂਰਲਦੇ ਜਿੰਨਾ ਚਿਰ ਗਰਾਰੀ ਦੇ ਦੰਦਿਆਂ ਨਾਲ ਦੰਦੇ ਰਲਦੇ ਨਹੀਂ, ਉਨਾ ਚਿਰ ਦੋਵੇਂ ਗਰਾਰੀਆਂ ਇਕੱਠੀਆਂ ਘੁੰਮਦੀਆਂ ਹੀ ਨਹੀਂ। ਬਹੁਤੀ ਵਾਰ ਇਵੇਂ ਹੀ ਹੁੰਦਾ ਹੈ ਕਿ ਕੋਈ ਗੱਲ ਕਰਦਾ ਹੁੰਦਾ ਪਰ ਅਸੀਂ ਅਣਸੁਣੀ, ਅਣਗੌਲੀ ਕਰਕੇ ਹੀ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਅਣਸੁਣੀ ਹੀ ਕਰ ਦਿੱਤੀ ਤਾਂ ਸਮਝ ਲੱਗ ਜਾਣ ਦਾ ਤਾਂ ਫਿਰ ਸਵਾਲ ਹੀ ਨਹੀਂ ਪੈਦਾ ਹੁੰਦਾ। ਦਿਖਾਵੇ ਵਜੋਂ ਹੂੰ ਹਾਂ ਕਰੀ ਜਾਣ ਨਾਲ ਕਿਵੇਂ ਗੱਲ ਬਣ ਸਕਦੀ ਹੈ। ਜੇ ਅਸੀਂ ਦਿਲ ਲਾ ਕੇ ਸਾਰੀ ਗੱਲ ਸੁਣੀ ਹੀ ਨਹੀਂ। ਕਈ ਵਾਰ ਅਸੀਂ ਗੱਲ ਸੁਣਦੇ ਸੁਣਦੇ ਆਪਣੀ ਸੋਚ ਵਿਚ ਗਵਾਚ ਜਾਂਦੇ ਹਾਂ ਪਰ ਫਿਰ ਧਿਆਨ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਥੋੜ੍ਹਾ ਬਹੁਤ ਫਿਰ ਸੁਣ ਕੇ, ਇਕ ਦੋ ਕੰਮ ਦੀਆਂ ਸੁਣ ਕੇ ਫਿਰ ਆਪਣੇ ਸੁਪਨਿਆਂ ਦੀ ਦੁਨੀਆਂ ਵਿਚ ਚਲੇ ਜਾਂਦੇ ਹਾਂ। ਲੇਕਿਨ ਕਿਤੋਂ ਕਿਤੋਂ ਸੁਣਨ ਨਾਲ ਵੀ ਗੱਲ ਨਹੀਂ ਬਣਦੀ 'ਆਦਿ ਪੜ੍ਹਿਆ ਅੰਤ ਪੜ੍ਹਿਆ ਵਿਚੋਂ ਵਿਚੋਂ ਦਰਸ਼ਨ ਕਰਿਆ।' ਇਸ ਤਰ੍ਹਾਂ ਵੀ ਗੱਲ ਨਹੀਂ ਬਣ ਸਕਦੀ। ਦਿਲ ਲਾ ਕੇ ਸੁਣਨ ਨਾਲ ਹੀ ਗੱਲ ਬਣ ਸਕਦੀ ਹੈ। ਜਦੋਂ ਦਿਲ ਲਾ ਕੇ ਸੁਣਦੇ ਹਾਂ ਤਾਂ ਸਾਨੂੰ ਵੀ ਪਤਾ ਲੱਗ ਜਾਂਦਾ ਹੈ, ਸੁਣਨ ਵਾਲੇ ਨੂੰ ਵੀ ਤੇ ਸੁਣਾਉਣ ਵਾਲੇ ਨੂੰ ਵੀ ਪਤਾ ਲੱਗ ਜਾਂਦਾ ਹੈ ਕਿ ਮੇਰੀ ਗੱਲ ਧਿਆਨ ਨਾਲ ਸੁਣੀ ਹੈ।

**ਗੱਲ ਗੰਭੀਰ ਹੋਵੇ, ਇਕਾਗਰ ਚਿੱਤ ਹੋ ਕੇ ਸੁਣੀ ਹੋਵੇ ਤਾਂ ਅਸੀਂ ਐਸੀ ਗੱਲ ਸੁਣਦੇ ਸੁਣਦੇ ਆਪਣੇ ਸੁਪਨਿਆਂ ਦੀ ਦੁਨੀਆਂ 'ਚੋਂ ਬਾਹਰ ਨਿਕਲ ਕੇ ਬੱਸ ਗੱਲ ਸੁਣਦੇ ਹਾਂ। ਗੱਲ ਦਾ ਜਵਾਬ ਦੇਣ ਬਾਰੇ ਵੀ ਨਹੀਂ ਸੋਚਦੇ। ਸਾਕਾ ਸੁਣਾਉਣ ਵਾਲੇ ਦੇ ਨਾਲ ਜਦੋਂ ਦਿਮਾਗੀ ਤੌਰ ਤੇ ਅਸੀਂ ਸੁਣਦੇ-ਸੁਣਦੇ ਚਮਕੌਰ ਦੀ ਗੜ੍ਹੀ ਵਿਚ ਪਹੁੰਚ ਜਾਂਦੇ ਹਾਂ ਤਾਂ ਬਿਨਾਂ ਦਰਸ਼ਨ ਕੀਤਿਆਂ ਵੀ ਅਸੀਂ ਚਮਕੌਰ ਸਾਹਿਬ ਪਹੁੰਚ ਜਾਂਦੇ ਹਾਂ।**

ਦਸੰਬਰ ਦਾ ਮਹੀਨਾ ਸੀ। ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਮੁੱਖ ਰੱਖ ਕੇ ਦੀਵਾਨ ਚੱਲ ਰਿਹਾ ਸੀ। ਮੈਨੂੰ ਹਾਰਮੋਨੀਅਮ ਤਾਂ ਠੀਕ ਤਰ੍ਹਾਂ ਵਜਾਉਣਾ ਨਹੀਂ ਆਉਂਦਾ। ਗਿਆਨੀ ਹੁਰਾਂ ਨੇ ਸਾਥ ਦੇਣਾ। ਤਬਲੇ ਵਾਲੇ ਨੇ ਵੀ ਸਾਥ ਦੇਣਾ ਤੇ ਕਈ ਵਾਰ ਮੈਂ ਆਪਣੀ ਗੱਲ ਕਰਨ ਤੋਂ ਪਹਿਲਾਂ ਸ਼ਬਦ ਵੀ ਪੜ੍ਹ ਲੈਣਾ। ਕਬੀਰ ਜੀ ਦਾ ਸ਼ਬਦ 'ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ। ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡਹਿ ਖੇਤੁ।।''

ਸ਼ਬਦ ਦੀ ਸਮਾਪਤੀ ਤੇ ਮੈਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਾਕੇ ਦਾ ਵਰਣਨ ਕਰਨ ਲੱਗਾ। ਅਜੀਤ ਸਿੰਘ ਤੇ ਜੁਝਾਰ ਸਿੰਘ ਦੀ ਸ਼ਹੀਦੀ ਦੀ ਗੱਲ ਜਦੋਂ ਕੀਤੀ ਨਾ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਲੜਦੇ ਲੜਦੇ ਚਮਕੌਰ ਵਿਚ ਸ਼ਹੀਦ ਹੋ ਗਏ। ਦੋਹਾਂ ਸਾਹਿਬਜ਼ਾਦਿਆਂ, ਜਿਹਨਾਂ ਦੇ ਸਿਰਾਂ ਤੇ ਕਲਗੀਆਂ ਸਜਾਈਆਂ ਜਾਂਦੀਆਂ ਹੁੰਦੀਆਂ ਸੀ, ਸ਼ਾਹੀ ਵਸਤਰ ਪਾਏ ਹੁੰਦੇ ਸੀ, ਉਹ ਸਾਹਿਬਜ਼ਾਦੇ ਜਦ ਸ਼ਹੀਦ ਹੋ ਗਏ ਤਾਂ ਸਮੇਂ ਨੇ ਦੋਹਾਂ ਦੀਆਂ ਲਾਸ਼ਾਂ ਤੇ ਕਫਨ ਪਾਉਣ ਦੀ ਇਜਾਜ਼ਤ ਵੀ ਨਹੀਂ ਦਿੱਤੀ। ਕਿਸੇ ਨੇ ਚੁੱਕਿਆ ਨਹੀਂ, ਕਿਸੇ ਨੇ ਚੁੰਮਿਆ ਨਹੀਂ, ਕਿਸੇ ਨੇ ਸਸਕਾਰ ਨਹੀਂ ਕੀਤਾ। ਜਦੋਂ ਮੈਂ ਇਹ ਸਾਕਾ ਸੁਣਾ ਰਿਹਾ ਸੀ ਤਾਂ ਮੈਂ ਸੰਗਤ ਵੱਲ ਨਜ਼ਰ ਮਾਰ ਕੇ ਦੇਖਿਆ। ਦੀਵਾਨ ਹਾਲ ਖਚਾਖਚ ਭਰਿਆ ਹੋਇਆ ਸੀ। ਮੈਂ ਦੇਖਿਆ ਕਿ ਤਕਰੀਬਨ ਸਾਰੀ ਸੰਗਤ ਆਪਣੇ ਅੱਕਰੂ ਪੂੰਝ ਰਹੀ ਸੀ। ਸੁਰਤੀ ਬਿਰਤੀ ਇਕਾਗਰ ਕਰਕੇ ਜਦ ਅਸੀਂ ਗੱਲ ਸੁਣਦੇ ਹਾਂ ਤਾਂ ਗੱਲ ਦੀ ਗੰਭੀਰਤਾ ਦਾ ਪਤਾ ਲੱਗ ਜਾਂਦਾ ਹੈ। ਬੱਸ ਗੱਲ ਦੀ ਗੰਭੀਰਤਾ ਦਾ ਪਤਾ ਲੱਗ ਗਿਆ ਤਾਂ ਸਮਝੋ ਕਿ ਅਸੀਂ ਹਮਦਰਦੀ ਨਾਲ ਦਿਲ ਲਾ ਕੇ ਗੱਲ ਸੁਣੀ ਹੈ। ਗੱਲ ਗੰਭੀਰ ਹੋਵੇ, ਇਕਾਗਰ ਚਿੱਤ ਹੋ ਕੇ ਸੁਣੀ ਹੋਵੇ ਤਾਂ ਅਸੀਂ ਐਸੀ ਗੱਲ ਸੁਣਦੇ ਸੁਣਦੇ ਆਪਣੇ ਸੁਪਨਿਆਂ ਦੀ ਦੁਨੀਆਂ 'ਚੋਂ ਬਾਹਰ ਨਿਕਲ ਕੇ ਬੱਸ ਗੱਲ ਸੁਣਦੇ ਹਾਂ। ਗੱਲ ਦਾ ਜਵਾਬ ਦੇਣ ਬਾਰੇ ਵੀ ਨਹੀਂ ਸੋਚਦੇ। ਸਾਕਾ ਸੁਣਾਉਣ ਵਾਲੇ ਦੇ ਨਾਲ ਜਦੋਂ ਦਿਮਾਗੀ ਤੌਰ ਤੇ ਅਸੀਂ ਸੁਣਦੇ-ਸੁਣਦੇ ਚਮਕੌਰ ਦੀ ਗੜ੍ਹੀ ਵਿਚ ਪਹੁੰਚ ਜਾਂਦੇ ਹਾਂ ਤਾਂ ਬਿਨਾਂ ਦਰਸ਼ਨ ਕੀਤਿਆਂ ਵੀ ਅਸੀਂ ਚਮਕੌਰ ਸਾਹਿਬ ਪਹੁੰਚ ਜਾਂਦੇ ਹਾਂ। ਧਿਆਨ ਧਰ ਸੁਣਨ ਨਾਲ ਜ਼ਰੂਰੀ ਨਹੀਂ ਕਿ ਅਸੀਂ ਗੱਲ ਕਰਨ ਵਾਲੇ ਨਾਲ ਹਰ ਤਰ੍ਹਾਂ ਸਹਿਮਤ ਹੋ ਜਾਂਦੇ ਹਾਂ। ਬਿਲਕੁਲ ਨਹੀਂ, ਗੱਲ ਕਰਨ ਵਾਲੇ ਨਾਲ ਨਹੀਂ, ਗੱਲ ਨਾਲ ਸਹਿਮਤੀ ਹੋ ਜਾਂਦੀ ਹੈ। ਗੱਲ ਨਾਲ ਸਹਿਮਤੀ ਹੋ ਜਾਵੇ ਤਾਂ ਬੱਸ ਗੱਲ ਬਣ ਜਾਂਦੀ ਹੈ। ਗੱਲ ਕਰਨ ਵੇਲੇ ਜੋ ਸ਼ਬਦਾਂ ਦਾ ਪ੍ਰਯੋਗ ਕਰਦੇ ਹਾਂ, ਉਨ੍ਹਾਂ ਸ਼ਬਦਾਂ ਦਾ ਵੀ ਬਹੁਤ ਘੱਟ ਅਸਰ ਹੁੰਦਾ ਹੈ। ਅੱਠ ਦਸ ਪ੍ਰਤੀਸ਼ਤ ਹੀ ਸ਼ਬਦਾਂ ਦਾ ਅਸਰ ਹੁੰਦਾ ਹੈ। ਬਾਕੀ ਸਾਰਾ ਤਾਂ ਗੱਲ ਕਰਨ ਵਾਲੇ ਦੇ ਤਰੀਕੇ ਤੇ ਨਿਰਭਰ ਕਰਦਾ ਹੈ। ਲਫਜ਼ ਤਾਂ ਉਹ ਹੀ ਹੁੰਦੇ ਹਨ, ਲੇਕਿਨ ਹਰ ਕਿਸੇ ਦਾ ਇਜ਼ਹਾਰ ਆਪਣਾ ਆਪਣਾ ਹੁੰਦਾ ਹੈ। ਬੱਸ ਜੇ ਅਸੀਂ ਬੇ-ਮਹਿਨੀ ਕਲਾਮ ਦੀ ਜਗ੍ਹਾ ਗੱਲ ਕਰਨ ਦਾ ਤਕੀਆ ਸਿੱਖ ਜਾਈਏ, ਵਸੀਲਾ ਸਿੱਖ ਜਾਈਏ, ਤਰੀਕਾ ਸਿੱਖ ਜਾਈਏ ਤਾਂ ਸਾਡੀ ਗੱਲ ਵਿਚ ਗੰਭੀਰਤਾ ਹੋ ਜਾਵੇ। ਜੇ ਗੰਭੀਰ ਗੱਲ ਨੂੰ ਸਰੋਤੇ ਗੰਭੀਰਤਾ ਨਾਲ ਸੁਣ ਲੈਣ ਤਾਂ ਫਿਰ ਵਾਤਾਵਰਣ ਹੀ ਗੰਭੀਰ ਹੋ ਜਾਂਦਾ ਹੈ। ਗੱਲ ਵਿਚਲਾ ਦਰਦ ਆਪਮੁਹਾਰੇ ਹੀ ਸਾਡੇ ਦਿਲ ਵਿਚ ਜਾ ਵੜਦਾ ਹੈ। ਜਦ ਦਰਦ ਦਿਲ ਦਾ ਦਰਵਾਜ਼ਾ ਖੜ੍ਹਕਾਉਂਦਾ, ਦਿਲ ਦਰਦ ਨੂੰ ਦਿਲ ਨਾਲ ਲਾਉਂਦਾ ਤਾਂ ਉਹ ਦਰਦ ਸਾਡਾ ਆਪਣਾ ਹੋ ਜਾਂਦਾ ਹੈ ਤੇ ਜੇ ਦਰਦ ਸਾਡਾ ਆਪਣਾ ਹੋ ਜਾਵੇ ਤਾਂ ਸਾਡੀਆਂ ਅੱਖਾਂ ਭਰ ਆਉਣੀਆਂ ਸੁਭਾਵਿਕ ਹੀ ਹਨ।

# ਜਿਨਿ ਕਿਛੁ ਕੀਆ ਸੋਈ ਜਾਣੈ






ਡਾਕਟਰ ਅਜੀਤ ਸਿੰਘ ਕੋਟਕਪੂਰਾ
drsinghajit@gmail.com
585-305-0443

(ਦੂਜੀ ਕਿਸਤ)

ਇਸ ਲਈ ਅਸੀਂ ਇਸ ਸਿੱਟੇ ਤੇ ਪੁੱਜੇ ਹਾਂ ਕਿ ਮੌਤ ਨੂੰ ਰੋਕਿਆ ਨਹੀਂ ਜਾ ਸਕਦਾ ਅਤੇ ਇਸ ਮੌਤ ਦਾ ਡਰ ਸਾਨੂੰ ਭੈ ਭੀਤ ਕਰਦਾ ਰਹੇਗਾ ਜਦੋਂ ਤਕ ਇਸ ਰਹੱਸ ਤੋਂ ਪਰਦਾ ਉਠਾਇਆ ਨਹੀਂ ਜਾਂਦਾ । ਕੁਝ ਲੋਕ ਮੌਤ ਤੋਂ ਨਹੀਂ ਡਰਦੇ ਸਗੋਂ ਮੌਤ ਦੇ ਢੰਗ ਤਰੀਕੇ ਤੋਂ ਡਰਦੇ ਹਨ । ਕਈ ਲੋਕਾਂ ਨੂੰ ਮੌਤ ਦੀ ਉਡੀਕ ਕਰਨੀ ਪੈਂਦੀ ਹੈ, ਗੀਤਾ ਪਾਠ ਕਰ ਚੁਕਣ ਤੋਂ ਬਾਅਦ ਵੀ ਮੌਤ ਡਰਾ ਰਹੀ ਹੁੰਦੀ ਹੈ ਤਾਂ ਪਰੇਸ਼ਾਨੀ ਵਧੇਰੇ ਹੁੰਦੀ ਹੈ । ਇਹ ਵੀ ਇਕ ਸੱਚ ਹੈ ਜੇਕਰ ਮੌਤ ਦਾ ਡਰ ਨਾ ਹੁੰਦਾ ਤਾਂ ਧਰਮ ਦਾ ਫੈਲਾਅ ਇੰਨਾ ਨਹੀਂ ਹੋਣਾ ਸੀ, ਜੋਤਿਸ਼ ਦੀਆਂ ਕਿਤਾਬਾਂ ਦੀ ਪੁੱਛ ਪ੍ਰਤੀਤ ਨਹੀਂ ਹੋਣੀ ਸੀ । ਜਵਾਨ ਉਮਰ ਵਿਚ ਮੌਤ ਦਾ ਘੇਰਾ ਵਧੇਰੇ ਦੁਖਦਾਈ ਹੁੰਦਾ ਹੈ ਕਿਉਂ ਜੋ ਸਾਡੀਆਂ ਆਸਾਂ ਨੂੰ ਫਲ ਲੱਗਣ ਉਪਰੰਤ ਜੋ ਫਾਇਦਾ ਹੋਣਾ ਹੁੰਦਾ ਹੈ, ਉਸ ਫਸਲ ਨੂੰ ਰੱਬ ਗੜੇ ਪਾ ਕੇ ਪੂਰੀ ਤਰ੍ਹਾਂ ਵਿਗਾੜ ਦਿੰਦਾ ਹੈ ਅਤੇ ਜ਼ਿੰਦਗੀ ਦੀ ਗੱਡੀ ਦੁਰਘਟਨਾ ਕਾਰਣ ਚਲਣ ਤੋਂ ਅਸਮਰੱਥ ਹੋ ਜਾਂਦੀ ਹੈ। ਜੇਕਰ ਮੌਤ ਦੇ ਜਮਾਂ ਨੇ ਸਾਡੇ ਦਰ 'ਤੇ ਪੁੱਜਣਾ ਹੀ ਹੈ ਤਾਂ ਫਿਰ ਅਸੀਂ ਇਸ ਨਾਲ ਲੁਕਣ ਮੀਚੀ ਨਾ ਖੇਡੀਏ ਤੇ ਨਾ ਹੀ ਕਮਜ਼ੋਰ ਦਿਲ ਲੋਕਾਂ ਵਾਂਗ ਬੈਠ ਕੇ ਉਡੀਕ ਕਰੀ ਜਾਈਏ । ਉਸ ਦਾ ਮੁਕਾਬਲਾ ਕਰਦੇ ਹੋਏ ਬਹਾਦਰਾਂ ਵਿਚ ਦਰਜ ਹੋਈਏ ਅਤੇ ਹੱਕ ਸਚ ਲਈ ਲੜਾਈ ਲੜ ਕੇ ਪਰਮਾਤਮਾ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰੀਏ। ਇਸ ਕਿਸਮ ਦੀ ਮੌਤ ਦੇ ਸਬੰਧ ਵਿਚ ਸਿਖ ਧਰਮ ਦੇ ਵਰਤਮਾਨ ਸ਼ਬਦ ਗੁਰੂ ਸ੍ਰੀ ਗੁਰੂ ਗੁਰੂ ਗਰੰਥ ਸਾਹਿਬ ਜੀ ਦੇ ਅੰਗ ੫੭੯ ਉਪਰ ਇਸ ਤਰਾਂ ਵਰਣਿਤ ਹੈ :

ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ॥
ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ॥
ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ॥
ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ ॥
ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ॥
ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ॥੨॥

(ਅੰਗ ੫੭੯)

ਹੇ ਲੋਕੋ ! ਮੌਤ ਨੂੰ ਮਾੜਾ ਨਾ ਆਖੋ, ਮੌਤ ਚੰਗੀ ਹੈ, ਪਰ ਤਾਂ ਹੀ, ਜੇ ਕੋਈ ਮਨੁੱਖ ਉਸ ਤਰੀਕੇ ਨਾਲ ਜੀਅ ਕੇ ਮਰਨਾ ਜਾਣਦਾ ਹੋਵੇ । ਉਹ ਤਰੀਕਾ ਹੈ ਕਿ ਆਪਣੇ ਸਰਬ-ਸ਼ਕਤੀਵਾਨ ਮਾਲਕ ਨੂੰ ਸਿਮਰੋ, ਤਾਂ ਕਿ ਜੀਵਨ ਦੇ ਸਫ਼ਰ ਵਿਚ ਰਸਤਾ, ਸਿਮਰਣ ਦੀ ਸ਼ਕਤੀ ਸਦਕਾ ਸੌਖਾ ਹੋ ਜਾਏ, ਸੌਖੇ ਜੀਵਨ-ਰਸਤੇ ਤੁਰੋਗੇ ਤਾਂ ਇਸ ਦਾ ਫਲ ਭੀ ਮਿਲੇਗਾ ਤੇ ਪਰਮਾਤਮਾ ਦੀ ਹਜ਼ੂਰੀ ਵਿਚ ਇੱਜ਼ਤ ਮਿਲੇਗੀ। ਜੇ ਪ੍ਰਭੂ ਦੇ ਨਾਮ ਦੀ ਭੇਟਾ ਲੈ ਕੇ ਜਾਵੋਗੇ ਤਾਂ ਉਸ ਸਦਾ-ਥਿਰ ਪ੍ਰਭੂ ਵਿਚ ਇਕ-ਰੂਪ ਹੋ ਜਾਵੋਗੇ, ਕੀਤੇ ਕਰਮਾਂ ਦਾ ਹਿਸਾਬ ਹੋਣ ਵੇਲੇ ਇੱਜ਼ਤ ਮਿਲੇਗੀ, ਪ੍ਰਭੂ ਦੀ ਹਜ਼ੂਰੀ ਵਿਚ ਥਾਂ ਪ੍ਰਾਪਤ ਕਰੋਗੇ, ਤੇ ਖਸਮ-ਪ੍ਰਭੂ ਨੂੰ ਚੰਗੇ ਲੱਗੋਗੇ। ਜਿਹੜਾ ਵੀ ਜੀਵ ਇਹ ਭੇਟਾ ਲੈ ਕੇ ਜਾਂਦਾ ਹੈ ਉਹ ਪ੍ਰੇਮ ਨਾਲ ਆਤਮਕ ਆਨੰਦ ਮਾਣਦਾ ਹੈ । ਇਸ ਲਈ ਹੇ ਲੋਕੋ ! ਮੌਤ ਨੂੰ ਮਾੜਾ ਨਾ ਆਖੋ, ਪਰੰਤੂ ਇਸ ਗੱਲ ਨੂੰ ਉਹੀ ਸਮਝਦਾ ਹੈ, ਜਿਹੜਾ ਇਸ ਤਰ੍ਹਾਂ ਮਰਨਾ ਜਾਣਦਾ ਹੋਵੇ।

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥
ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ॥
ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ ਜਿਤੁ ਸੇਵਿਐ ਭਉ ਭਾਗੈ॥
ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਜਾਣੋ॥
ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ॥੩॥

(ਅੰਗ ੫੭੯-੫੮੦)

ਜਿਹੜੇ ਮਨੁੱਖ ਜੀਊਂਦਿਆਂ ਹੀ ਪ੍ਰਭੂ ਦੀਆਂ ਨਜ਼ਰਾਂ ਵਿਚ ਕਬੂਲ ਹੋ ਕੇ ਮਰਦੇ ਹਨ ਉਹ ਸੂਰਮੇ ਹਨ ਉਹਨਾਂ ਦਾ ਮਰਨਾ ਭੀ ਲੋਕ ਪਰਲੋਕ ਵਿਚ ਸਲਾਹਿਆ ਜਾਂਦਾ ਹੈ। ਪ੍ਰਭੂ ਦੀ ਹਜ਼ੂਰੀ ਵਿਚ ਉਹੀ ਬੰਦੇ ਸੂਰਮੇ ਆਖੇ ਜਾਂਦੇ ਹਨ, ਉਹ ਬੰਦੇ ਸਦਾ-ਥਿਰ ਪ੍ਰਭੂ ਦੀ ਦਰਗਾਹ ਵਿਚ ਆਦਰ ਪਾਉਂਦੇ ਹਨ। ਉਹ ਦਰਗਾਹ ਵਿਚ ਇੱਜ਼ਤ ਪਾਉਂਦੇ ਹਨ, ਇੱਜ਼ਤ ਨਾਲ ਇਥੋਂ ਜਾਂਦੇ ਹਨ ਤੇ ਅਗਾਂਹ ਪਰਲੋਕ ਵਿਚ ਉਹਨਾਂ ਨੂੰ ਕੋਈ ਦੁੱਖ ਨਹੀਂ ਵਿਆਪਦਾ।

ਉਹ ਬੰਦੇ ਪਰਮਾਤਮਾ ਨੂੰ ਹਰ ਥਾਂ ਵਿਆਪਕ ਜਾਣ ਕੇ ਸਿਮਰਦੇ ਹਨ, ਉਸ ਪ੍ਰਭੂ ਦੇ ਦਰ ਤੋਂ ਫਲ ਪ੍ਰਾਪਤ ਕਰਦੇ ਹਨ ਜਿਸ ਦਾ ਸਿਮਰਨ ਕੀਤਿਆਂ ਹਰੇਕ ਕਿਸਮ ਦਾ ਡਰ ਦੂਰ ਹੋ ਜਾਂਦਾ ਹੈ। ਹੇ ਭਾਈ! ਅਹੰਕਾਰ ਦਾ ਬੋਲ ਨਹੀਂ ਬੋਲਣਾ ਚਾਹੀਦਾ, ਆਪਣੇ ਆਪ ਨੂੰ ਕਾਬੂ ਵਿਚ ਰੱਖਣਾ ਚਾਹੀਦਾ ਹੈ, ਉਹ ਅੰਤਰਜਾਮੀ ਪ੍ਰਭੂ ਹਰੇਕ ਦੇ ਦਿਲ ਦੀ ਆਪ ਹੀ ਜਾਣਦਾ ਹੈ । ਜੇਹੜੇ ਮਨੁੱਖ, ਜੀਊਂਦਿਆਂ ਹੀ ਪ੍ਰਭੂ ਦੀਆਂ ਨਜ਼ਰਾਂ ਵਿਚ ਕਬੂਲ ਹੋ ਕੇ ਮਰਦੇ ਹਨ ਉਹ ਸੂਰਮੇ ਹਨ, ਉਹਨਾਂ ਦਾ ਮਰਨਾ ਲੋਕ ਪਰਲੋਕ ਵਿਚ ਸਲਾਹਿਆ ਜਾਂਦਾ ਹੈ।

ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ॥
ਕੀਤਾ ਵੇਖੈ ਸਾਹਿਬੁ ਆਪਣਾ ਕੁਦਰਤਿ ਕਰੇ ਬੀਚਾਰੋ॥
ਕੁਦਰਤਿ ਬੀਚਾਰੇ ਧਾਰਣ ਧਾਰੇ ਜਿਨਿ ਕੀਆ ਸੋ ਜਾਣੈ॥
ਆਪੇ ਵੇਖੈ ਆਪੇ ਬੂਝੈ ਆਪੇ ਹੁਕਮੁ ਪਛਾਣੈ॥
ਜਿਨਿ ਕਿਛੁ ਕੀਆ ਸੋਈ ਜਾਣੈ ਤਾ ਕਾ ਰੂਪੁ ਅਪਾਰੋ॥
ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ॥੪॥੨॥

(ਅੰਗ ੫੮੦)

ਹੇ ਨਾਨਕ ! ਹੇ ਭਾਈ! ਇਹ ਜਗਤ ਇਕ ਖੇਡ ਹੈ, ਖੇਡ ਬਣਦੀ ਅਤੇ ਢਹਿੰਦੀ ਹੀ ਰਹਿੰਦੀ ਹੈ, ਕਿਸੇ ਦੇ ਮਰਨ ਤੇ ਰੋਣਾ ਵਿਅਰਥ ਹੈ। ਮਾਲਕ-ਪ੍ਰਭੂ ਆਪਣੇ ਪੈਦਾ ਕੀਤੇ ਜਗਤ ਦੀ ਆਪ ਸੰਭਾਲ ਕਰਦਾ ਹੈ, ਆਪਣੀ ਰਚੀ ਰਚਨਾ ਦਾ ਆਪ ਧਿਆਨ ਰੱਖਦਾ ਹੈ । ਪ੍ਰਭੂ ਆਪਣੀ ਰਚੀ ਰਚਨਾ ਦਾ ਖ਼ਿਆਲ ਰੱਖਦਾ ਹੈ, ਇਸ ਨੂੰ ਆਸਰਾ-ਸਹਾਰਾ ਦੇਂਦਾ ਹੈ, ਜਿਸ ਨੇ ਜਗਤ ਰਚਿਆ ਹੈ ਉਹੀ ਇਸ ਦੀਆਂ ਲੋੜਾਂ ਭੀ ਜਾਣਦਾ ਹੈ। ਪ੍ਰਭੂ ਆਪ ਹੀ ਸਭ ਦੇ ਕੀਤੇ ਕਰਮਾਂ ਨੂੰ ਵੇਖਦਾ ਹੈ, ਆਪ ਹੀ ਸਭ ਦੇ ਦਿਲਾਂ ਦੀ ਸਮਝਦਾ ਹੈ, ਆਪ ਹੀ ਆਪਣੇ ਹੁਕਮ ਨੂੰ ਪਛਾਣਦਾ ਹੈ ਕਿ ਕਿਵੇਂ ਇਹ ਹੁਕਮ ਜਗਤ ਵਿਚ ਵਰਤਿਆ ਜਾਣਾ ਹੈ । ਜਿਸ ਪ੍ਰਭੂ ਨੇ ਇਹ ਜਗਤ-ਰਚਨਾ ਕੀਤੀ ਹੋਈ ਹੈ ਉਹੀ ਇਸ ਦੀਆਂ ਲੋੜਾਂ ਜਾਣਦਾ ਹੈ। ਉਸ ਪ੍ਰਭੂ ਦਾ ਸਰੂਪ ਬੇਅੰਤ ਹੈ । ਹੇ ਨਾਨਕ ! ਹੇ ਭਾਈ ! ਇਹ ਜਗਤ ਇਕ ਖੇਡ ਹੈ, ਇਥੇ ਜੋ ਘੜਿਆ ਹੈ ਉਸ ਨੇ ਭੱਜਣਾ ਹੈ, ਕਿਸੇ ਦੇ ਮਰਨ ਤੇ ਰੋਣਾ ਵਿਅਰਥ ਹੈ।੪।੨।

ਸਿੱਖ ਧਰਮ ਅੰਦਰ ਸ਼ਹੀਦ ਦੇ ਅਰਥ ਗਵਾਹੀ ਦੇ ਤੌਰ ਤੇ ਪਰਵਾਨ ਕੀਤੇ ਗਏ ਹਨ ਅਤੇ ਸ਼ਹਾਦਤ ਨੂੰ ਸਿੱਖੀ ਦਾ ਪਹਲਾ ਗੁਣ ਮੰਨਿਆ ਗਿਆ ਹੈ। ਸ਼ਹੀਦੀ ਦਾ ਰਾਹ ਲੈਣਾ ਤਲਵਾਰ ਦੀ ਧਾਰ ਉਪਰ ਚੱਲਣ ਜਿਹਾ ਹੈ। ਜੇ ਸਿੱਖ ਇਤਿਹਾਸ ਵੱਲ ਨਜ਼ਰ ਪਾਈ ਜਾਂਦੀ ਹੈ ਤਾਂ ਇਹ ਪਤਾ ਚਲਦਾ ਹੈ ਕਿ ਸਿੱਖ ਆਪਣੇ ਧਰਮ ਲਈ ਹੀ ਸ਼ਹਾਦਤ ਨਹੀਂ ਦਿੰਦਾ ਉਹ ਅਸੂਲਾਂ ਅਤੇ ਆਦਰਸ਼ਾਂ ਦੀ ਰਾਖੀ ਲਈ ਕਿਸੇ ਦੂਸਰੇ ਦੀ ਧਰਮ ਦੀ ਰਾਖੀ ਲਈ ਵੀ ਸ਼ਹੀਦ ਹੋਣ ਲਈ ਵੀ ਤਤਪਰ ਰਹਿੰਦਾ ਹੈ ਅਤੇ ਮੌਤ ਅਤੇ ਜ਼ਿੰਦਗੀ ਨੂੰ ਇਕੋ ਜਿਹਾ ਹੀ ਮਹਿਸੂਸ ਕਰਦਾ ਹੈ । ਸਿੱਖ ਦੀ ਸ਼ਹਾਦਤ ਨਾ ਤਾਂ ਸ੍ਵੈ ਲਈ ਹੁੰਦੀ ਹੈ ਨਾ ਕੇਵਲ ਆਪਣੀ ਕੌਮ ਦੇ ਸਨਮਾਨ ਲਈ ਸਗੋਂ ਉਹ ਤਾਂ ਸਾਰੀ ਮਨੁੱਖਤਾ ਲਈ ਅਤੇ ਹਰ ਕਿਸਮ ਦੀ ਬੇ-ਇਨਸਾਫੀ ਖ਼ਾਤਰ ਜੂਝ ਮਰਨ ਨੂੰ ਆਪਣੇ ਸਤਿਕਾਰੇ ਗੁਰੂ ਦਾ ਹੁਕਮ ਮੰਨ ਕੇ ਸਵੀਕਾਰ ਕਰਦਾ ਹੈ।

ਸਿੱਖ ਧਰਮ ਅਨੁਸਾਰ ਸ਼ਹੀਦ ਮੌਤ ਦੇ ਡਰ ਤੋਂ ਮੁਕਤ ਹੁੰਦੇ ਹਨ ਅਤੇ ਪਰਮਾਤਮਾ ਨਾਲ ਇਕ ਸੁਰ ਹੋਏ ਹੁੰਦੇ ਹਨ । ਸੱਚ ਅਤੇ ਮਨੁੱਖਤਾ ਦੇ ਭਲੇ ਲਈ ਜੂਝ ਮਰਨ ਦਾ ਸਿਧਾਂਤ ਪਹਲੀ ਪਾਤਿਸ਼ਾਹੀ ਵਲੋਂ ਸਿਖਾਇਆ ਹੋਇਆ ਸੱਚ ਹੈ। ਇਹ ਸੱਚ ਕੇਵਲ ਸਿਧਾਂਤਾਂ ਤਕ ਹੀ ਸੀਮਤ ਨਹੀਂ ਰਿਹਾ ਇਸ ਦਾ ਪ੍ਰੈਕਟੀਕਲ ਰੂਪ ਵੀ ਦਿਖਾਇਆ ਗਿਆ ਸੀ। ਸਿੱਖ ਧਰਮ ਵਿਚ ਸ਼ਹਾਦਤਾਂ ਦੀ ਲੜੀ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਸ਼ੁਰੂ ਹੁੰਦੀ ਹੈ ਅਤੇ ਦੂਸਰੇ ਸ਼ਹੀਦੀ ਪ੍ਰਾਪਤ ਕਰਨ ਵਾਲੇ ਨੌਵੇਂ ਗੁਰੂ ਜੀ ਸਨ ਜੋ ਸਿੱਖੀ ਸਿਧਾਂਤ ਨੂੰ ਸਮਰਪਿਤ ਸਨ ਅਤੇ ਇਹਨਾਂ ਸਿਧਾਂਤਾਂ ਦੀ ਰਾਖੀ ਖਾਤਿਰ ਸਵੈ ਕੁਰਬਾਨ ਕਰ ਗਏ ਸਨ । ਇਹ ਸ਼ਹਾਦਤਾਂ ਜ਼ੁਲਮ ਦੇ ਵਿਰੁੱਧ ਸਨ ਅਤੇ ਕਿਸੇ ਮਨੁੱਖ ਜਾਂ ਧਰਮ ਦੇ ਵਿਰੁੱਧ ਨਹੀਂ ਸਨ । ਇਹ ਸ਼ਹੀਦੀ ਦਾ ਮਹਾਨ ਸਿਧਾਂਤ ਹੌਲੀ-ਹੌਲੀ ਜਨ ਸਧਾਰਣ ਦੀ ਚੇਤਨਾ ਵਿਚ ਸ਼ਾਮਲ ਹੋਣ ਲੱਗਾ ਅਤੇ ਆਮ ਲੋਕ ਜ਼ੁਲਮ ਨੂੰ ਭਾਣਾ ਮੰਨ ਲੈਣ ਤੋਂ ਇਨਕਾਰ ਕਰਨ ਲੱਗ ਪਏ। ਸਿੱਖ ਕੇਵਲ ਧਾਰਮਿਕ ਆਜ਼ਾਦੀ ਖ਼ਾਤਰ ਹੀ ਨਹੀਂ ਸਗੋਂ ਹੋਰ ਤਰ੍ਹਾਂ ਦੇ ਜ਼ੁਲਮਾਂ, ਆਰਥਿਕ ਅਤੇ ਸਮਾਜਕ ਕਿਸਮ ਦੀਆਂ ਵਧੀਕੀਆਂ ਨੂੰ ਸਹਿਣ ਤੋਂ ਵੀ ਇਨਕਾਰੀ ਹੋ ਗਏ।

ਸਿੱਖੀ ਸੋਚ ਦੇ ਧਾਰਨੀ ਇਸ ਵਿਸ਼ਵਾਸ ਵਿਚ ਯਕੀਨ ਰਖਦੇ ਹਨ ਕਿ ਸ਼ਹੀਦ ਹੋਣ ਲਈ ਯੋਗ ਹੋਣਾ ਵੀ ਜ਼ਰੂਰੀ ਹੈ । ਮੌਤ ਅਤੇ ਜ਼ਿੰਦਗੀ ਦੇ ਅਰਥਾਂ ਵਿਚ ਫ਼ਰਕ ਨਾ ਸਮਝਣ ਵਾਲੇ ਹੀ ਸਿੱਖ ਧਰਮ ਵਿਚ ਸ਼ਹੀਦ ਸਮਝੇ ਜਾਂਦੇ ਹਨ । ਸਿੱਖ ਧਰਮ ਅੰਦਰ ਸ਼ਹਾਦਤ ਦੇ ਕੇ ਹੋਰ ਲੋਕਾਂ ਲਈ

Issue- 273, Vol-11, July 19, 2017

# ਸਿੱਖ ਕੌਮ ਸਿਰ ਕਰਜ਼ਾ

ਜਸਦੀਪ ਸਿੰਘ (510) 570-6237

ਕਰਜ਼ਾਈ ਬੰਦਾ ਕਦੀ ਸੁੱਖ ਦੀ ਨੀਂਦ ਨਹੀਂ ਸੌਂ ਸਕਦਾ। ਜੇਕਰ ਕਰਜ਼ ਸਿਰ ਚੜ੍ਹ ਹੀ ਜਾਵੇ ਤਾਂ ਜਿਵੇਂ-ਕਿਵੇਂ ਛੇਤੀ ਉਤਾਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਵਰਨਾ, ਆਪਾਂ ਹਰਰੋਜ਼ ਖ਼ਬਰਾਂ ਪੜ੍ਹਦੇ ਸੁਣਦੇ ਹਾਂ ਕਿ ਪੰਜਾਬ 'ਚ ਆਏ ਦਿਨ ਗ਼ਰੀਬ ਖ਼ੁਦਕਸ਼ੀ ਕਰ ਰਿਹਾ ਹੈ।

ਮੈਂ ਇਸ ਕਰਜ਼ੇ ਦੀ ਨਹੀਂ, ਬਲਕਿ ਗੁਰਬਾਣੀ ਦੀ ਹੋ ਰਹੀ ਬੇਅਦਬੀ ਦੇ ਕਰਜ਼ੇ ਦੀ ਗੱਲ ਕਰ ਰਿਹਾ ਹਾਂ। ਦੇਖ ਰਹੇ ਹਾਂ ਕਿ ਇੱਕ ਨਹੀਂ, ਦੋ ਨਹੀਂ, ਚਾਰ ਨਹੀਂ ਕਰੀਬ ਸੌ ਵਾਰ, ਕਿਸੇ ਨ ਕਿਸੇ ਰੂਪ 'ਚ ਕਦੀ ਕਿਤੇ ਅਤੇ ਕਦੀ ਕਿਤੇ ਬੇਅਦਬੀ ਦੀ ਘਟਨਾ ਵਾਪਰ ਚੁੱਕੀ ਹੈ। ਜਿਸ ਗੁਰਬਾਣੀ ਦਾ ਸਤਿਕਾਰ ਕਰਦਿਆਂ ਸ਼ਹੀਦਾਂ ਦੇ ਸਿਰਤਾਜ਼, ਪਿਆਰੇ ਗੁਰੂ ਅਰਜੁਨ ਦੇਵ ਜੀ ਮਹਾਰਾਜ਼ ਉਬਲਦੀ ਦੇਗ਼, ਤੱਤੀ ਤਵੀ ਤੇ ਬੈਠ ਅਸਹਿ ਅਤੇ ਅਕਹਿ ਕਸ਼ਟ ਸਹਾਰਦਿਆਂ ਸ਼ਹੀਦ ਤਾਂ ਹੋ ਗਏ ਪਰ ਮਨੁੱਖਤਾ ਦੇ ਭਲੇ ਲਈ ਰੱਬੀ ਗਿਆਨ ਦਾ ਸਾਗਰ ਸ੍ਰੀ ਗੁਰੂ ਗਰੰਥ ਸਾਹਿਬ ਜੀ, ਗੁਰਬਾਣੀ ਦਾ ਜਹਾਜ਼ ਸਾਨੂੰ ਬਖ਼ਸ਼ ਗਏ। ਜਿਸ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਸਾਨੂੰ ੮੪ ਤੋਂ ਮੁਕਤ ਕਰਨਾ ਹੈ, ਅੱਜ ਸਿੱਖ ਕੌਮ ਆਪਣੇ ਉਸ ਸ਼ਬਦ ਗੁਰੂ ਦਾ ਸਤਿਕਾਰ ਵੀ ਬਹਾਲ ਨਹੀਂ ਕਰ ਸਕੀ।

ਖ਼ਾਲਸਾ ਜੀ! ਗੁਰਬਾਣੀ ਦਾ ਸਤਿਕਾਰ ਬਹਾਲ ਕਰਨਾ ਸਿੱਖ ਕੌਮ ਦਾ ਮੁੱਢਲਾਫ਼ਰਜ਼ ਹੈ। ਕਿਸੇ ਸਰਕਾਰ ਤੋਂ ਆਪਾਂ ਨੂੰ ਆਸ ਨਹੀਂ ਰੱਖਣੀ ਚਾਹੀਦੀ। ਨਾ ਹੀ ਇਹ ਕਿਸੇ ਇੱਕ ਜਥੇਬੰਦੀ ਦਾ ਕੰਮ ਹੈ ਅਤੇ ਨਾ ਹੀ ਕਿਸੇ ਇੱਕ ਧਾਰਮਿਕ ਅਸਥਾਨ ਦਾ। ਇਹ ਤਾਂ ਹਰ ਇੱਕ ਸਿੱਖਨੂੰ ਹੀ ਧਿਆਨ ਦੇਣਾ ਪਵੇਗਾ, ਆਪਣੇ ਬਣਦੇ ਫ਼ਰਜ਼ ਨੂੰ ਪਹਿਚਾਣ ਕੇ ਯੋਗਦਾਨ ਪਾਉਣਾ ਪਵੇਗਾ। ਕਿਤੇ ਆਪਾਂ ਇੱਥੋਂ ਤੱਕ ਹੀ ਸੀਮਤ ਨਾ ਰਹਿ ਜਾਈਏ ਕਿ ਗੁਰਦਵਾਰਾ ਸਾਹਿਬ ਗਏ, ਮੱਥਾ ਟੇਕਿਆ, ਦੇਗ਼ ਛਕੀ ਅਤੇ ਪਕੌੜੇ ਖਾ ਕੇ ਘਰ ਪਰਤ ਗਏ।

ਹਰ ਇੱਕ ਸਿੱਖ ਨੂੰ ਸੋਚਣਾ ਚਾਹੀਦਾ ਹੈ ਕਿ ਉਹ ਗ਼ੁਲਾਮ ਹੈ ਅਤੇ ਬਾਣੀ ਦੀ ਬੇਅਦਬੀ ਰੋਕਣ ਲਈ ਉਹ ਕੀ ਯੋਗਦਾਨ ਪਾ ਸਕਦਾ ਹੈ। ਜੇਕਰ ਅਸੀਂ ਗੁਰਬਾਣੀ ਦੀ ਬੇਅਦਬੀ ਰੋਕਣ ਲਈ ਕੁੱਝ ਨਾ ਕੀਤਾ ਤਾਂ ਸਾਨੂੰ ਅੱਗੇ ਜਾ ਕੇ ਗੁਰੂ ਦੀ ਹਜ਼ੂਰੀ ਵਿੱਚ ਜਵਾਬ ਦੇਹ ਹੋਣਾ ਪਵੇਗਾ।

ਜੋ ਲੋਕ ਗੁਰਬਾਣੀ ਦੀ ਬੇਅਦਬੀ ਕਰ ਰਹੇ ਹਨ ਜਾਂ ਕਰਵਾ ਰਹੇ ਹਨ ਅਤੇ ਕਰਨ ਦੀ ਸ਼ਹਿ ਦੇ ਰਹੇ ਹਨ, ਉਨ੍ਹਾਂ ਦੀ ਬੁੱਧ ਭਰਿਸ਼ਟ ਹੋ ਚੁੱਕੀ ਹੈ। ਉਨ੍ਹਾਂ ਨੂੰ ਸਿੰਘਾਂ ਦੇ ਇਤਿਹਾਸ ਤੋਂ ਸਬਕ ਸਿੱਖ ਲੈਣਾ ਚਾਹੀਦਾ ਹੈ ਕਿ ਕੌਮ ਦੇ ਯੋਧਿਆਂ ਨੇ ਬੇਅਦਬੀ ਕਰਨ ਵਾਲਿਆਂ ਨੂੰ ਕਦੀ ਨਹੀਂ ਬਖ਼ਸ਼ਿਆ।

ਇਹ ਵੱਖਰੀ ਗੱਲ ਹੈ ਕਿ ਸਿੱਖ ਕੌਮ ਅਜੇ ਪੂਰੀ ਤਰਾਂ ਆਜ਼ਾਦ ਨਹੀਂ ਹੈ, ਦੂਸਰਾ ਸਿੱਖਾਂ ਵਿੱਚ ਕੁੱਝ ਇੱਕ ਵਿਕਾਊ ਗਦਾਰ ਬਿਰਤੀ ਵਾਲੇ ਲੋਕ ਵੀ ਹਨ ਜੋ ਹੋ ਰਹੇ ਨੁਕਸਾਨ ਵਿੱਚ ਸਿੱਧੇ ਜਾਂ ਅਸਿੱਧੇ ਤੌਰ ਤੇ ਜ਼ਿੰਮੇਵਾਰ ਹਨ, ਜਿਸ ਕਰਕੇ ਥੋੜ੍ਹੀ ਦੇਰ ਤਾਂ ਹੋ ਸਕਦੀ ਹੈ ਪਰੰਤੂਕੌਮ ਹਮੇਸ਼ਾਂ ਕਰਜ਼ਾ ਉਤਾਰਦੀ ਆਈ ਹੈ। ਦੁਸ਼ਟ ਲੋਕ ਮਤਾਂ ਸੋਚਣ ਕੇ ਗੁਰਬਾਣੀ ਦੀ ਬੇਅਦਬੀ ਕਰਨ ਨਾਲ ਸ਼ਾਇਦ ਗੁਰੂ ਮਹਾਰਾਜ ਦੀ ਮਹਾਨਤਾ ਘਟ ਜਾਵੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਨੂੰ ਦੁਨੀਆਂ ਦੀ ਕੋਈ ਵੀ ਤਾਕਤ ਨਾ ਘਟਾ ਸਕੀ ਹੈ ਅਤੇ ਨਾ ਹੀ ਅੱਗੇ ਲਈ ਕੋਈ ਘਟਾ ਸਕਦੀ ਹੈ। ਬੇਅਦਬੀ ਕਰਨ ਵਾਲਿਆਂ ਦਾ ਨਾਮੋ ਨਿਸ਼ਾਨ ਹਮੇਸ਼ਾਂ ਲਈ ਮਿਟਦਾ ਆਇਆ ਹੈ ਅਤੇ ਅੱਗੇ ਲਈ ਵੀ ਮਿਟਦਾ ਜਾਵੇਗਾ, ਖ਼ਾਲਸੇ ਦੀ ਸਦਾ ਜੈ ਜੈਕਾਰ ਹੋਵੇਗੀ।

# ਸਿਆਟਲ ਵਿਖੇ ਦੋ ਰੋਜ਼ਾ ਅੰਤਰ ਰਾਸ਼ਟਰੀ ਸਿੱਖ ਚੇਤਨਾ ਕਾਨਫਰੰਸ ਰਹੀ ਬੇਹੱਦ ਸਫਲ

## ਪ੍ਰਭਾਵਸ਼ਾਲੀ ਤੇ ਸੰਜੀਦਾ ਇਕੱਠ ਨੇ ਪੰਜ ਮਤੇ ਪਾਸ ਕੀਤੇ। ਮੂਲ ਨਾਨਕਸ਼ਾਹੀ ਕੈਲੰਡਰ ਦੀ ਬਹਾਲੀ। ਪੰਥ ਪ੍ਰਵਾਨਿਤ ਰਹਿਤ ਮਰਿਆਦਾ 'ਤੇ ਡਟ ਕੇ ਪਹਿਰਾ ਦੇਣ ਦਾ ਅਹਿਦ ਅਤੇ ਤੱਤਿ ਗੁਰਮਤਿ ਪ੍ਰਚਾਰਕਾਂ 'ਤੇ ਹੋਏ ਹਮਲਿਆਂ ਦੀ ਕੀਤੀ ਨਿਖੇਧੀ!!!

ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ)- 15-16 ਜੁਲਾਈ ਨੂੰ ਸਿਆਟਲ ਵਿਖੇ ਸੰਪੰਨ ਹੋਈ ਦੋ ਦਿਨਾ ਅੰਤਰ ਰਾਸ਼ਟਰੀ ਸਿੱਖ ਚੇਤਨਾ ਕਾਨਫਰੰਸ ਸਫਲਤਾ ਪੱਖੋਂ ਨਵਾਂ ਇਤਿਹਾਸ ਸਿਰਜਣ ਵਿਚ ਕਾਮਯਾਬ ਕਹੀ ਜਾ ਸਕਦੀ ਹੈ। ਕਿਉਂਕ ਇਸ ਵਿਚ ਅਮਰੀਕਾ, ਕੈਨੇਡਾ ਦੇ ਵੱਖ ਵੱਖ ਸਟੇਟਾਂ ਤੋਂ ਅਨੇਕਾਂ ਸਿੱਖ ਜਥੇਬੰਦੀਆਂ ਨਾਮਵਰ ਸ਼ਖਸੀ-ਅਤਾਂ ਅਤੇ ਗੁਰਦੁਆਰਾ ਕਮੇਟੀਆਂ ਦੇ ਨਾਲ ਨਾਲ ਇੰਗ-





ਲੈਂਡ ਤੇ ਪੰਜਾਬ ਤੋਂ ਵੀ ਪ੍ਰਸਿੱਧ ਬੁਲਾਰਿਆਂ ਨੇ ਭਾਗ ਲਿਆ। ਪਹਿਲੇ ਦਿਨ ਕੈਂਟ ਕਾਨਫਰੰਸ ਹਾਲ ਵਿਚ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਅਤੇ ਦੂਸਰੇ ਦਿਨ ਗੁਰਦੁਆਰਾ ਸੱਚਾ ਮਾਰਗ ਦੇ ਮੁੱਖ ਦੀਵਾਨ ਹਾਲ ਵਿਚ ਹੋਏ ਪ੍ਰਭਾਵਸ਼ਾਲੀ ਅਤੇ ਸੰਜੀਦਾ ਇਕੱਠਾਂ ਵਿਚ ਸਾਰੇ ਬੁਲਾਰਿਆਂ ਨੇ ਚਲੰਤ ਸਿੱਖ ਮਸਲਿਆਂ ਬਾਰੇ ਇਤਿਹਾਸ ਤੱਥਾਂ ਅਤੇ ਅੰਕੜਿਆਂ ਸਹਿਤ ਵਿਚਾਰ ਪ੍ਰਗਟਾਏ। ਬਕਾਇਦਾ ਅਰਦਾਸ ਕਰਨ ਤੋਂ ਬਾਅਦ ਸ਼ੁਰੂ ਹੋਏ ਸਮਾਗਮ ਵਿਚ ਡਾ. ਗੁਰਦਰਸ਼ਨ ਸਿੰਘ ਢਿੱਲੋਂ ਸਾਬਕਾ ਮੁਖੀ ਇਤਿਹਾਸ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਕੈਨੇਡਾ ਤੋਂ ਆਏ ਪਾਲ ਸਿੰਘ ਪੁਰੇਵਾਲ ਰਚ-ਨਾਕਾਰ ਨਾਨਕਸ਼ਾਹੀ ਕੈਲੰਡਰ, ਇੰਗਲੈਂਡ ਤੋਂ ਟਾਈਗਰ ਜਥੇ ਵਾਲੇ ਨੌਜਵਾਨ ਪ੍ਰਭਦੀਪ ਸਿੰਘ, ਗੁਰਦੇਵ ਸਿੰਘ ਸੱਧੇਵਾਲੀਆ ਸੰਪਾਦਕ 'ਖਬਰਦਾਰ' ਅਤੇ ਪ੍ਰਿੰਸੀਪਲ ਜਸਵੀਰ ਕੌਰ ਨੇ ਸਰੋਤਿਆਂ ਨੂੰ ਮੰਤਰ-ਮੁਗਧ ਕਰੀ ਰੱਖਿਆ। ਡਾ. ਢਿੱਲੋਂ ਨੇ ਗੁਰੂ ਕਾਲ ਤੋਂ ਲੈ ਕੇ ਹੁਣ ਤੱਕ ਸਿੱਖ ਫਲਸਫੇ ਨੂੰ ਗੰਧਲਾ ਕਰਨ ਦੇ ਬਿਪਰਵਾਦੀ ਮਨ-ਸੂਬਿਆਂ ਬਾਰੇ, ਭਾਈ ਪੁਰੇਵਾਲ ਨੇ ਸਿੱਖ ਪਹਿਚਾਣ ਦੀ ਵਿਲੱਖਣਤਾ ਪ੍ਰਤੀ ਨਾਨਕਸ਼ਾਹੀ ਕੈਲੰਡਰ ਦੀ ਵਿਸ਼ੇਸ਼ ਦੇਣ, ਪ੍ਰਭਦੀਪ ਸਿੰਘ ਨੇ ਪੰਥਕ ਰਹਿਤ ਮਰਿਆਦਾ ਬਾਰੇ, ਸੱਧੇਵਾਲੀਆ ਨੇ ਸਿੱਖ ਸਮਾਜ ਨੂੰ ਘੁਣ ਵਾਂਗ ਖਾ ਰਹੇ ਡੇਰਾਵਾਦ ਬਾਰੇ ਅਤੇ ਬੀਬੀ ਜਸਵੀਰ ਕੌਰ ਨੇ ਸਿੱਖ ਪਰਿਵਾਰਾਂ ਵਿਚ ਸਿੱਖੀ ਸੱਭਿਆਚਾਰ ਦੀ ਪ੍ਰਫੁੱਲਤਾ ਬਾਬਤ ਵਿਚਾਰ ਸਾਂਝੇ ਕੀਤੇ।

ਇਹਨਾ ਬੁਲਾਰਿਆਂ ਤੋਂ ਇਲਾਵਾ ਦੋਵੇਂ ਦਿਨਾਂ ਦੇ ਵਿਸ਼ਾਲ ਇਕੱਠਾਂ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਪ੍ਰਸਿੱਧ ਕਥਾਵਾਚਕ ਸ਼ਿਵਤੇਗ ਸਿੰਘ, ਪ੍ਰਮਜੀਤ ਸਿੰਘ ਉਤਰਾਖੰਡ, ਹਰਜਿੰਦਰ ਸਿੰਘ ਸਭਰਾ, ਸਰਬਜੀਤ ਸਿੰਘ ਸੈਕਰਾਮੈਂਟੋ, ਲਖਵੀਰ ਸਿੰਘ ਐਡਵੋਕੇਟ, ਵਰਿੰਦਰ ਸਿੰਘ ਐਲ. ਏ., ਹਰਸ਼ਿੰਦਰ ਸਿੰਘ ਸੰਧੂ, ਬਲਜਿੰਦਰ ਕੌਰ ਸਰੀ, ਸੁਖਵਿੰਦਰ ਸਿੰਘ ਵਾਈਸ ਆਫ ਖਾਲਸਾ ਰੇਡੀਓ, ਸੁਰਿੰਦਰ ਸਿੰਘ 'ਟਾਕਿੰਗ ਪੰਜਾਬ', ਮਹਿੰਦਰ ਸਿੰਘ ਹੁਸੈਨਪੁਰ ਤੇ ਤਰਲੋਚਨ ਸਿੰਘ ਦੁਪਾਲਪੁਰ ਕ੍ਰਮਵਾਰ ਮੌਜੂਦ ਤੇ ਸਾਬਕਾ ਮੈਂਬਰ ਐਸ. ਜੀ. ਪੀ. ਸੀ. ਕੁਲਦੀਪ ਸਿੰਘ ਰੇਡੀਓ ਹੋਸਟ, ਡਾ. ਹਰਚੰਦ ਸਿੰਘ, ਕਮਲਜੀਤ ਕੌਰ ਲੇਥਰੋਪ, ਡਾ. ਗੁਰਮੀਤ ਸਿੰਘ ਬਰਸਾਲ, ਜਸਮੀਤ ਸਿੰਘ ਤੇ ਅਜੈਬ ਸਿੰਘ ਸਿਆਟਲ ਆਦਿ ਬੁਲਾਰੇ ਸ਼ਾਮਲ ਸਨ। ਕਾਕਾ ਪ੍ਰਭਜੋਤ ਸਿੰਘ ਤੇ ਭਗੀਰਥ ਸਿੰਘ ਦਾ ਸਿਆਟਲ ਵਾਲਾ ਕਵੀਸ਼ਰੀ ਜਥਾ ਦੋਵੇਂ ਦਿਨ ਖਿੱਚ ਦਾ ਕੇਂਦਰ ਬਣਿਆ ਰਿਹਾ।

ਸਮਾਪਤੀ ਮੌਕੇ ਜੁੜੇ ਵਿਸ਼ਾਲ ਇਕੱਠ ਨੇ ਜੋਸ਼ੀਲੇ ਅੰਦਾਜ਼ ਵਿਚ ਹੱਥ ਖੜ੍ਹੇ ਕਰਕੇ ਜੈਕਾਰੇ ਛੱਡਦਿਆਂ ਪੰਜ ਮਤੇ ਪਾਸ ਕੀਤੇ। ਪਹਿਲੇ ਮਤੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੁੱਲ ਕਿਸੇ ਹੋਰ ਗ੍ਰੰਥ ਦਾ ਪ੍ਰਕਾਸ਼ ਕਰਨ ਜਾਂ ਬਰਾਬਰ ਸਨਮਾਨ ਦੇਣ ਦੀ ਨਿਖੇਧੀ ਕੀਤੀ ਗਈ। ਦੂਜੇ ਮਤੇ ਵਿਚ ਤੱਤਿ-ਗੁਰਮਤਿ ਪ੍ਰਚਾਰਕਾਂ 'ਤੇ ਹਮਲਿਆਂ ਦਾ ਵਿਰੋਧ ਅਤੇ ਪ੍ਰਚਾਰਕਾਂ ਦੇ ਨਾਲ ਡਟ ਕੇ ਖਲੋਣ ਦਾ ਅਹਿਦ ਲਿਆ ਗਿਆ। ਤੀਜੇ ਮਤੇ ਵਿਚ ਮੂਲ ਨਾਨਕਸ਼ਾਹੀ ਕੈਲੰਡਰ ਦੀ ਪੂਰਨ ਰੂਪ ਵਿਚ ਮੁੜ ਬਹਾਲੀ, ਚੌਥੇ ਮਤੇ ਵਿਚ ਪੰਥ ਪ੍ਰਵਾਨਿਤ ਰਹਿਤ ਮਰਿਆਦਾ ਵਿਚ ਡੇਰਾਵਾ ਦੀਆਂ ਵੱਲੋਂ ਕਿਸੇ ਤਰ੍ਹਾਂ ਦੀ ਸੰਭਾਵੀ ਛੇੜਛਾੜ ਨੂੰ ਹਰਗਿਜ਼ ਬਰਦਾਸ਼ਤ ਨਾ ਕਰਨ ਅਤੇ ਪੰਜਵੇਂ ਮਤੇ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਨੂੰ ਸਿਆਸੀ ਚੁੰਗਲ ਤੋਂ ਨਿਜਾਤ ਦਿਵਾਉਣ ਲਈ ਸਮੁੱਚੇ ਸਿੱਖ ਜਗਤ ਨੂੰ ਲਾਮਬੰਦ ਕਰਨ ਲਈ ਯਤਨ ਆਰੰਭਣ ਦੀ ਗੱਲ ਕਹੀ ਗਈ ਹੈ।

ਇਸ ਮੌਕੇ ਦੀ ਵਿਸ਼ੇਸ਼ ਗੱਲ ਇਹ ਰਹੀ ਕਿ ਯੂਨਾਈਟਿਡ ਸਿੱਖ ਨੇਸ਼ਨ ਅਤੇ ਕੁਝ ਸਥਾਨਕ ਸਿੱਖ ਆਗੂਆਂ ਵੱਲੋਂ ਰਲ ਕੇ ਐਲਾਨ ਕੀਤਾ ਗਿਆ ਕਿ ਜਿਹੜਾ ਵੀ ਕੋਈ ਵਿਦਵਾਨ, ਮੂਲ ਨਾਨਕਸ਼ਾਹੀ ਕੈਲੰਡਰ ਨੂੰ ਗਲਤ ਸਾਬਤ ਕਰੇ, ਉਸ ਨੂੰ ਹਾਫ ਮਿਲੀਅਨ ਡਾਲਰ ਇਨਾਮ ਦਿੱਤਾ ਜਾਵੇਗਾ। ਸਟੇਜ ਸਕੱਤਰ ਦੀ ਸੇਵਾ ਕੁਲਦੀਪ ਸਿੰਘ ਸਰੀ ਨੇ ਨਿਭਾਈ ਅਤੇ ਦੋਵੇਂ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਵਾਹਗੇ ਦੀ ਸਰਹੱਦ ਤੇ ਗੁਟਾਰ ਦਾ ਆਲ੍ਹਣਾ

ਅਮਰਜੀਤ ਸਿੰਘ ਮਾਨ

ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਦਰਸ਼ਨਾਂ ਲਈ ਜਾਣਾ ਜਿਥੇ ਸ਼ਰਧਾ ਨਾਲ ਜੁੜੀ ਭਾਵਨਾ ਹੈ, ਉਥੇ ਉਸ ਤੋਂ ਅੱਗੇ ਵਾਹਗਾ ਸਰਹੱਦ ਤਕ ਪਹੁੰਚਣਾ ਸੈਰ-ਸਪਾਟੇ ਨਾਲ ਜੁੜਿਆ ਮਕਸਦ ਬਣ ਜਾਂਦਾ ਹੈ। ਬੜੇ ਚਿਰਾਂ ਤੋਂ ਦਿਲੀ ਤਮੰਨਾ ਸੀ ਕਿ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਜਾਣ। ਐਤਕੀਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਇਹ ਤਮੰਨਾ ਪੂਰੀ ਕਰਨ ਦਾ ਮਨ ਬਣਾ ਲਿਆ। ਸਾਡੀ ਗੱਡੀ ਵਿੱਚ ਇਕ ਸੀਟ ਖਾਲੀ ਸੀ। ਮੈਂ ਦੋਸਤਾਂ ਵਰਗਾ ਨੌਜਵਾਨ ਭਾਣਜਾ ਆਪਣੇ ਨਾਲ ਲਿਜਾਣ ਲਈ ਤਿਆਰ ਕਰ ਲਿਆ। ਅਸੀਂ ਤੜਕਸਾਰ ਘਰੋਂ ਚੱਲੇ ਤੇ ਸਵੇਰੇ ਦਸ ਵਜੇ ਅੰਮ੍ਰਿਤਸਰ ਸ਼ਹਿਰ ਪਹੁੰਚ ਗਏ। ਸਿਫਤੀ ਦੇ ਘਰ ਹਰਿਮੰਦਰ ਸਾਹਿਬ ਸ਼ਰਧਾ ਪ੍ਰਗਟਾਉਣ, ਰਾਮ ਤੀਰਥ ਅਸਥਾਨ, ਵਾਰ ਹੀਰੋਜ਼ ਯਾਦਗਾਰ ਦੇਖਦੇ ਹੋਏ ਸ਼ਾਮੀਂ ਕਰੀਬ ਸਾਢੇ ਚਾਰ ਵਜੇ ਵਾਹਗਾ ਸਰਹੱਦ ਪਹੁੰਚ ਗਏ। ਗੱਡੀ ਪਾਰਕਿੰਗ ਵਿਚ ਲਾ ਦਿੱਤੀ। ਆਲੇ-ਦੁਆਲੇ ਨਜ਼ਰ



ਮਾਰੀ, ਬਹੁਤ ਖ਼ੂਬਸੂਰਤ ਤੇ ਵੱਖਰਾ ਜਿਹਾ ਮਾਹੌਲ ਲੱਗਿਆ। ਵਾਹਗਾ ਸਰਹੱਦ ਉਪਰ ਉਸ ਸਮੇਂ ਲੋਕਾਂ ਦੀ ਭੀੜ ਮੇਲੇ ਦਾ ਭੁਲੇਖਾ ਪਾ ਰਹੀ ਸੀ। ਸੀਮਾ ਸੁਰੱਖਿਆ ਬਲ (ਬੀਐਸਐਫ) ਦੇ ਜਵਾਨਾਂ ਵੱਲੋਂ ਲਈ ਜਾਂਦੀ ਤਲਾਸ਼ੀ ਪ੍ਰਕਿਰਿਆ ਵਿੱਚੋਂ ਲੰਘਦੇ ਹੋਏ ਅਸੀਂ ਝੰਡਾ ਉਤਾਰਨ ਵਾਲੇ ਬਣੇ ਖ਼ੂਬਸੂਰਤ ਸਥਾਨ ਨੇੜੇ ਪਹੁੰਚ ਗਏ। ਸਾਡੇ ਪਹੁੰਚਣ ਤਕ ਸਟੇਡੀਅਮ ਨੱਕੋ-ਨੱਕ ਭਰ ਚੁੱਕਾ ਸੀ। ਤਿਲ ਸੁੱਟਣ ਜੋਗੀ ਵੀ ਥਾਂ ਖਾਲੀ ਨਜ਼ਰ ਨਹੀਂ ਆ ਰਹੀ ਸੀ। ਫੇਰ ਵੀ ਫੌਜੀ ਜਵਾਨ ਹੋਰ ਆ ਰਹੀ ਭੀੜ ਨੂੰ ਸਟੇਡੀਅਮ ਦੀਆਂ ਬਿਲਕੁਲ ਉਪਰਲੀਆਂ ਪੌੜੀਆਂ ਤੱਕ ਭੇਜ ਰਹੇ ਸਨ। ਜਵਾਨਾਂ ਦੇ ਧੱਕੇ -ਧਕਾਏ ਮੈਂ ਤੇ ਪਾਲੀ ਵੀ ਸਿਖ਼ਰਲੀਆਂ ਪੌੜੀਆਂ ਦੇ ਇਕ ਕੋਨੇ ਤਕ ਪਹੁੰਚਣ ਵਿੱਚ ਸਫਲ ਹੋ ਗਏ ਸੀ। ਅਸੀਂ ਸਟੇਡੀਅਮ ਦੇ ਮਗਰਲੇ ਪਾਸੇ ਨਜ਼ਰ ਘੁਮਾਈ ਤਾਂ ਦੇਖਿਆ ਕਿ ਉਧਰ ਉਸਾਰੀ ਦਾ ਕੰਮ ਚਲ ਰਿਹਾ ਸੀ। ਇੱਟਾਂ,

(ਬਾਕੀ ਅਗਲੇ ਸਫੇ ਤੇ)




Royal Turban Tying Services

royalturban89@gmail.com

ਕਿਸੇ ਕਿਸਮ ਦੀ ਪੱਗ ਬੰਨ੍ਹਣਾ ਚਾਹੁੰਦੇ ਹੋ, ਕਿਸੇ ਵੀ ਖਾਸ ਮੌਕੇ ਤੇ ਵਿਆਹ-ਸ਼ਾਦੀਆਂ ਜਾਂ ਪਾਰਟੀਆਂ 'ਚ ਜਾਣ ਲਈ, ਜਿਸ ਤਰ੍ਹਾਂ ਦੀ ਪੱਗ ਬੰਨ੍ਹਣੀ ਚਾਹੁੰਦੇ ਹੋ।

ਤੁਸੀਂ **ਮਨਪ੍ਰੀਤ ਸਿੰਘ** ਨੂੰ ਫੋਨ ਕਰ ਸਕਦੇ ਹੋ:

925-918-2867

PAMMA LAW FIRM

Sukhraj S. Pamma
Attorney At Law
pammalaw@gmail.com



BABEL IMMIGRATION LAW, LLP

Magda Tatiana Reyes
Attorney At Law/ Abogada
treyes.babelimmigrationlaw@gmail.com

ਇੰਮੀਗ੍ਰੇਸ਼ਨ ਦੇ ਕਿਸੇ ਵੀ ਕੰਮ ਲਈ ਸੰਪਰਕ ਕਰੋ

Ph 530-329-8424 Fax 530-777-3900

855 Harter Parkway, Suite 305 Yuba City, CA 95993

# ਆ ਲਓ ਪੁੱਤ ਛੱਡਤੀ ਸ਼ਰਾਬ ਥੋਡੇ ਪਾਪੇ ਨੇ- ਰਾਜ ਬਰਾੜ ਮੱਲਕੇ



ਜਗਤਾਰ ਸਿੰਘ ਗਿੱਲ, ਫਰੀਮਾਂਟ
(ਪਿੰਡ ਪੁਰਾਣੇ ਵਾਲਾ, ਮੋਗਾ)
408-857-4455

ਯਾਦਾਂ ਆਦਮੀ ਦੀ ਜ਼ਿੰਦਗੀ ਦਾ ਕੀਮਤੀ ਸਰਮਾਇਆ ਹੁੰਦੀਆਂ ਹਨ। ਜਦੋਂ ਇਹ ਵਾਪਰਦੀਆਂ ਹਨ, ਉਦੋਂ ਸਧਾਰਨ ਜਿਹੀਆਂ ਲੱਗਦੀਆਂ ਹਨ ਪਰ ਬਾਅਦ ਵਿਚ ਮਹੱਤਵਪੂਰਨ ਬਣ ਜਾਂਦੀਆਂ ਹਨ। ਅੱਜ ਇਕ ਅਜਿਹੀ ਯਾਦ ਦਾ ਜ਼ਿਕਰ ਕਰਨ ਜਾ ਰਿਹਾ ਹਾਂ ਜੋ ਬਹੁਤ ਸਾਲ ਪਹਿਲਾਂ ਵਾਪਰੀ ਸੀ। ਮੈਂ ਪੰਜਾਬ ਗਿਆ ਸੀ, ਜ਼ਿਲ੍ਹਾ ਲੁਧਿਆਣਾ 'ਚ ਪੈਂਦੇ ਸ਼ਹਿਰ ਸੁਧਾਰ ਦੇ ਕਾਲਜ ਗੁਰੂਸਰ ਸੁਧਾਰ ਦੇ ਪਾਸ ਮੈਂ ਆਪਣੇ ਸਕਾਰਪੀਓ ਟਰੱਕ ਨੂੰ ਡਿੰਗ ਮਤਲਬ ਕਾਰ ਵਾਸ਼ ਤੇ ਸਾਫ ਕਰਾਉਣ ਲਈ ਲੈ ਕੇ ਗਿਆ। ਉਥੇ ਕਿਸੇ ਹੋਰ ਸ਼ੌਕੀਨ ਜਿਹੇ ਮੁੰਡੇ ਦੇ ਸਕਾਰਪੀਓ ਵਿਚ ਗਾਣਾ ਚੱਲ ਰਿਹਾ ਸੀ-

ਜੇ ਮੁੰਡਿਆ ਵੇ ਸਾਡੀ ਤੋਰ ਤੂੰ ਵੇਖਣੀ
ਗੜਵਾ ਲੈਦੇ ਚਾਂਦੀ ਦਾ
ਵੇ ਲੱਕ ਹਿੱਲੇ ਮਜਾਜਣ ਜਾਂਦੀ ਦਾ ..

ਅਸੀਂ ਕੁੜੀਏ ਨੀ ਤੇਰੀ ਤੋਰ ਨਾ ਵੇਖਣੀ
ਅੱਗ ਲਾਉਣਾ ਗੜਵਾ ਚਾਂਦੀ ਦਾ
ਨੀ ਲੱਕ ਟੁੱਟਜੂ ਹੁਲਾਰੇ ਖਾਂਦੀ ਦਾ ..

ਮੈਂ ਇਹ ਗੀਤ ਬਹੁਤ ਵਾਰੀ ਹਰਚਰਨ ਗਰੇਵਾਲ ਤੇ ਸੁਰਿੰਦਰ ਕੌਰ ਦੀ ਆਵਾਜ਼ ਵਿਚ ਸੁਣਿਆ ਹੋਇਆ ਸੀ ਪਰ ਇਹ ਨਵੀਂ ਜੋੜੀ ਕੌਣ ਹੋਈ? ਮੈਂ ਉਸ ਮੁੰਡੇ ਨੂੰ ਪੁੱਛਿਆ- ਛੋਟੇ ਵੀਰ ਇਹ ਗਾਉਣ ਵਾਲਾ ਕੌਣ ਹੈ। ਉਸਨੇ ਕਵਰ ਮੇਰੇ ਵੱਲ ਕਰਕੇ ਕਿਹਾ, ਬਾਈ ਆਪ ਹੀ ਪੜ੍ਹ ਲਓ ਮੈਨੂੰ ਤਾਂ ਪੜ੍ਹਨਾ ਨੀ ਆਉਂਦਾ। ਕਵਰ ਤੇ ਲਿਖਿਆ ਹੋਇਆ ਸੀ- ਰਾਜ ਬਰਾੜ ਅਤੇ ਅਨੀਤਾ ਸਮਾਣਾ। ਮੈਂ ਰਾਜ ਬਰਾੜ ਨੂੰ ਪਹਿਲਾਂ ਥੋੜ੍ਹਾ ਬਹੁਤ ਹੀ ਸੁਣਿਆ ਸੀ। ਗਾਣਾ ਸੁਣ ਕੇ ਮੇਰੀ ਰੂਹ ਖੁਸ਼ ਹੋ ਗਈ। ਸੀਡੀ ਦੇ ਕਵਰ ਤੋਂ ਮੈਂ ਰਾਜ ਬਰਾੜ ਦਾ ਨੰਬਰ ਨੋਟ ਕਰਕੇ ਸ਼ਾਮ ਨੂੰ ਫੋਨ ਕਰ ਲਿਆ। ਆਪਣੀ ਜਾਣ-ਪਛਾਣ ਕਰਵਾਈ ਤੇ ਗੀਤ ਦੀ ਤਾਰੀਫ ਕੀਤੀ। ਰਾਜ ਬਹੁਤ ਖੁਸ਼ ਹੋਇਆ ਤੇ ਮੇਰਾ ਪਿੰਡ ਪੁੱਛਿਆ। ਮੈਂ ਕਿਹਾ ਮੇਰਾ ਪਿੰਡ ਤੇਰੇ ਜ਼ਿਲ੍ਹੇ ਵਿਚ ਹੀ ਹੈ ਤੇ ਮੇਰੇ ਨਾਨਕੇ ਤੇਰੇ ਪਿੰਡਾਂ ਪਾਸ ਹਨ ਤੇ ਉਹ ਵੀ ਬਰਾੜ ਹਨ। ਅਸੀਂ ਫੋਨ 'ਤੇ ਹੀ ਦੋਸਤ ਬਣ ਗਏ। ਮੈਂ ਸਵਾਲ ਕੀਤਾ ਕਿ ਤੁਸੀਂ ਹਸਨਪੁਰੀ ਤੋਂ ਇਜਾਜ਼ਤ ਲਈ ਸੀ ਜਾਂ ਨਹੀਂ। ਕਹਿੰਦਾ ਬਾਈ ਜੇ ਗੀਤ ਦਸ ਸਾਲ ਪੁਰਾਣਾ ਹੋ ਜਾਵੇ ਤਾਂ ਜ਼ਰੂਰਤ ਨਹੀਂ ਪਰ ਉਹ ਮੈਥੋਂ ਕੁਝ ਲੁਕਾ ਗਿਆ ਸੀ, ਜਿਸਦਾ ਮੈਨੂੰ ਬਾਅਦ 'ਚ ਪਤਾ ਲੱਗਾ।

ਉਸੇ ਟਰਿੱਪ 'ਚ ਮੈਂ ਇੰਦਰਜੀਤ ਹਸਨਪੁਰੀ ਦੀ ਇੰਟਰਵਿਊ ਕਰਨ ਚਲਾ ਗਿਆ। ਉਥੇ ਇਸ ਗੀਤ ਦਾ ਜ਼ਿਕਰ ਚੱਲ ਪਿਆ। ਹਸਨਪੁਰੀ ਕਹਿੰਦੇ ਗੀਤ ਸੁਣਕੇ ਮੈਂ ਰਾਜ ਬਰਾੜ ਨੂੰ ਇਕ ਕਾਨੂੰਨੀ ਘੁੰਡੀ ਵਾਲਾ ਖਤ ਲਿਖ ਦਿੱਤਾ, ਜਿਸਦੀ ਕਾਪੀ ਉਹਨਾਂ ਮੈਨੂੰ ਦਿਖਾ ਦਿੱਤੀ। ਖਤ ਪੜ੍ਹ ਕੇ ਰਾਜ ਬਰਾੜ ਨੇ ਖਤ ਦਾ ਜਵਾਬ ਵੀ ਦਿੱਤਾ ਤੇ ਖਤ ਮਿਲਣ ਤੋਂ ਪਹਿਲਾਂ ਹੀ ਘਰੇ ਆ ਕੇ ਮਾਫੀ ਮੰਗ ਗਿਆ। ਰਾਜ ਦਾ ਖਤ ਵੀ ਉਹਨਾਂ ਮੈਨੂੰ ਵਿਖਾ ਦਿੱਤਾ।

ਹਸਨਪੁਰੀ ਦੇ ਦੱਸਣ ਮੁਤਾਬਕ ਰਾਜ ਬਰਾੜ ਫਲਾਂ ਦਾ ਟੋਕਰਾ ਲੈ ਕੇ ਆਇਆ ਤੇ ਮੈਨੂੰ ਇਕ ਪੱਗ ਸਮੇਤ ਪੁਸ਼ਾਕ ਦੇ ਕੇ ਗਿਆ। ਪਹਿਲਾਂ ਤਾਂ ਮੈਂ ਨਾਂਹ ਕਰ ਦਿੱਤੀ, ਫਿਰ ਘਰ ਵਾਲੀ ਦੇ ਕਹਿਣ 'ਤੇ ਰਾਜ ਦਾ ਮਾਣ ਰੱਖ ਲਿਆ। ਰਾਜ ਕਹਿੰਦਾ ਬਾਪੂ ਜੋ ਮਰਜ਼ੀ ਸਜਾ ਲਾ ਦਿਓ ਤੇ ਮੈਂ ਕਿਹਾ, ਹੁਣ ਤੂੰ ਚੱਲ ਕੇ ਆ ਗਿਆ ਹੈਂ, ਸਜ਼ਾ ਕੋਈ ਨੀ ਮੈਨੂੰ ਗੀਤ ਆਪਦੀ ਜ਼ੁਬਾਨੀ ਸੁਣਾਦੇ। ਗੀਤ ਸੁਣ ਕੇ ਮੇਰੀ ਰੂਹ ਰਾਜ਼ੀ ਹੋ ਗਈ ਤੇ ਮੈਂ ਮੁੰਡੇ ਨੂੰ ਥਾਪੀ ਦਿੱਤੀ ਤੇ ਕਿਹਾ ਅੱਗੇ ਤੋਂ ਬਿਨਾਂ ਪੁੱਛੇ ਨਾ ਕਰਾਈਂ ਤੇ ਰਾਜ ਨੇ ਕਰਵਾਇਆ ਵੀ ਨਹੀਂ।

ਘਰ ਆ ਕੇ ਮੈਂ ਰਾਜ ਨੂੰ ਫੋਨ ਲਾ ਲਿਆ। ਕਹਿੰਦਾ ਕਿੱਧਰ ਘੁੰਮ ਰਹੇ ਹੋ। ਮੈਂ ਕਿਹਾ ਤੇਰੇ ਬਾਪੂ ਪਾਸੋਂ ਆ ਰਿਹਾ ਹਾਂ। ਕਹਿੰਦਾ ਮੱਲਕੇ ਗਏ ਸੀ? ਮੈਂ ਕਿਹਾ ਨਹੀਂ, ਹਸਨਪੁਰੋਂ ਆ ਰਿਹਾ ਹਾਂ। ਤੇਰੀ ਤੇ ਤੇਰੇ ਬਾਪੂ ਦੀਆਂ ਦੋਵੇਂ ਚਿੱਠੀਆਂ ਵੀ ਪੜ੍ਹ ਲਈਆਂ। ਉਹ ਬੇਨਤੀ ਤੇ ਉਤਰ ਆਇਆ ਤੇ ਕਹਿੰਦਾ ਬਾਈ ਆਪਣੇ ਪਾਸ ਹੀ ਰੱਖਿਓ।

ਅੱਜ ਇਹ ਤੁਹਾਡੇ ਨਾਲ ਇਸ ਕਰਕੇ ਸਾਂਝੀ ਕਰ ਹਿ ਹਾਂ ਕਿ ਹੁਣ ਰਾਜ ਬਰਾੜ ਵੀ ਨਹੀਂ ਰਿਹਾ ਤੇ ਨਾ ਹੀ ਹਸਨਪੁਰੀ ਹਨ। ਉਸਦਾ ਇਹ ਪਰਦਾ ਮੈਂ ਉਹਦੇ ਜਿਉਂਦੇ ਜੀਅ ਕਦੇ ਜ਼ਾਹਿਰ ਨਹੀਂ ਕੀਤਾ ਸੀ। ਹੁਣ ਤਾਂ ਇਹ ਸਿਰਫ ਯਾਦ ਬਣ ਕੇ ਰਹਿ ਗਈ ਹੈ। ਰਾਜ ਫਿਰ ਵੀ ਸਿਆਣਾ ਨਿਕਲਿਆ, ਘਰੇ ਜਾ ਕੇ ਮਾਫੀ ਮੰਗ ਲਈ ਤੇ ਅੱਗੋਂ ਤੋਂ ਕੋਈ ਹੋਰ ਗੀਤ ਵੀ ਨਾ ਕਰਵਾਇਆ। ਹਸਨਪੁਰੀ ਵੀ ਦਿਲ ਦਰਿਆ ਨਿਕਲੇ। ਰਾਜ ਦਾ ਇਹ ਰਾਜ਼ ਅੱਜ ਤੁਹਾਡੇ ਨਾਲ ਇਕ ਯਾਦ ਦੇ ਤੌਰ ਤੇ ਸਾਂਝਾ ਕੀਤਾ ਹੈ।

ਰਾਜ ਬਰਾੜ ਦਾ ਜਨਮ 4 ਜਨਵਰੀ 1972 'ਚ ਪਿਤਾ ਪਿਸ਼ੌਰਾ ਸਿੰਘ ਦੇ ਘਰ ਮਾਤਾ ਧਿਆਨ ਦੀ ਕੁੱਖ ਤੋਂ ਪਿੰਡ ਮੱਲਕੇ ਜ਼ਿਲ੍ਹਾ ਮੋਗਾ ਵਿਚ ਹੋਇਆ ਸੀ। ਤੇ ਕੁਦਰਤਨ ਉਸਦਾ ਸਸਕਾਰ ਵੀ 3 ਜਨਵਰੀ ਨੂੰ ਹੋਇਆ। ਇਸੇ ਸਾਲ 2017 ਵਿਚ ਰਾਜ ਨੇ ਅਖੀਰਲਾ ਸਾਹ 31 ਦਸੰਬਰ 2016 ਨੂੰ ਗੌਰਮਿੰਟ ਮੈਡੀਕਲ ਕਾਲਜ ਚੰਡੀਗੜ੍ਹ ਵਿਖੇ ਲਿਆ। ਭਰ ਜਵਾਨੀ ਵਿਚ 45 ਸਾਲ ਦੀ ਉਮਰ ਕੀ ਹੁੰਦੀ ਹੈ। ਪਿੱਛੇ ਛੱਡ ਗਿਆ ਰੋਂਦੇ-ਕੁਰਲਾਉਂਦੇ ਪਰਿਵਾਰ ਨੂੰ। ਪਿਤਾ-ਮਾਤਾ, ਪਤਨੀ ਬਲਵਿੰਦਰ ਕੌਰ, ਬੇਟਾ ਜਸਨੂਰ ਤੇ ਬੇਟੀ ਸਵੀਤਾਜ। ਇਕ ਛੋਟੀ ਭੈਣ ਤੇ ਇਕ ਭਰਾ ਜਿਹਨਾਂ ਦਾ ਵਿਰਲਾਪ ਝੱਲਿਆ ਨਹੀਂ ਜਾਂਦਾ ਸੀ। ਪਤਨੀ ਦੀ ਹਾਲਤ ਨਾ ਵੇਖਣਯੋਗ ਸੀ। ਵੱਸਦੇ ਰਸਦੇ ਪਰਿਵਾਰ ਨੂੰ ਮਾਰ ਕੇ ਸੁੱਟ ਗਿਆ ਰਾਜ।

ਰਾਜ ਧਰਮਿੰਦਰ ਵਾਂਗੂੰ ਸੋਹਣਾ ਸੁਨੱਖਾ ਸੀ। ਇਸੇ ਕਰਕੇ ਉਸਨੂੰ ਫਿਲਮ 'ਜਵਾਨੀ ਜ਼ਿੰਦਾਬਾਦ' ਵਿਚ ਐਕਟਰ ਲਿਆ ਗਿਆ ਸੀ। ਪੰਜਾਬ ਨਾਲੋਂ ਕੈਨੇਡਾ ਵਿਚ ਬਹੁਤ ਚੱਲੀ ਫਿਲਮ। ਰਾਜ ਨੂੰ ਪੂਰਾ ਹੱਕ ਨਾ ਮਿਲਿਆ ਤੇ ਇਹ ਗੱਲ ਦਾ ਸਦਮਾ ਉਸਨੇ ਦਿਲ 'ਤੇ ਲਾ ਲਿਆ। ਉਸਦੇ ਦੋਸਤ ਵੀ ਇਹੋ ਕਹਿੰਦੇ ਹਨ ਤ ਬਲਤੇਜ ਪੰਨੂ ਨੇ ਵੀ ਵੀਡੀਓ 'ਚ ਇਹੀ ਕਿਹਾ ਹੈ। ਪਰ ਮੇਰਾ ਦਿਲ ਇਸ ਗੱਲ ਨੂੰ ਨਹੀਂ ਮੰਨਦਾ ਕਿਉਂਕਿ ਉਹ ਸਰਦੇ-ਪੁੱਜਦੇ ਘਰ ਦਾ ਮੁੰਡਾ ਸੀ ਤੇ ਚੰਡੀਗੜ੍ਹ ਕੋਠੀ 'ਚ ਰਹਿੰਦਾ ਸੀ। ਜੱਟਾਂ ਲਈ ਵਾਧੇ-ਘਾਟੇ ਆਮ ਜਿਹੀ ਗੱਲ ਹੁੰਦੀ ਹੈ। ਅਸਲੀਅਤ ਰਾਜ ਦੇ ਨਾਲ ਹੀ ਚਲੀ ਗਈ।

ਰਾਜ ਬਰਾੜ ਗਾਇਕੀ ਨਾਲੋਂ ਪਹਿਲਾਂ ਲੇਖਕ



ਰਾਜ ਬਰਾੜ

ਬਣਿਆ, ਜਿਵੇਂ ਦੀਦਾਰ ਸੰਧੂ, ਦੇਬੀ ਮਖਸੂਸਪੁਰੀ, ਜਸਵੰਤ ਸੰਦੀਲਾ, ਹਾਕਮ ਬਖਤੜੀ, ਚਮਕੀਲਾ ਤੇ ਪਾਲੀ ਦੇਤਵਾਲੀਆ ਸਨ। ਸਦੀਕ ਨੇ ਰਾਜ ਦਾ ਗੀਤ ਗਾਇਆ- ਘਰੇ ਜਾ ਕੇ ਨਾ ਚੁੱਲ੍ਹੇ 'ਚ ਲੱਤ ਮਾਰੀਂ ਨੱਚਣਾ ਤਾਂ ਹੁਣ ਨੱਚ ਲੈ, ਮੱਲਕਿਆਂ ਦਾ ਰਾਜ ਤਾਰੂ ਨਖਰੇ ਦਾ ਮੁੱਲ ਨੀ। ਹਰਭਜਨ ਮਾਨ ਨੇ ਗਾਇਆ- ਤੇਰੀ ਭਿੱਜਗੀ ਕੁੜਤੀ ਲਾਲ ਪਸੀਨੇ ਨਾਲ ਕੁੜੇ। ਇਸ ਤੋਂ ਇਲਾਵਾ ਕੁਲਦੀਪ ਮਾਣਕ ਤੇ ਸਰਦੂਲ ਸਿਕੰਦਰ ਨੇ ਵੀ ਰਾਜ ਦੇ ਗੀਤ ਰਿਕਾਰਡ ਕਰਵਾਏ।

ਰਾਜ ਦੀ ਆਪਣੀ ਚੜ੍ਹਾਈ ਆਪਣੇ ਹੀ ਲਿਖੇ ਗੀਤ ਤੋਂ ਹੋਈ- ਨੀ ਸਾਡੇ ਵਾਰੀਂ ਰੰਗ ਮੁੱਕਿਆ ਹੋਲੀ ਗੈਰਾਂ ਨਾਲ ਖੇਡੀ ਤੂੰ ਬਥੇਰੀ। ਅਖੀਰਲੇ ਅੰਤਰੇ ਵਿਚ ਲਿਖਿਆ ਹੈ-

ਦਿੰਦੇ ਰਹਿ ਗਏ ਤੈਨੂੰ ਛੱਲੇ ਮੁੰਦੀਆਂ ਨਿਸ਼ਾਨੀਆਂ
ਮੱਲਕਿਆਂ ਦੇ ਰਾਜ ਪੱਲੇ ਪਈਆਂ ਬਦਨਾਮੀਆਂ
ਕੋਈ ਆਈ ਨਾ ਸਮਝ ਹੇਰਾਫੇਰੀ
ਨੀ ਸਾਡੇ ਵਾਰੀਂ ਰੰਗ ਮੁੱਕਿਆ ਹੋਲੀ ਗੈਰਾਂ ਨਾਲ ...।

ਇਸ ਤੋਂ ਬਾਅਦ ਰਾਜ ਨੇ ਮੁੜਕੇ ਪਿੱਛੇ ਨਾ ਵੇਖਿਆ। ਦੇਸੀ ਪੌਪ-ਇਕ-ਦੋ ਤੇ ਫਿਰ ਤਿੰਨ ਸੀਡੀਆਂ ਆਈਆਂ। ਲੋਕ ਤਾ, ਰੀਬਰਥ, ਮਹਿਫਲਾਂ ਸਰਕਾਰ ਤੇ ਗੁਨਾਹਗਾਰ ਵਰਗੀਆਂ ਸੀਡੀਆਂ ਕਰਵਾਈਆਂ। ਰਾਜ ਨੇ ਗਾਇਕੀ ਨੂੰ ਕਿੱਤੇ ਦੇ ਤੌਰ ਤੇ ਅਪਣਾਇਆ, ਸ਼ੌਂਕ ਦੇ ਤੰਦ ਪਾਏ ਆਪਣੇ ਮਨ ਦੇ ਚਾਅ ਪੂਰੇ ਕੀਤੇ।

ਦੂਜੇ ਮਸ਼ਹੂਰ ਗਾਇਕਾਂ ਦੀਆਂ ਤਰਜਾਂ 'ਤੇ ਹੀ ਗੀਤ ਕਰਾ ਦਿੰਦਾ ਪਰ ਰਾਜ ਦੀ ਸ਼ਖਸੀਅਤ ਕਰਕੇ ਸਭ ਕੁਝ ਚੱਲੀ ਗਿਆ। ਉਦਾਹਰਣ ਵਜੋਂ ਸਦੀਕ ਤੇ ਰਣਜੀਤ ਕੌਰ ਦਾ ਗੀਤ ਸੀ-

ਬੋਦੀ ਵਾਲਾ ਤਾਰਾ ਚੜ੍ਹਿਆ, ਘਰ ਘਰ ਹੋਣ ਵਿਚਾਰਾਂ ਵੇ
ਕੁਝ ਲੁੱਟ ਲਈ ਮੈਂ ਪਿੰਡ ਦਿਆਂ ਪੰਚਾਂ
ਕੁਝ ਲੁੱਟ ਲਈ ਸਰਕਾਰਾਂ ਨੇ

ਇਸੇ ਤਰਜ਼ ਤੇ ਦੀਦਾਰ ਦਾ ਗੀਤ ਸੀ:

ਠੇਕੇਦਾਰਾ ਬੋਦਲ ਦਾ ਨਾਂ
ਰੱਖ ਲਿਆ ਤੇਰੇ ਨਾਂ ਉਤੇ
ਕੋਈ ਕਦਰਦਾਨ ਮੁੱਲ ਪਾਵੇ
ਵੇ ਮੈਂ ਚੜ੍ਹੀ ਚੁਬਾਰੇ ਤਾਂ ਉਤੇ ..

ਤੇ ਹੂਬਹੂ ਰਾਜ ਨੇ ਗੀਤ ਕਰਵਾ ਦਿੱਤਾ ਅਨੀਤਾ ਸਮਾਣਾ ਨਾਲ:

ਸਾਲ ਸੋਲਵਾਂ ਚੜ੍ਹੀ ਜਵਾਨੀ ਆ ਗਈ ਰੁੱਤ ਪਿਆਰਾਂ ਦੀ
ਹਰ ਇਕ ਹਰਸਤ ਦਿਲ ਦੀ ਦਿਲ ਵਿਚ ਮਰ ਜਾਂਦੀ ਮੁਟਿਆਰਾਂ ਦੀ
ਹੱਸਦੀ ਦੇ ਦੰਦ ਗਿਣਨ ਵਾਲਿਆ ਅੱਥਰੂ ਨੀ ਕੋਈ ਗਿਣ ਸਕਦਾ
ਤੂੰ ਕੀ ਸਮਝੇ ਕੀ ਜਾਣੇ ਨੀ ਮੈਂ ਜੀਅ ਨਹੀਂ ਤੇਰੇ ਬਿਨ ਸਕਦਾ।

ਰਾਜ ਨੇ ਦੋਗਾਣੇ ਕਰਵਾਏ ਤੇ ਕਈ ਦਰਦ ਭਰੇ ਸੋਲੋ ਗੀਤ ਵੀ ਕਰਵਾਏ। ਇਹਨਾਂ ਗੀਤਾਂ ਨੂੰ ਸੁਣ ਕੇ ਇਉਂ ਲੱਗਦਾ ਹੈ ਜਿਵੇਂ ਰਾਜ ਨੂੰ ਕੋਈ ਗਮ ਲੱਗਾ ਹੋਇਆ ਸੀ ਜਾਂ ਫਿਰ ਸੱਟ ਖਾਧੀ ਹੋਈ ਜਵਾਨੀ ਦੀ ਤਰਜ਼ਮਾਨੀ ਕਰਦਾ ਹੋਵੇ।ਇਉਂ ਵੀ ਲੱਗਦਾ ਹੈ ਜਿਵੇਂ ਉਸਨੂੰ ਆਪਣੀ ਮੌਤ ਯਕੀਨਨ ਅੱਖਾਂ ਸਾਹਵੇ ਦਿੱਸਦੀ ਸੀ- ਉਸਦੇ ਹੀ ਇਕ ਗੀਤ ਚਲਦੇ ਤੋਂ ਇਹ ਸ਼ੇਅਰ ਦਿਖਾਈ ਦਿੰਦੇ ਹਨ-

ਜਦੋਂ ਪਿਆਰ ਮੇਰੇ ਦਾ ਅਹਿਸਾਸ ਤੈਨੂੰ ਹੋਣਾ ਵੇ
ਉਦੋਂ ਸੱਜਣਾ ਮੈਂ ਇਸ ਜੱਗ ਤੇ ਨਹੀਂ ਹੋਣਾ ਵੇ।

ਸਾਨੂੰ ਜ਼ਿੰਦਗੀ ਧੋਖਾ ਦੇ ਚੱਲੀ
ਹੁਣ ਮੌਤ ਨੂੰ ਵੀ ਅਜ਼ਮਾਵਾਂਗੇ।

ਜੇ ਉਹ ਵੀ ਬੇ-ਵਫਾ ਨਿਕਲੀ
ਦੱਸ ਕਿਧਰ ਨੂੰ ਫੇਰ ਜਾਵਾਂਗੇ।

ਛੱਡ ਜਾਣ ਵਾਲੀ ਰੋਗ ਉਮਰਾਂ ਦੇ ਲਾ ਗਈ
ਤਾਰੇ ਟੁੱਟਦੇ ਨੂੰ ਵੇਖ ਟੁੱਟੀ ਯਾਰੀ ਯਾਦ ਆ ਗਈ।

ਕੀ ਕਰੀਏ ਕੁਝ ਕਹਿ ਨਹੀਂ ਹੁੰਦਾ
ਦਰਦ ਤੇਰੀ ਜੁਦਾਈ ਵਾਲਾ ਸਹਿ ਨਹੀਂ ਹੁੰਦਾ
ਕਿੰਝ ਕੱਟਾਂਗੇ ਸਾਰੀ ਜ਼ਿੰਦਗੀ ਤੇਰੇ ਤੋਂ ਬਗੈਰ
ਇਕ ਪਲ ਵੀ ਤੇਰੇ ਬਗੈਰ ਰਹਿ ਨਹੀਂ ਹੁੰਦਾ।

ਜੁਦਾਈ ਤੇਰੀ ਨੇ ਮੈਨੂੰ ਹਾਲੋਂ ਬੇਹਾਲ ਕਰ ਦਿੱਤਾ
ਤੇਰੇ ਝੋਰੇ ਨੇ ਮੈਨੂੰ ਹੱਡੀਆਂ ਦਾ ਜਾਲ ਕਰ ਦਿੱਤਾ
ਦਿਲ ਕਰਦਾ ਏ ਆਜ਼ਾਦ ਕਰ ਦੇਵਾਂ ਰੂਹ ਆਪਣੀ
ਕਿਉਂ ਤੈਨੂੰ ਪਾਉਣ ਦੀ ਜਿੱਦ ਮੇਰੀ ਨੇ
ਮੇਰੇ ਹੁਸਨ ਤੇ ਮੇਰੇ ਜਿਸਮ ਨੂੰ ਕੰਗਾਲ ਕਰ ਦਿੱਤਾ।

ਕਦੇ ਪੁੱਛਿਆ ਨਾ ਆ ਕੇ ਕਿਵੇਂ ਕੱਟਦੇ ਹਾਂ ਦਿਨ
ਨਿੱਤ ਆਪਣੇ ਹੀ ਦੁੱਖੜੇ ਸੁਣਾ ਦਿੰਨੀ ਐਂ।

ਮੁੱਕਦੀ ਏ ਗੱਲ ਕਹਿੰਦੇ ਆਖਰੀ ਸੰਯੋਗ ਤੇ
ਆਉਂਦੀ ਨਹੀਂ ਦਵਾਈ ਕੰਮ ਇਸ਼ਕ ਦੇ ਰੋਗ ਤੇ।
ਹੰਝੂਆਂ ਦੇ ਦੀਵੇ ਰੱਖ ਨੈਣਾਂ ਵਿਚ ਬਾਲ ਵੇ
ਅਸੀਂ ਨਹੀਂ ਤਾਂ ਸਾਡੀਆਂ ਦੁਆਵਾਂ ਤੇਰੇ ਨਾਲ ਵੇ।

ਕਈ ਗੀਤ ਵੀ ਗਮ ਭਰੇ ਕਰਵਾਏ- ਜਿਵੇਂ ਇਕ ਦੁੱਖ ਹੋਰ ਸਹੀ, ਅਸੀਂ ਬਦਨਾਮ ਹੋ ਗਏ, ਜਾਨੇਂ ਮੇਰੀਏ। ਜਦੋਂ ਨੂੰ ਰਾਜ ਨੇ ਦਾਰੂ ਛੱਡੀ ਉਦੋਂ ਨੂੰ ਬਹੁਤ ਦੇਰ ਹੋ ਚੁੱਕੀ ਸੀ। ਗੀਤ ਲਿਖਿਆ ਗੁਨਾਹਗਾਰ ਜਿਸ ਵਿਚ ਆਪਣੀ ਜੀਵਨੀ ਸਾਂਝੀ ਕੀਤੀ- ਆ ਲਓ ਪੁੱਤ ਛੱਤਤੀ ਸਰਾਬ ਥੋਡੇ ਪਾਪੇ ਨੇ।

ਕਈ ਗੀਤ ਵੀ ਗਮ ਭਰੇ ਕਰਵਾਏ- ਜਿਵੇਂ ਇੱਕਦਮ ਹੋਰ ਸਹੀ- ਅਸੀਂ ਬਦਨਾਮ ਹੋ ਗਏ- ਜਾਨੇ ਮੇਰੀਏ। ਜਦੋਂ ਨੂੰ ਰਾਜ ਨੇ ਦਾਰੂ ਛੱਡੀ ਉਦੋਂ ਨੂੰ ਬਹੁਤ ਦੇਰ ਹੋ ਚੁੱਕੀ ਸੀ। ਗੀਤ ਲਿਖਿਆ ਗੁਨਾਹਗਾਰ ਜਿਸ ਵਿਚ ਆਪਣੀ ਜੀਵਨੀ ਸਾਂਝੀ ਕੀਤੀ- ਆ ਲਓ ਪੁੱਤ ਛੱਤਤੀ ਸਰਾਬ ਥੋਡੇ ਪਾਪੇ ਨੇ।

ਇਸ ਵੀਡੀਓ ਰਾਹੀਂ ਰਾਜ ਨੇ ਆਪਣੀ ਕੀਤੀ ਹੋਈ ਗਲਤੀ ਨੂੰ ਮਹਿਸੂਸ ਕਰਕੇ ਇਕ ਸੰਦੇਸ਼ ਦਿੱਤਾ ਹੈ ਜੋ ਪਹਿਲਾਂ ਕਦੇ ਵੀ ਕਿਸੇ ਸ਼ਰਾਬ ਪੀਣ ਵਾਲੇ ਨੇ ਹਿੰਮਤ ਨਹੀਂ ਕੀਤੀ। ਰਾਜ ਜ਼ਿੰਦਾ ਦਿਲ ਇਨਸਾਨ ਸੀ, ਜਿਸ ਨੇ ਸਵੀਕਾਰ ਕਰ ਲਿਆ ਤੇ ਅੱਗੇ ਤੋਂ ਨਾ ਪੀਣ ਦਾ ਹੌਸਲਾ ਕੀਤਾ। ਇਯ ਵੀਡੀਓ ਦੇ ਸਾਰ ਅੰਸ਼ ਇਸ ਪ੍ਰਕਾਰ ਹੈ, ਜੋ ਰਾਜ ਦੀ ਆਪਣੀ ਜ਼ੁਬਾਨੀ ਕਮੈਂਟਰੀ ਕੀਤੀ ਹੋਈ ਤੇ ਗੀਤ ਵੀ ਆਪ ਹੀ ਗਾਇਆ ਹੈ-

ਸੱਜਣੋ ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੁੰਦਾ ਕਿ ਕਦੇ ਕਿਤੇ ਹਾਸੇ ਖੇਡੇ ਵਿਚ ਕੀਤੀ ਹੋਈ ਪਹਿਲੀ ਸਿੱਪ ਨਸ਼ੇ ਦੀ ਜੋ ਉਸਨੂੰ ਸ਼ਰਾਬੀ ਤੱਕ ਲੈ ਜਾਵੇਗੀ, ਸ਼ਰਾਬੀ ਤੱਕ ਮਸ਼ਹੂਰ ਕਰ ਦੇਵੇਗੀ। ਇਕ ਹਾਸੇ ਖੇਡੇ ਵਿਚ ਟੱਚ ਕੀਤਾ ਹੋਇਆ ਨਸ਼ਾ ਉਸਨੂੰ ਅਮਲੀ ਤੱਕ ਦਾ ਸਫਰ ਕਰਾਊਗਾ। ਜਦੋਂ ਕਿਸੇ ਨਸ਼ੇ ਵਾਲੇ ਨੇ ਨਸ਼ਾ ਕੀਤਾ ਹੁੰਦੈ, ਉਹ ਆਪਣੀਆਂ ਰੰਗੀਨੀਆਂ 'ਚ ਹੁੰਦੈ। ਭੁਗਤਣਾ ਕੀਹਨੂੰ ਪੈਂਦਾ ਹੈ। ਉਸਦੇ ਆਲੇ ਦੁਆਲੇ ਨੂੰ, ਉਸਦੀ ਮਾਂ-ਬਾਪ, ਭੈਣ-ਭਰਾ, ਪਤਨੀ-ਬੱਚੇ, ਯਾਰਾਂ ਦੋਸਤਾਂ ਤੇ ਚਾਹੁਣ ਵਾਲਿਆਂ ਨੂੰ। ਤੇ ਜਦੋਂ ਇਹ ਨਸ਼ਾ ਉਤਰਦੈ, ਜੇ ਉਹ ਆਪਣੀ ਜਮੀਰ ਦੀ ਆਵਾਜ਼ ਸੁਣੇ ਤਾਂ ਆਪਣੇ-ਆਪ ਨੂੰ ਆਲੇ-ਦੁਆਲੇ ਵਿਚ 'ਗੁਨਾਹਗਾਰ' ਦੇ ਤੌਰ ਤੇ ਵੇਖਦਾ ਹੈ ਤੇ ਮੈਂ ਵੀ ਇਹ ਮਹਿਸੂਸ ਕੀਤਾ ਹੈ।

ਮੈਂ ਆਪ ਸਭ ਦਾ ਗੁਨਾਹਗਾਰ ਰਾਜ ਬਰਾੜ, ਆਪਣੀ ਜ਼ਿੰਦਗੀ ਦਾ ਉਹ ਹਿੱਸਾ ਇਸ ਵੀਡੀਓ ਰਾਹੀਂ ਇਸ ਗੀਤ ਰਾਹੀਂ ਤੁਹਾਡੇ ਨਾਲ ਸਾਂਝਾ ਕਰਨ ਜਾ ਰਿਹਾ ਹਾਂ। ਇਯ ਵੀਡੀਓ ਵਿਚ ਮੈਂ ਜਾਂ ਮੇਰੀ ਪਤਨੀ ਨੇ ਐਕਟਿੰਗ ਨਹੀਂ ਕੀਤੀ, ਜੋ ਸੰਤਾਪ ਹੰਢਾਇਆ ਹੈ, ਉਹ ਸੱਚ ਦਿਖਾਇਆ ਹੈ। ਮੈਂ ਆਪਣੇ ਨਸ਼ੇ ਵਿਚ ਕੱਟੀ ਦਲਦਲ ਭਰੀ ਜ਼ਿੰਦਗੀ ਨੂੰ ਤਿੰਨ ਮਿੰਟ ਤਾਂ ਦਿਖਾ ਨਹੀਂ ਸਕਦਾ ਪਰ ਸਮੇਂ ਸਮੇਂ ਪੇਸ਼ ਕਰਦਾ ਰਹਾਂਗਾ ਤਾਂ ਕਿ ਮੇਰਾ ਹੰਢਾਇਆ ਹੋਇਆ ਨਰਕ ਕਿਸੇ ਹੋਰ ਦੀ ਜ਼ਿੰਦਗੀ ਨੂੰ ਨਰਕ ਬਣਨ ਤੋਂ ਬਚਾਅ ਸਕੇ।

ਇਸ ਤੋਂ ਬਾਅਦ ਵੀਡੀਓ ਚਲਦੀ ਹੈ ਤੇ ਰਾਜ ਸੜਕ ਕਿਨਾਰੇ ਪਿਆ ਸ਼ਰਾਬੀ ਹੋਇਆ ਦਿਖਾਇਆ ਹੈ, ਜਿਸਨੂੰ ਪੁਰਾਣੀਆਂ ਯਾਦਾਂ ਆ ਰਹੀਆਂ ਹਨ। ਗੀਤ ਚਲਦਾ ਹੈ-

ਮੈਂ ਵੀ ਅਵੱਲਾ ਮੇਰੇ ਕੰਮ ਵੀ ਅਵੱਲੇ ਨੇ
ਕੀ ਨੀ ਮਾੜਾ ਕੀਤਾ ਥੋੜ੍ਹੇ ਨਾਲ ਏਸ ਝੱਲੇ ਨੇ
ਮਾਂ-ਪਿਓ ਭੈਣ ਭਾਈ ਸਭ ਯਾਰਾਂ ਤੋਂ ਸਰਾਪੇ ਨੇ
ਆ ਲਓ ਪੁੱਤ ਛੱਤਤੀ ਸ਼ਰਾਬ ਥੋਡੇ ਪਾਪੇ ਨੇ।

ਇਹ ਤਾਂ ਭਾਈ ਮਾੜੇ ਚੰਗੇ ਸਮੇਂ ਦਾ ਸਵਾਲ ਹੈ
ਕੌਣ ਮੈਥੋਂ ਦੂਰ ਹੈ ਤੇ ਕੌਣ ਮੇਰੇ ਨਾਲ ਹੈ
ਮੈਂ ਤਾਂ ਮਦਹੋਸ਼ੀ ਵਿਚ ਨੇੜੇ ਹੋ-ਹੋ ਨਾਪੇ ਨੇ
ਆ ਲਉ ਪੁੱਤ ਛੱਤਤੀ ਸ਼ਰਾਬ ਥੋਡੇ ਪਾਪੇ ਨੇ।

ਬੜਾ ਵੱਡਾ ਜੇਰਾ ਰਾਜ ਕੀਤਾ, ਕੀਤਾ ਸੱਚ ਕਹਿਣ ਦਾ
ਵੱਢ ਦਿੱਤਾ ਫਾਹਾ ਇਸ ਚੰਦਰੀ ਸਦੈਣ ਦਾ
ਕੱਖਾਂ ਸੰਗ ਹੌਲ ਤਾ ਸੀ ਨਿੱਤ ਦੇ ਸਿਆਪੇ
ਆਹ ਲਓ ਪੁੱਤ ਛੱਤਤੀ ਸਰਾਬ ਥੋਡੇ ਪਾਪੇ ਨੇ।

ਮੂਵੀ ਦੇ ਅਖੀਰ 'ਚ ਇਕ ਕਲਿੱਪ ਆਉਂਦਾ ਹੈ, ਜਿੱਥੇ ਰਾਜ ਬਰਾੜ ਤੇ ਉਸਦੀ ਮਾਤਾ ਦੀ ਫੋਟੋ ਲੱਗੀ ਹੋਈ ਹੈ ਤੇ ਉਪਰ ਸ਼ੇਅਰ ਲਿਖਿਆ ਹੋਇਆ ਹੈ, ਜਿਸ ਨੂੰ ਰਾਜ ਨੇ ਆਵਾਜ਼ ਦਿੱਤੀ ਹੈ-

ਪੱਕੀ ਬੱਦਲਾਂ ਦੀ ਛਾਂ ਕੋਈ ਨਾ, ਪੁੱਤਰੋ ਹੋਸ਼ ਕਰੋ
ਇਹਨਾਂ ਨਸ਼ਿਆਂ ਦੀ ਮਾਂ ਕੋਈ ਨਾ।


ਰਾਜ ਬਰਾੜ ਦੀ ਐਕਟਿੰਗ ਵਾਲੀ ਇਕ ਫਿਲਮ 'ਪੋਲੀਸ ਇਨ ਪੌਲੀਵਿਡ' ਤਕਰੀਬਨ ਤਿਆਰ ਪਈ ਹੈ। ਇਸ ਬਾਰੇ ਜਲਦੀ ਹੀ ਪਤਾ ਲੱਗ ਜਾਵੇਗਾ। ਸਾਲ 2010 ਵਿਚ ਬਣਾਈ ਫਿਲਮ 'ਜਵਾਨੀ ਜ਼ਿੰਦਾਬਾਦ' ਦਾ ਰਾਜ ਨੂੰ ਪੂਰਾ ਹੱਕ ਤਾਂ ਕੀ ਦੇਣਾ ਸੀ, ਸਗੋਂ ਮੌਤ ਉਪਰੰਤ ਉਸ ਫਿਲਮ ਨੂੰ ਯੂ-ਟਿਊਬ ਤੇ ਪਾ ਕੇ ਰਾਜ ਦੇ ਸਿਵੇ ਤੋਂ ਰੋਟੀਆਂ ਸੇਕਣ ਤੋਂ ਵੀ ਗੁਰੇਜ਼ ਨਹੀਂ ਕੀਤਾ। ਇਹ ਇਕ ਘਟੀਆ ਕਿਸਮ ਦੀ ਘਿਨੌਣੀ ਹਰਕਤ ਹੈ। ਸਾਨੂੰ ਇਸਦੇ ਵਿਰੋਧ ਵਿਚ ਆਵਾਜ਼ ਚੁੱਕਣੀ ਚਾਹੀਦੀ ਹੈ, ਜੋ ਰਾਜ ਦੀ ਰੂਹ ਨੂੰ ਸ਼ਰਧਾਂਜਲੀ ਹੋਵੇਗੀ। ਰਾਜ ਤੂੰ ਚਲਿਆ ਗਿਆ। ਸਾਰਿਆਂ ਨੇ ਚਲੇ ਜਾਣਾ ਹੈ। ਤੂੰ ਕਿਸੇ ਨਾਲ ਆਪਣਾ ਦੁੱਖ ਸਾਂਝਾ ਕਰ ਲੈਂਦਾ। ਭਰਿਆ ਭਰਾਇਆ, ਭਰ ਜਵਾਨੀ 'ਚ ਤੁਰ ਗਿਐਂ। ਤੇਰੇ ਬਿਨ ਜਸਨੂਰ ਤੇ ਸਵੀਤਾਜ ਕੀ ਕਰਨਗੇ। ਕਿੱਧਰ ਨੂੰ ਜਾਊਗੀ ਬਲਵਿੰਦਰ ਭੈਣ ਤੇ ਭਰਾ, ਤੇਰੀਆਂ ਰਾਹਾਂ ਉਡੀਕ ਰਹੇ ਹਨ। ਮਾਂ-ਬਾਪ ਦੀਆ ਅੱਖਾਂ ਵਿਚੋਂ ਪਾਣੀ ਸੁੱਕ ਗਿਆ ਹੈ। ਤੂੰ ਲੋਹੜਾ ਕੀਤਾ ਰਾਜ, ਡਾਢਾ ਲੋਹੜਾ!

# ਵੋਟਿੰਗ ਮਸ਼ੀਨਾਂ ਵਿਚ ਗੜਬੜੀ ਦਾ ਰਾਮ ਰੌਲਾ ਬਿਲਕੁਲ ਗਲਤ

ਨ੍ਰਿਪਇੰਦਰ ਰਤਨ

ਜਦੋਂ ਦੇ ਪੰਜਾਬ ਅਤੇ ਉੱਤਰ ਪ੍ਰਦੇਸ਼ ਦੀਆਂ ਚੋਣਾਂ ਦੇ ਨਤੀਜਿਆਂ ਨੇ ਅਖੌਤੀ ਲੋਕ ਰਾਏ ਦੇ ਉਲਟ ਨਤੀਜੇ ਦਿੱਤੇ ਤਾਂ ਬਹੁਤ ਵੱਡੀ ਜਿੱਤ ਦੀਆਂ ਆਸਾਂ ਲਾਈ ਬੈਠੇ ਕੁਝ ਕੁ ਰਾਜਨੀਤਕ ਵਿਅਕਤੀਆਂ ਅਤੇ ਪਾਰਟੀਆਂ ਨੇ ਇਹ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਵੋਟਿੰਗ ਮਸ਼ੀਨਾਂ ਨਾਲ ਵੱਡੀ ਪੱਧਰ ਉੱਤੇ ਛੇੜ-ਛਾੜ ਕੀਤੀ ਗਈ ਸੀ। ਇਨ੍ਹਾਂ ਮਸ਼ੀਨਾਂ ਨੂੰ ਇਸ ਤਰੀਕੇ ਨਾਲ ਸੈੱਟ ਕੀਤਾ ਗਿਆ ਸੀ ਕਿ ਵੋਟਰ ਭਾਵੇਂ ਕਿਸੇ ਵੀ ਪਾਰਟੀ ਦੇ ਕਿਸੇ ਵੀ ਉਮੀਦਵਾਰ ਦੇ ਹੱਕ ਵਾਲਾ ਬਟਨ ਦੱਬੇ, ਮਸ਼ੀਨ ਸਿਰਫ਼ ਇੱਕ ਖ਼ਾਸ ਉਮੀਦਵਾਰ ਵੱਲ ਹੀ ਵੋਟ ਦਿਖਾਵੇਗੀ। ਇਸ ਗੱਲ ਦਾ ਸਭ ਤੋਂ ਵੱਧ ਰੌਲਾ ਉਸ ਪਾਰਟੀ ਨੇ ਪਾਉਣਾ ਸ਼ੁਰੂ ਕੀਤਾ ਜੋ ਦੋ ਕੁਝ ਸਾਲ ਪਹਿਲਾਂ ਆਪ ਇਨ੍ਹਾਂ ਮਸ਼ੀਨਾਂ ਰਾਹੀਂ ਹੋਈ ਚੋਣ ਵਿੱਚ 'ਝਾੜੂ ਫੇਰ, ਹੂੰਝਾ ਫੇਰ' ਢੰਗ ਨਾਲ ਜਿੱਤੀ ਸੀ ਅਤੇ ਜਿਸ ਦੀ ਜਿੱਤ ਨੇ ਨਾ ਸਿਰਫ਼ ਸਥਾਨਕ ਅਤੇ ਕੌਮੀ ਪੱਧਰ ਦੀਆਂ ਪਾਰਟੀਆਂ ਨੂੰ ਦੰਗ ਤੇ ਪ੍ਰੇਸ਼ਾਨ ਕਰ ਦਿੱਤਾ ਸੀ ਸਗੋਂ ਅੰਤਰਰਾਸ਼ਟਰੀ ਪੱਧਰ ਉੱਤੇ ਵੀ ਉਸ ਜਿੱਤ ਉੱਤੇ ਅੰਤਾਂ ਦੀ ਹੈਰਾਨੀ ਪ੍ਰਗਟਾਈ ਗਈ ਸੀ। ਪਰ ਕਿਸੇ ਵੀ ਵਿਅਕਤੀ ਨੇ ਜਾਂ ਰਾਜ ਪੱਧਰ ਜਾਂ ਰਾਸ਼ਟਰੀ ਪੱਧਰ ਦੀ ਕਿਸੇ ਵੀ ਪਾਰਟੀ ਨੇ ਇੰਜ ਮਸ਼ੀਨਾਂ ਵਿਰੁੱਧ ਪ੍ਰਚਾਰ ਨਹੀਂ ਕੀਤਾ ਸੀ ਜਿਵੇਂ ਇਸ ਪਾਰਟੀ ਦੇ ਵੱਡੇ-ਵੱਡੇ ਲੀਡਰਾਂ ਨੇ ਕਰਨਾ ਸ਼ੁਰੂ ਕਰ ਦਿੱਤਾ। ਵਗਦੀ ਗੰਗਾ ਵਿੱਚ ਹੱਥ ਧੋਣ ਦੀ ਲਾਲਸਾ ਨਾਲ ਕੁਝ ਕੁ ਹੋਰ ਰਾਜਸੀ ਪਾਰਟੀਆਂ ਨੇ ਵੀ ਆਵਾਜ਼ ਵਿੱਚ ਆਵਾਜ਼ ਮਿਲਾਉਣੀ ਸ਼ੁਰੂ ਕਰ ਦਿੱਤੀ- ਬਿਨਾਂ ਆਪਣੀ ਅਕਲ ਦੀ ਵਰਤੋਂ ਕੀਤਿਆਂ ਅਤੇ "ਲੱਡੂ ਭੁਰੂ ਤਾਂ ਕੁਝ ਤਾਂ ਮਿਲੂ" ਦੀ ਨੀਤੀ ਅਤੇ ਨੀਅਤ ਨਾਲ।

ਇਸ ਸਾਰੇ ਰਾਮ ਰੌਲੇ ਵਿੱਚ ਚੋਣ ਕਮਿਸ਼ਨ ਨੇ ਇੱਕ ਦਲੇਰਾਨਾ ਕਦਮ ਚੁੱਕਿਆ ਅਤੇ ਸਾਰਿਆਂ ਨੂੰ ਖੁੱਲ੍ਹੀ ਚੁਣੌਤੀ ਦਿੱਤੀ ਕਿ ਉਹ ਆ ਕੇ ਦੱਸਣ ਕਿ ਇਨ੍ਹਾਂ ਮਸ਼ੀਨਾਂ ਨਾਲ ਕਿਵੇਂ ਅਖੌਤੀ ਛੇੜ-ਛਾੜ ਕੀਤੀ ਜਾ ਸਕਦੀ ਹੈ। ਖੁੱਲ੍ਹੀ ਚੁਣੌਤੀ ਦਿੱਤੀ ਗਈ ਕਿ ਕੋਈ ਬੰਦਾ ਇਹ ਕਰਕੇ ਦਿਖਾਵੇ ਕਿਉਂਕਿ ਚੋਣ ਕਮਿਸ਼ਨ ਅਨੁਸਾਰ ਇਨ੍ਹਾਂ ਮਸ਼ੀਨਾਂ ਨਾਲ ਛੇੜ-ਛਾੜ ਕੀਤੀ ਹੀ ਨਹੀਂ ਜਾ ਸਕਦੀ। ਕਈ ਦਿਨਾਂ ਦਾ ਵਕਤ ਦੇ ਕੇ ਚੋਣ ਕਮਿਸ਼ਨ ਨੇ ਜੂਨ ਦੇ ਪਹਿਲੇ ਹਫ਼ਤੇ ਦਾ ਦਿਨ ਮਿਥ ਦਿੱਤਾ ਜਦੋਂ ਕੋਈ ਵੀ ਸ਼ਖ਼ਸ, ਕੋਈ ਵੀ ਨੇਤਾ, ਕੋਈ ਵੀ ਪਾਰਟੀ ਛੇੜ-ਛਾੜ ਕਰਕੇ ਸਿੱਧ ਕਰੇ ਕਿ ਛੇੜ-ਛਾੜ ਕਰਨੀ ਸੰਭਵ ਹੈ। ਪਰ ਨਿਰਧਾਰਤ ਦਿਨ ਨਾ ਕੋਈ ਨੇਤਾ ਤੇ ਹੀ ਕੋਈ ਪਾਰਟੀ ਇਸ ਖੁੱਲ੍ਹੀ ਚੁਣੌਤੀ ਨੂੰ ਸਵੀਕਾਰ ਕਰਨ ਦੀ ਹਿੰਮਤ ਕਰ ਸਕੀ। ਹੁਣ ਉਮੀਦ ਕੀਤੀ ਜਾ ਸਕਦੀ ਹੈ ਕਿ ਰੌਲਾ-ਰੱਪਾ ਪਾਉਣ ਵਾਲੇ ਠੰਢੇ ਹੋ ਕੇ ਬੈਠ ਜਾਣਗੇ।




ਮੈਂ ਚੋਣ ਕਮਿਸ਼ਨ ਦੀ ਚੁਣੌਤੀ ਦਾ ਸਮਰਥਨ ਕਰਦਿਆਂ ਹੋਇਆ ਆਮ ਸਾਧਾਰਨ ਪਾਠਕ ਨੂੰ ਠੋਸ ਉਦਾਹਰਣ ਨਾਲ ਸਾਰੀ ਸਥਿਤੀ ਸਪੱਸ਼ਟ ਕਰਨੀ ਚਾਹੁੰਦਾ ਹਾਂ ਕਿ ਕਿਵੇਂ ਕਿਸੇ ਵੀ ਅਸੈਂਬਲੀ ਜਾਂ ਪਾਰਲੀਮੈਂਟ ਦੀ ਚੋਣ ਵਿੱਚ ਕਿੰਨੀ ਵੱਡੀ ਗਿਣਤੀ ਵਿੱਚ ਵੋਟਿੰਗ ਮਸ਼ੀਨਾਂ ਦੀ ਵਰਤੋਂ ਹੁੰਦੀ ਹੈ। ਕਿੰਨੇ ਲੱਖਾਂ ਲੋਕ ਚੋਣ ਬੂਥਾਂ ਉੱਤੇ ਨਿਯੁਕਤ ਹੁੰਦੇ ਹਨ। ਹੁਣੇ ਪੰਜਾਬ ਅਸੈਂਬਲੀ ਦੀ ਚੋਣ ਹੋਈ ਸੀ। ਕੀ ਕਿਸੇ ਪਾਠਕ ਨੂੰ ਪਤਾ ਹੈ ਕਿ ਇਸ ਚੋਣ ਨੂੰ ਮੁਕੰਮਲ ਕਰਨ ਵਾਸਤੇ ਕਿੰਨਾ ਵੱਡਾ ਪ੍ਰਬੰਧ ਕੀਤਾ ਸੀ? ਕਿੰਨੇ ਲੋਕ ਇਸ ਪ੍ਰਬੰਧ ਨਾਲ ਜੁੜੇ ਹੋਏ ਸਨ? ਔਸਤਨ ਇੱਕ ਅਸੈਂਬਲੀ ਹਲਕੇ ਵਿੱਚ ਘੱਟੋ-ਘੱਟ 100 ਤੋਂ 110 ਚੋਣ ਬੂਥ ਸਥਾਪਤ ਕੀਤੇ ਜਾਂਦੇ ਹਨ। ਹਰ ਪੋਲਿੰਗ ਬੂਥ ਉੱਤੇ ਇੱਕ-ਇੱਕ ਪੋਲਿੰਗ ਪਾਰਟੀ ਭੇਜੀ ਜਾਂਦੀ ਹੈ, ਜਿਸ ਵਿੱਚ ਘੱਟ ਤੋਂ ਘੱਟ ਚਾਰ ਮੈਂਬਰ ਹੁੰਦੇ ਹਨ ਅਤੇ ਉਨ੍ਹਾਂ ਕੋਲ ਔਸਤਨ 120 ਆਈਟਮਾਂ ਹੁੰਦੀਆਂ ਹਨ। ਹਰੇਕ ਬੂਥ ਉੱਤੇ 800 ਤੋਂ 1000 ਵੋਟਰ ਰਜਿਸਟਰ ਹੁੰਦੇ ਹਨ।

ਪੰਜਾਬ ਦੀਆਂ ਚੋਣਾਂ ਵਿੱਚ ਕੁੱਲ 22614 ਪੋਲਿੰਗ ਬੂਥ ਸਥਾਪਤ ਕੀਤੇ ਗਏ ਸਨ। ਹਰ ਪੋਲਿੰਗ ਪਾਰਟੀ ਵਿੱਚ ਔਸਤਨ 4 ਮੈਂਬਰ ਵੀ ਹੋਣ ਤਾਂ 90456 ਕਰਮਚਾਰੀ ਬਣਦੇ ਹਨ। ਹਰ ਪੋਲਿੰਗ ਬੂਥ ਉੱਤੇ ਘੱਟੋ-ਘੱਟ ਇੱਕ-ਇੱਕ ਵੋਟਿੰਗ ਮਸ਼ੀਨ ਜ਼ਰੂਰੀ ਹੈ ਅਤੇ ਇੰਜ ਘੱਟੋ-ਘੱਟ 22614 ਵੋਟਿੰਗ ਮਸ਼ੀਨਾਂ ਵਰਤੀਆਂ ਗਈਆਂ ਸਨ। ਹਰ ਪੋਲਿੰਗ ਪਾਰਟੀ ਨੂੰ ਵੋਟਿੰਗ ਮਸ਼ੀਨ ਤਿਆਰ ਕਰਨ ਦੀ ਘੱਟੋ-ਘੱਟ ਦੋ-ਦੋ ਵਾਰੀ ਰਿਹਰਸਲ ਕਰਵਾਈ ਗਈ ਸੀ। ਵੋਟਾਂ ਪੈਣ ਵਾਲੇ ਦਿਨ ਹਰ ਪੋਲਿੰਗ ਪਾਰਟੀ ਨੂੰ ਵੋਟਿੰਗ ਮਸ਼ੀਨ ਦੀ ਵੋਟਾਂ ਪੈਣ ਤੋਂ ਇੱਕ ਘੰਟਾ ਪਹਿਲਾਂ ਤਿਆਰੀ ਸ਼ੁਰੂ ਕਰਨੀ ਹੁੰਦੀ ਹੈ। ਮਸ਼ੀਨ ਖੋਲ੍ਹ ਕੇ ਉੱਥੇ ਹਾਜ਼ਰ ਪੋਲਿੰਗ ਏਜੰਟਾਂ ਨੂੰ ਦਿਖਾਈ ਜਾਂਦੀ ਹੈ ਕਿ ਮਸ਼ੀਨ ਕਿਸੇ ਵੀ ਕਿਸਮ ਦੀ ਸਮੱਗਰੀ ਤੋਂ ਖ਼ਾਲੀ ਹੈ (ਮਾਨਤਾ ਪ੍ਰਾਪਤ ਕੌਮੀ/ਪ੍ਰਾਂਤਿਕ ਪਾਰਟੀ ਦਾ ਹਰ ਉਮੀਦਵਾਰ ਆਪਣਾ ਇੱਕ ਪੋਲਿੰਗ ਏਜੰਟ ਨਿਯੁਕਤ ਕਰ ਸਕਦਾ ਹੈ)।

ਫਿਰ ਮਸ਼ੀਨ ਵਿੱਚ ਬੈਟਰੀ ਆਦਿ ਪਾ ਕੇ, ਬੈਲਟ ਪੇਪਰ ਪਾਇਆ ਜਾਂਦਾ ਹੈ। ਇਸ ਬੈਲਟ ਪੇਪਰ ਉੱਤੇ ਪਹਿਲਾਂ ਕੌਮੀ ਪਾਰਟੀਆਂ, ਫਿਰ ਸੂਬਾਈ ਪਾਰਟੀਆਂ ਅਤੇ ਫਿਰ ਸੁਤੰਤਰ ਉਮੀਦਵਾਰਾਂ ਦੇ ਨਾਮ 123 ਦੇ ਕ੍ਰਮ ਵਿੱਚ ਹੁੰਦੇ ਹਨ। ਉਸ ਤੋਂ ਪਿੱਛੋਂ 'ਦਿਖਾਵੇ ਦੇ ਵੋਟ' ਪਾਏ ਜਾਂਦੇ ਹਨ। ਕੁੱਲ 50 ਵੋਟ ਪਾਏ ਜਾਂਦੇ ਹਨ ਅਤੇ ਹਰੇਕ ਪੋਲਿੰਗ ਏਜੰਟ ਆਪਣੀ ਮਰਜ਼ੀ ਦੇ ਉਮੀਦਵਾਰ ਦੇ ਨਾਮ ਦਾ ਬਟਨ ਦੱਬਦਾ ਹੈ। ਇੰਜ 50 ਵੋਟ ਪੈ ਜਾਣ ਪਿੱਛੋਂ ਮਸ਼ੀਨ ਸੀਲਬੰਦ ਕੀਤੀ ਜਾਂਦੀ ਹੈ। ਫਿਰ ਮਸ਼ੀਨ ਰਾਹੀਂ ਗਿਣਤੀ ਕੀਤੀ ਜਾਂਦੀ ਹੈ ਅਤੇ ਨਤੀਜਾ ਦੇਖਿਆ ਜਾਂਦਾ ਹੈ। ਇੰਜ, ਹਰ ਏਜੰਟ ਕੋਲੋਂ ਪੁਸ਼ਟੀ ਕਰਵਾਈ ਜਾਂਦੀ ਹੈ ਕਿ ਉਸ ਨੇ ਜਿਸ ਉਮੀਦਵਾਰ ਦਾ ਬਟਨ ਦੱਬਿਆ ਸੀ ਵੋਟ ਉਸੇ ਉਮੀਦਵਾਰ ਦੇ ਖਾਤੇ ਵਿੱਚ ਹੀ ਗਿਆ ਹੈ ਕਿਸੇ ਹੋਰ ਦੇ ਖਾਤੇ ਵਿੱਚ ਨਹੀਂ।

ਇੰਜ ਇਹ ਸਾਰੀ ਝੂਠੀ ਜਾਂ ਮੌਕ ਕਾਰਵਾਈ ਤੋਂ ਪਿੱਛੋਂ ਮਸ਼ੀਨ ਫੇਰ ਖੋਲ੍ਹ ਕੇ ਖਾਲੀ ਕੀਤੀ ਜਾਂਦੀ ਹੈ। ਸਾਰੇ ਪੋਲਿੰਗ ਏਜੰਟਾਂ ਕੋਲੋਂ ਪੁਸ਼ਟੀ ਵਜੋਂ ਅਤੇ ਕਿਸੇ ਵੀ ਛੇੜਛਾੜ ਤੋਂ ਮੁਕਤ ਹੋਣ ਦੇ ਦਸਤਖ਼ਤ ਲਏ ਜਾਂਦੇ ਹਨ। ਫਿਰ ਸਭ ਦੇ ਸਾਹਮਣੇ ਮਸ਼ੀਨ ਬੰਦ ਕਰ ਦਿੱਤੀ ਜਾਂਦੀ ਹੈ ਅਤੇ ਉਹ ਸੀਲ ਹੋ ਜਾਂਦੀ ਹੈ।

ਇੱਕ ਵਾਰ ਮਸ਼ੀਨ ਸੀਲ ਹੋ ਗਈ ਤਾਂ ਉਹ ਵੋਟ ਦੀ ਗਿਣਤੀ ਵਾਲੇ ਦਿਨ ਹੀ ਖ਼ਾਸ ਨਿਰਧਾਰਤ ਢੰਗ ਨਾਲ ਹੀ ਖੁੱਲ੍ਹਦੀ ਹੈ ਅਤੇ ਸਭ ਤੋਂ ਪਹਿਲਾਂ ਇਹ ਦੇਖਿਆ ਜਾਂਦਾ ਹੈ ਕਿ ਮਸ਼ੀਨ ਵਿੱਚ ਪੋਲਿੰਗ ਏਜੰਟਾਂ ਦੇ ਦਸਤਖ਼ਤ ਵਾਲੀ ਪਰਚੀ ਠੀਕ-ਠਾਕ ਹੀ ਹੈ।

ਸਾਰੇ ਦੇਸ਼ ਵਿੱਚ ਹਰ ਪੋਲਿੰਗ ਬੂਥ ਵਾਸਤੇ ਇੱਕੋ ਢੰਗ ਹੀ ਨਿਰਧਾਰਤ ਹੈ। ਹੁਣ ਆਪ ਹੀ ਸੋਚੋ ਕਿ ਇੱਕੋ ਵਕਤ ਐਨੀਆਂ ਵੋਟਿੰਗ ਮਸ਼ੀਨਾਂ ਵਿੱਚ ਛੇੜ-ਛਾੜ ਕਿਵੇਂ ਕੀਤੀ ਜਾ ਸਕਦੀ ਹੈ? ਕਿਹੜੀ ਪਾਰਟੀ ਕੋਲ ਇੰਨੇ ਵਰਕਰ ਹੋਣਗੇ? ਕਿਹੜੇ ਬੂਥ ਉੱਤੇ ਪੋਲਿੰਗ ਪਾਰਟੀ ਦੇ ਸਾਰੇ ਹੀ ਕਰਮਚਾਰੀ ਇੱਕ ਖ਼ਾਸ ਉਮੀਦਵਾਰ ਜਾਂ ਪਾਰਟੀ ਦੇ ਸਮਰਥਕ ਹੋਣਗੇ? ਕਿਵੇਂ ਦੂਜੀਆਂ ਪਾਰਟੀਆਂ/ਸਮਰਥਕਾਂ ਦੇ ਪੋਲਿੰਗ ਏਜੰਟ ਚੁਪ-ਚਾਪ ਬੈਠੇ ਰਹਿਣਗੇ ਅਤੇ ਇੱਕ ਪਾਰਟੀKਉਮੀਦਵਾਰ ਦੇ ਏਜੰਟਾਂ ਨੂੰ ਮਨਮਰਜ਼ੀ ਕਰਨ ਦੇਣਗੇ? ਤਾਂ ਹੀ ਚੋਣ ਕਮਿਸ਼ਨ ਨੇ ਸਾਰੀਆਂ ਨੂੰ ਖੁੱਲ੍ਹੀ ਚੁਣੌਤੀ ਦਿੱਤੀ ਸੀ ਕਿ ਮਨਮਰਜ਼ੀ ਦੀ ਮਸ਼ੀਨ ਉਨ੍ਹਾਂ ਕੋਲ ਲੈ ਕੇ ਮਸ਼ੀਨ ਨਾਲ ਛੇੜ-ਛਾੜ ਕਰਕੇ ਦਿਖਾਵੋ ਤਾਂ ਹੀ ਅਸੀਂ ਇਸ ਵਿਸ਼ਵਾਸ ਅਤੇ ਯਕੀਨ ਨਾਲ ਕਹਿ ਸਕਦੇ ਹਾਂ ਕਿ ਭਾਰਤੀ ਚੋਣ ਪ੍ਰਣਾਲੀ ਵਿੱਚ ਹੋਰ ਸੌ ਦੋਸ਼ ਹੋਣ, ਪਰ ਮਸ਼ੀਨਾਂ ਦੋਸ਼-ਰਹਿਤ ਹਨ।

# ਛੋਟਿਆਂ ਲਈ ਲਾਹੇਵੰਦ ਨਹੀ ਇਕ ਦੇਸ਼, ਇਕ ਮੰਡੀ ਤੇ ਇਕ ਟੈਕਸ

ਮੋਹਨ ਸਿੰਘ (ਪ੍ਰੋ.)

ਨਰਿੰਦਰ ਮੋਦੀ ਸਰਕਾਰ ਨੇ 30 ਜੂਨ ਦੀ ਅੱਧੀ ਰਾਤ ਨੂੰ ਵਸਤਾਂ ਅਤੇ ਸੇਵਾਵਾਂ ਟੈਕਸ (ਜੀਐਸਟੀ) ਲਾਗੂ ਕਰਨ ਦਾ ਸਮਾਰੋਹ ਸ਼ਾਨੋ-ਸ਼ੌਕਤ ਨਾਲ ਮਨਾਇਆ ਹੈ। ਇਸ ਸਮੇਂ ਕਾਂਗਰਸ ਭਾਵੇਂ ਗ਼ੈਰਹਾਜ਼ਰ ਸੀ ਪਰ ਜੀਐਸਟੀ ਦਾ ਸਿਹਰਾ ਲੈਣ ਲਈ ਉਹ ਵੀ ਪਿੱਛੇ ਨਹੀਂ ਹੈ। ਕੇਂਦਰ ਤੇ ਸੂਬਾਈ ਸਰਕਾਰਾਂ ਨੇ ਜੀਐਸਟੀ ਨੂੰ ਦੇਸ਼ 'ਤੇ ਮੜ੍ਹ ਕੇ ਰਾਜਾਂ ਦੇ ਬਚੇ-ਖੁਚੇ ਸੰਘੀ ਢਾਂਚੇ ਨੂੰ ਹੋਰ ਖੋਰਾ ਲਾਇਆ ਹੈ। ਜੀਐਸਟੀ ਦਰਅਸਲ ਇਕ ਅਸਿੱਧਾ ਅਤੇ ਮੁੱਲ ਵਾਧਾ (ਵੈਲਿਊ ਐਡਿਡ) ਟੈਕਸ ਹੈ। ਜਿਵੇਂ ਧਾਗੇ ਤੋਂ ਕੱਪੜਾ ਬੁਣਨ ਸਮੇਂ ਉਸ ਵਿੱਚ ਲੇਬਰ ਅਤੇ ਹੋਰ ਸਮਾਨ ਖ਼ਪਤ ਹੋਣ ਨਾਲ ਉਸ ਦਾ ਮੁੱਲ ਵਧ ਜਾਂਦਾ ਹੈ ਅਤੇ ਟੈਕਸ ਵਧੇ ਹੋਏ ਮੁੱਲ ਉਪਰ ਲੱਗਦਾ ਹੈ, ਇਸੇ ਤਰ੍ਹਾਂ ਜਦੋਂ ਕੱਪੜੇ ਤੋਂ ਕਮੀਜ਼ ਬਣਦੀ ਹੈ ਤਾਂ ਉਸ ਦੇ ਮੁੱਲ ਵਿੱਚ ਹੋਰ ਵਾਧਾ ਹੋ ਜਾਂਦਾ ਹੈ। ਪਹਿਲਾਂ ਧਾਗੇ, ਫਿਰ ਕੱਪੜੇ ਅਤੇ ਅੱਗੇ ਫਿਰ ਕਮੀਜ਼ ਉਪਰ ਟੈਕਸ ਲੱਗਦਾ ਹੈ। ਇਸ ਤਰ੍ਹਾਂ ਜਿਵੇਂ ਮੁੱਲ ਵਧਦਾ ਜਾਂਦਾ ਹੈ, ਉਸ ਦੇ ਹਰ ਪੜਾਅ 'ਤੇ ਲੱਗਣ ਵਾਲੇ ਟੈਕਸ ਨੂੰ ਵੈਲਿਊ ਐਡਿਡ ਟੈਕਸ (ਵੈਟ) ਕਿਹਾ ਜਾਂਦਾ ਹੈ। ਇਸ ਦੇ ਅੰਤਿਮ ਪੜਾਅ 'ਤੇ ਇਸ ਤੋਂ ਪਹਿਲੇ ਪੜਾਵਾਂ ਉਪਰ ਭੁਗਤਾਨ ਕੀਤੇ ਟੈਕਸਾਂ ਨੂੰ ਘਟਾ ਕੇ, ਅੰਤਿਮ ਖਪਤਕਾਰ ਵੱਲੋਂ ਭੁਗਤਾਨ ਕਰਨ ਵਾਲੇ ਇਕੱਠੇ ਟੈਕਸ ਨੂੰ ਜੀਐਸਟੀ ਕਿਹਾ ਜਾਂਦਾ ਹੈ। ਇਹ ਟੈਕਸ ਉਤਪਾਦਕ ਉਪਰ ਨਹੀਂ ਸਗੋਂ ਖਪਤਕਾਰ ਉਪਰ ਲੱਗਦਾ ਹੈ। ਇਸ ਕਰਕੇ ਇਹ ਨਿਰਯਾਤ ਕਰਨ (ਭੇਜਣ) ਵਾਲੇ ਦੇਸ਼ ਜਾਂ ਰਾਜ ਉਪਰ ਨਹੀਂ ਸਗੋਂ ਆਯਾਤ ਕਰਨ ਵਾਲੇ 'ਤੇ ਲੱਗਦਾ ਹੈ। ਇਹ ਟੈਕਸ ਉਪਰ ਟੈਕਸ ਨਹੀਂ ਲੱਗਦਾ ਸਗੋਂ ਇਸ ਵਿੱਚੋਂ ਪਹਿਲਾਂ ਲੱਗਾ ਹੋਇਆ ਟੈਕਸ ਘਟਾ ਦਿੱਤਾ ਜਾਂਦਾ ਹੈ।

ਜੀਐਸਟੀ ਦੇ ਚਾਰ ਢਾਂਚੇ ਹਨ। ਪਹਿਲਾ ਰਾਜ ਸਰਕਾਰ ਵੱਲੋਂ ਲਏ ਜਾਣ ਵਾਲੇ ਜੀਐਸਟੀ ਨੂੰ (ਐਸ ਜੀਐਸ ਟੀ) ਕਿਹਾ ਜਾਂਦਾ ਹੈ, ਕੇਂਦਰੀ ਸਰਕਾਰ ਵੱਲੋਂ ਲਏ ਜਾਂਦੇ ਜੀਐਸਟੀ ਨੂੰ (ਸੀਜੀਐਸਟੀ) ਕਿਹਾ ਜਾਂਦਾ ਹੈ, ਅਲੱਗ-ਅਲੱਗ ਰਾਜਾਂ ਵਿਚਕਾਰ ਹੋਣ ਵਾਲੇ ਵਪਾਰ ਨੂੰ ਯੁਕਤ (ਇੰਟੈਗਰੇਟਿਡ) ਜੀਐਸਟੀ (ਆਈਜੀਐਸਟੀ) ਅਤੇ ਸਾਰੇ ਜੀਐਸਟੀਆਂ ਦਾ ਹਿਸਾਬ-ਕਿਤਾਬ ਰੱਖਣ ਅਤੇ ਜੋੜਨ ਵਾਲੇ ਨੈਟਵਰਕ ਨੂੰ ਜੀਐਸਟੀਐਨ ਕਿਹਾ ਜਾਂਦਾ ਹੈ। ਇਸ ਚੌਥੇ ਨੈਟਵਰਕ ਤੋਂ ਹੀ ਜੀਐਸਟੀ 'ਤੇ ਭੁਗਤਾਨ ਕਰਨ ਵਾਲੇ ਉੱਦਮੀਆਂ ਨੂੰ ਆਪਣੇ ਨੰਬਰ ਰਜਿਸਟਰਡ ਕਰਾਉਣੇ ਪੈਂਦੇ ਅਤੇ ਰਿਟਰਨਾਂ ਭਰਨੀਆਂ ਪੈਂਦੀਆਂ ਹਨ। ਜਿਥੇ ਵੈਟ ਦੀਆਂ ਹਰ ਤਿੰਨ ਮਹੀਨੇ ਬਾਅਦ ਸਾਲ ਵਿੱਚ ਚਾਰ ਰਿਟਰਨਾਂ ਭਰਨੀਆਂ ਪੈਂਦੀਆਂ ਸਨ, ਉਥੇ ਜੀਐਸਟੀ ਦੀਆਂ ਹਰ ਮਹੀਨੇ ਤਿੰਨ ਅਤੇ ਦਸੰਬਰ ਵਿੱਚ ਚਾਰ (ਇਕ ਸਾਲ ਦਾ ਕੁੱਲ ਹਿਸਾਬ-ਕਿਤਾਬ ਕਰਨ ਵਾਲੀ) ਅਤੇ ਸਾਲ ਵਿੱਚ ਕੁੱਲ 37 ਰਿਟਰਨਾਂ ਭਰਨੀਆਂ ਪੈਦੀਆਂ ਹਨ।

ਜੀਐਸਟੀ ਟੈਕਸ ਬੋਝ ਤੋਂ ਇਲਾਵਾ ਟੈਕਸ ਦੇ ਭੁਗਤਾਨ ਕਰਨ ਦਾ ਇਕ ਗੋਰਖਧੰਦਾ ਹੈ। ਦਰਮਿਆਨੇ ਅਤੇ ਛੋਟੇ ਉਦਮੀਆਂ ਨੂੰ ਨਾ ਤਾਂ ਇਸ ਗੋਰਖਧੰਦੇ ਦੀ ਸਮਝ ਪੈ ਰਹੀ ਹੈ ਅਤੇ ਨਾ ਹੀ ਉਨ੍ਹਾਂ ਕੋਲ ਐਨੀ ਪੂੰਜੀ ਹੈ ਕਿ ਉਹ ਚਾਰਟਰਡ ਅਕਾਊਂਟੈਂਟਾਂ ਅਤੇ ਵਕੀਲਾਂ ਦੀ ਸੇਵਾ ਲੈ ਸਕਣ। ਉਧਰ ਚਾਰਟਰਡ ਅਕਾਊਂਟੈਂਟਾਂ ਨੇ ਜੀਐਸਟੀ ਲਾਗੂ ਹੋਣ ਨਾਲ ਵਧਦੀ ਮੰਗ ਕਾਰਨ ਛੋਟੇ ਕਾਰੋਬਾਰੀਆਂ ਲਈ 15 ਪ੍ਰਤੀਸ਼ਤ ਅਤੇ ਵੱਡੇ ਕਾਰੋਬਾਰੀਆਂ ਲਈ 30 ਪ੍ਰਤੀਸ਼ਤ ਫੀਸ ਵਧਾ ਦਿੱਤੀ ਹੈ। ਇਕ ਅੰਦਾਜ਼ੇ ਮੁਤਾਬਿਕ ਉਨ੍ਹਾਂ ਦੀ ਆਮਦਨ ਵਿੱਚ 2.3 ਅਰਬ ਡਾਲਰ (15,000 ਕਰੋੜ ਰੁਪਏ) ਦਾ ਵਾਧਾ ਹੋਵੇਗਾ। ਇਸ ਤਰ੍ਹਾਂ ਭਾਰਤ ਦੇ ਛੋਟੇ ਅਤੇ ਦਰਮਿਆਨੇ ਉੱਦਮੀਆਂ ਲਈ ਜੀਐਸਟੀ ਇਹ ਆਫਤ ਬਣ ਕੇ ਬਹੁੜਿਆ ਹੈ।

ਜੀਐਸਟੀ ਦਾ ਅਮਲ ਕਿਵੇ ਚਲਦਾ ਹੈ? ਇਸ ਰਾਹੀਂ ਇਕ ਵਸਤੂ ਕਈ ਪੜਾਵਾਂ ਵਿੱਚ ਲੰਘ ਕੇ ਖ਼ਪਤਕਾਰ ਕੋਲ ਪਹੁੰਚਦੀ ਹੈ। ਖਪਤ ਕਰਨ ਵਾਲੇ ਰਾਜ ਦੇ ਵਪਾਰੀ ਨੇ ਰਾਜ ਸਰਕਾਰ ਦਾ ਐਸਜੀਐਸਟੀ ਅਤੇ ਕੇਂਦਰ ਦਾ ਸੀ ਜੀ ਐਸ ਟੀ ਦੋਵੇਂ ਅੰਤਿਮ ਖ਼ਪਤਕਾਰਾਂ ਤੋਂ ਵਸੂਲਣੇ ਹਨ ਅਤੇ ਟੈਕਸ ਦੀ ਵੰਡ ਰਾਜ ਸਰਕਾਰ ਅਤੇ ਕੇਂਦਰ ਦੋਵਾਂ ਵਿੱਚਕਾਰ ਕਰਨੀ ਹੈ। ਜੇ ਇਹ ਕਾਰੋਬਾਰ 1.5 ਕਰੋੜ ਰੁਪਏ ਤੋਂ ਘੱਟ ਹੁੰਦਾ ਹੈ ਤਾਂ ਇਹ ਰਾਜ ਅਤੇ ਕੇਂਦਰ ਵਿਚਕਾਰ 90:10 ਅਤੇ ਜੇ ਇਹ ਸੌਦਾ 1.5 ਕਰੋੜ ਰੁਪਏ ਤੋਂ ਉਪਰ ਦਾ ਹੋਵੇ ਤਾਂ ਇਹ ਰਾਜ ਅਤੇ ਕੇਂਦਰ ਵਿਚਕਾਰ 50:50 ਅਨੁਸਾਰ ਵੰਡਿਆ ਜਾਂਦਾ ਹੈ। ਪਰ ਜਦੋਂ ਇਕ ਰਾਜ ਦਾ ਹੀ ਦੂਜਾ ਖਰੀਦਣ ਵਾਲਾ ਵਪਾਰੀ ਕਿਸੇ ਉਸੇ ਰਾਜ ਦੇ ਵਪਾਰੀ ਨੂੰ ਵੇਚਦਾ ਹੈ ਤਾਂ ਟੈਕਸ ਦੀ ਵੰਡ ਦੀ ਪ੍ਰਕਿਰਿਆ ਗੁੰਝਲਦਾਰ ਹੋ ਜਾਂਦੀ ਹੈ। ਅੱਗੇ ਜੇ ਇਹ ਵਪਾਰ ਦੋ ਜਾਂ ਦੋ ਤੋਂ ਵੱਧ ਰਾਜਾਂ ਦੇ ਵੇਚਣ ਅਤੇ ਖਰੀਦਣ ਵਾਲੇ ਵਪਾਰੀਆਂ ਵਿਚਕਾਰ ਹੁੰਦਾ ਹੈ ਤਾਂ ਜੀਐਸਟੀ ਨੂੰ ਵੰਡਣ ਦੀ ਪ੍ਰਕਿਰਿਆ ਹੋਰ ਵੀ ਜ਼ਿਆਦਾ ਗੁੰਝਲਦਾਰ ਹੋ ਜਾਂਦੀ ਹੈ। ਇਸ ਨੂੰ ਵੰਡਣ ਲਈ ਸਰਕਾਰ ਵੱਲੋਂ ਆਈਜੀਐਸਟੀ ਲਈ ਇਕ ਸੌਫਟਵੇਅਰ ਤਿਆਰ ਕਰਵਾਇਆ ਗਿਆ ਹੈ ਜਿਸ ਨਾਲ ਦੋ ਜਾਂ ਦੋ ਤੋਂ ਵੱਧ ਰਾਜਾਂ ਦੇ ਆਪਸੀ ਵਪਾਰ ਸਮੇਂ ਵਸਤਾਂ ਅਤੇ ਸੇਵਾਵਾਂ ਉਤੇ ਲੱਗਣ ਵਾਲੇ ਟੈਕਸ ਨੂੰ ਨਿਯਮਿਤ ਕਰਦਿਆਂ ਇਸ ਦੀ ਵੰਡ ਕੀਤੀ ਜਾਂਦੀ ਹੈ।

ਜੀਐਸਟੀ ਕਿਸ ਹੱਦ ਤੋਂ ਸ਼ੁਰੂ ਹੁੰਦਾ ਹੈ? ਭਾਰਤ ਵਿੱਚ 20 ਲੱਖ ਰੁਪਏ ਦੀ ਵਿਕਰੀ ਕਰਨ ਵਾਲੇ ਉੱਦਮੀ ਜੀਐਸਟੀ ਤੋਂ ਬਾਹਰ ਰਹਿਣਗੇ। ਉੱਤਰ-ਪੂਰਬੀ ਰਾਜਾਂ ਲਈ ਇਹ ਸੀਮਾ 10 ਲੱਖ ਰੁਪਏ ਹੈ। ਟੈਕਸ ਦੋ ਤਰ੍ਹਾਂ ਦੇ ਹੁੰਦੇ ਹਨ। ਸਿੱਧੇ ਟੈਕਸ ਅਤੇ ਅਸਿੱਧੇ ਟੈਕਸ। ਸਿੱਧੇ ਟੈਕਸ ਵਿਅਕਤੀਆਂ ਅਤੇ ਜਥੇਬੰਦੀਆਂ ਵੱਲੋਂ ਟੈਕਸ ਲਾਉਣ ਵਾਲੀ ਅਥਾਰਿਟੀ ਨੂੰ ਸਿੱਧੇ ਭੁਗਤਾਨ ਕੀਤੇ ਜਾਂਦੇ ਹਨ, ਜਿਵੇਂ ਆਮਦਨ ਟੈਕਸ। ਅਸਿੱਧੇ ਟੈਕਸ ਅਸਲ ਵਿੱਚ ਵੈਲਿਊ ਐਡਿਡ ਟੈਕਸ ਹੁੰਦੇ ਹਨ ਅਤੇ ਇਹ ਉਨ੍ਹਾਂ ਵਸਤਾਂ ਅਤੇ ਸੇਵਾਵਾਂ ਉਪਰ ਲੱਗਦੇ ਹਨ ਜਿਨ੍ਹਾਂ ਵਿੱਚ ਕਿਰਤ ਅਤੇ ਹੋਰ ਸਮਾਨ ਖ਼ਪਤ ਹੋ ਕੇ ਕੀਮਤ ਵਿੱਚ ਵਾਧਾ ਹੋ ਜਾਂਦਾ ਹੈ, ਜਿਵੇਂ ਕੇਂਦਰੀ ਐਕਸਾਈਜ਼ ਅਤੇ ਕਸਟਮ ਡਿਊਟੀ। ਟੈਕਸ ਲਾਉਣ ਵਾਲੀ ਅਥਾਰਿਟੀ ਇਹ ਟੈਕਸ ਸਿੱਧੇ ਖ਼ਪਤਕਾਰ ਕੋਲੋਂ ਨਹੀਂ, ਵਪਾਰੀ ਕੋਲੋਂ ਲੈਂਦੀ ਹੈ। ਵਪਾਰੀ ਅੱਗੇ ਇਹ ਟੈਕਸ ਖ਼ਪਤਕਾਰ ਤੋਂ ਲੈਂਦਾ ਹੈ । ਅਸਿੱਧੇ ਟੈਕਸਾਂ ਦਾ ਬੋਝ ਅੰਤਮ ਤੌਰ 'ਤੇ ਖ਼ਪਤਕਾਰ ਉਪਰ ਪੈਂਦਾ ਹੈ। ਅਸਿੱਧੇ ਟੇਕਸ ਦਾ ਜ਼ਿਆਦਾ ਬੋਝ ਗ਼ਰੀਬ ਅਤੇ ਮੱਧ ਵਰਗ ਉਪਰ ਪੈਂਦਾ ਹੈ। ਜੀਐਸਟੀ ਅਜਿਹੀ ਹੀ ਇਕ ਅਸਿੱਧੀ ਕਰ ਪ੍ਰਣਾਲੀ ਹੈ।

ਭਾਰਤ ਵਿੱਚ 22 ਫਰਵਰੀ 2016 ਨੂੰ ਅਸਿੱਧੇ ਅਤੇ ਸਿੱਧੇ ਟੈਕਸਾਂ ਦੀ ਅਨੁਪਾਤ 65: 35 ਸੀ। ਜੀਐਸਟੀ ਲੱਗਣ ਨਾਲ ਇਹ ਅਨੁਪਾਤ ਹੋਰ ਵਧ ਜਾਵੇਗਾ। ਇਸ ਸਮੇਂ ਭਾਰਤ ਵਿੱਚ ਕੇਂਦਰੀ ਅਤੇ ਰਾਜ ਸਰਕਾਰਾਂ ਦੇ ਟੈਕਸਾਂ ਦੀ ਮਾਤਰਾ ਕੁੱਲ ਘਰੇਲੂ ਪੈਦਾਵਾਰ ਦੀ 16 ਪ੍ਰਤੀਸ਼ਤ ਹੈ ਜੋ ਜੀਐਸਟੀ ਨਾਲ ਦੁੱਗਣੀ ਹੋਣ ਦੇ ਅਨੁਮਾਨ ਹਨ।

ਜੀਐਸਟੀ ਦਾ ਇਕ ਮੰਤਵ ਟੈਕਸ ਦੇਣ ਵਾਲਿਆਂ ਦਾ ਘੇਰਾ ਵਧਾਉਣਾ ਹੈ। ਜੀਐਸਟੀ ਲਾਗੂ ਹੋਣ ਨਾਲ ਭਾਰਤ ਅੰਦਰ ਹੁਣ ਟੈਕਸ ਨੈਟ ਵਿੱਚ 80 ਲੱਖ ਉੱਦਮੀ ਹਨ। ਇਨ੍ਹਾਂ ਵਿੱਚ 70 ਲੱਖ ਛੋਟੇ ਅਤੇ ਦਰਮਿਆਨੇ ਕਾਰੋਬਾਰੀ ਹਨ। ਹੁਣ ਟੈਕਸ ਭਰਨ ਵਾਲਿਆਂ ਦੀ 540 ਲੱਖ ਦੀ ਗਿਣਤੀ ਨੂੰ ਜੀਐਸਟੀਐਨ ਵਿੱਚ ਨਾਂ ਦਰਜ ਕਰਾਉਣੇ ਪੈਣਗੇ। ਜੀਐਸਟੀ ਭਰਨ ਵਾਲਿਆਂ ਦੀਆਂ 0, 5, 12, 18 ਅਤੇ 28 ਪੰਜ ਟੈਕਸ ਸਲੈਬਾਂ ਬਣਾਈਆਂ ਗਈਆਂ ਹਨ। ਸਿਫ਼ਰ ਟੈਕਸ ਭਾਵ ਜਿਨ੍ਹਾਂ ਵਸਤਾਂ ਉਪਰ ਟੈਕਸ ਨਹੀਂ ਲੱਗਿਆ, ਉਨ੍ਹਾਂ ਵਿੱਚ ਤਾਜ਼ਾ ਮੀਟ, ਮੱਛੀ, ਚਿਕਨ, ਅੰਡੇ, ਦੁੱਧ, ਲੱਸੀ, ਦਹੀਂ, ਕੁਦਰਤੀ ਸ਼ਹਿਦ, ਤਾਜ਼ੇ ਫ਼ਲ ਅਤੇ ਸਬਜ਼ੀਆਂ, ਆਟਾ, ਬੇਸਨ, ਬਰੈਡ, ਪ੍ਰਸਾਦ, ਨਮਕ, ਬਿੰਦੀ, ਸਿੰਧੂਰ, ਸਟੈਂਪ, ਕੋਰਟ ਪੇਪਰ, ਪਰਿੰਟਿਡ ਕਿਤਾਬਾਂ, ਅਖ਼ਬਾਰ, ਵੰਗਾਂ, ਹੈਂਡਲੂਮ ਆਦਿ ਸ਼ਾਮਿਲ ਹਨ। ਬਾਕੀ ਵਸਤਾਂ ਲਈ ਚਾਰ ਟੈਕਸ ਸਲੈਬਾਂ ਹਨ। ਯੂਪੀਏ ਸਰਕਾਰ ਵੇਲੇ ਜੀਐਸਟੀ ਦੇ ਮਸੌਦੇ ਵਿੱਚ ਵੱਧ ਤੋਂ ਵੱਧ ਜੀਐਸਟੀ ਦੀ ਦਰ 18 ਪ੍ਰਤੀਸ਼ਤ ਰੱਖੀ ਜਾ ਰਹੀ ਸੀ ਪਰ ਉਸ ਸਮੇਂ ਭਾਜਪਾ ਇਸ ਨੂੰ 18 ਪ੍ਰਤੀਸ਼ਤ ਤੋਂ ਵੀ ਹੇਠਾਂ ਲਿਆਉਣ ਲਈ ਬਜ਼ਿਦ ਸੀ। ਹੁਣ ਇਸ ਨੇ ਦੁਨੀਆਂ ਦੀ ਸਭ ਤੋਂ ਉੱਚੀ 28 ਪ੍ਰਤੀਸ਼ਤ ਦਰ ਰੱਖੀ ਹੈ। ਇਨ੍ਹਾਂ ਟੈਕਸਾਂ ਤੋਂ ਇਲਾਵਾ ਭਾਰਤ ਵਿੱਚ ਜੀਐਸਟੀ ਕੌਂਸਲ ਨੂੰ ਅਲੱਗ-ਅਲੱਗ ਸਪਲਾਈ ਉਪਰ ਮੁਆਵਜ਼ਾ ਸੈਸ ਲਾਉਣ ਦਾ ਅਧਿਕਾਰ ਵੀ ਹੈ। ਕੱਚਾ ਤੇਲ, ਪੈਟਰੋਲ, ਡੀਜ਼ਲ, ਕੁਦਰਤੀ ਗੈਸ, ਜੈਟ ਈਂਧਨ, ਰੀਅਲ ਇਸਟੇਟ ਅਤੇ ਬਿਜਲੀ ਅਜੇ ਜੀਐਸਟੀ ਤੋਂ ਬਾਹਰ ਹਨ। ਸ਼ਰਾਬ ਨੂੰ ਜੀਐਸਟੀ ਦੇ ਘੇਰੇ ਵਿੱਚ ਲਿਆਉਣ ਲਈ ਸੰਵਿਧਾਨ ਵਿੱਚ ਸੋਧ ਕਰਨੀ ਪਵੇਗੀ।

ਆਖ਼ਰ ਸਰਕਾਰ ਨੂੰ ਜੀਐਸਟੀ ਲਾਗੂ ਕਰਨ ਦੀ ਕਾਹਲ ਕਿਉਂ ? ਦਰਅਸਲ ਭਾਰਤ ਨੂੰ ਇਕ ਗੰਭੀਰ ਸੰਕਟ ਦਰਪੇਸ਼ ਹੈ। ਕਿਸਾਨਾਂ ਕਰਜ਼ੇ ਦੇ ਵੱਡੇ ਬੋਝ ਕਾਰਨ ਖ਼ੁਦਕੁਸ਼ੀਆਂ ਕਰ ਰਹੇ ਹਨ। ਅੱਕ ਕੇ ਉਹ ਵੱਡੇ ਅੰਦੋਲਨਾਂ ਰਾਹੀਂ ਸਰਕਾਰ ਲਈ ਚੁਣੌਤੀ ਬਣ ਰਹੇ ਹਨ। ਸਨਅਤੀ ਸੰਕਟ ਕਾਰਨ ਭਾਰਤ ਦੇ ਵੱਡੇ ਘਰਾਣਿਆਂ ਸਿਰ ਕਰਜ਼ੇ ਵਧ ਰਹੇ ਹਨ। ਇਸ ਨਾਲ ਬੈਂਕਿੰਗ ਖੇਤਰ ਦੇ ਐਨਪੀਏ ਵਧਣ ਕਰਕੇ ਭਾਰਤ ਲਈ ਵਿੱਤੀ ਸੰਕਟ ਖੜ੍ਹਾ ਹੋ ਰਿਹਾ ਹੈ। ਇਸ ਵੱਡੇ ਸੰਕਟ ਨੂੰ ਟਾਲਣ ਲਈ ਮੋਦੀ ਨੇ ਮੇਕ ਇਨ ਇੰਡੀਆ ਅਤੇ ਸਟੈਂਡ ਅੱਪ ਇੰਡੀਆ ਵਰਗੇ ਨਾਅਰੇ ਲਾ ਕੇ ਵਿਦੇਸ਼ੀ ਸਾਮਰਾਜੀ ਕੰਪਨੀਆਂ ਨੂੰ ਭਾਰਤ ਵਿੱਚ ਪੂੰਜੀ ਨਿਵੇਸ਼ ਲਈ ਸੱਦੇ ਦਿੱਤੇ ਜਾ ਰਹੇ ਹਨ। ਸਾਮਰਾਜੀ ਦੇਸ਼ਾਂ ਨੂੰ ਖੁੱਲ੍ਹਾਂ ਦੇਣ ਲਈ ਉਹ ਜੀਐਸਟੀ ਨੂੰ ਲਾਗੂ ਕਰਕੇ ਦੇਸ਼ ਨੂੰ ਇਕ ਇਕਹਿਰੀ ਮੰਡੀ ਅਤੇ ਇਕ ਕੇਂਦਰੀਕ੍ਰਿਤ ਅਤੇ ਏਕਾਮਿਕ ਢਾਂਚੇ ਵਿੱਚ ਬਦਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਹਿਲਾਂ ਉਹ ਨੋਟਬੰਦੀ ਨਾਲ ਭ੍ਰਿਸ਼ਟਾਚਾਰ, ਕਾਲੇ ਧਨ, ਜਾਅਲੀ ਕਰੰਸੀ ਅਤੇ ਅੱਤਵਾਦ ਨੂੰ ਖ਼ਤਮ ਕਰਨ ਦੇ ਦਾਅਵੇ ਕਰਦਾ ਸੀ ਅਤੇ ਹੁਣ ਉਹ ਜੀਐਸਟੀ ਨਾਲ ਕੁੱਲ ਘਰੇਲੂ ਪੈਦਾਵਾਰ ਵਿੱਚ ਵਾਧਾ ਹੋਣ, ਸਨਅਤੀ ਆਰਥਿਕਤਾ ਵਿੱਚ ਪਾਰਦਰਸ਼ਤਾ ਆਉਣ, ਸਹਿਕਾਰੀ ਸੰਘਵਾਦ ਹੋਰ ਮਜ਼ਬੂਤ ਕਰਨ, ਟੈਕਸ ਪ੍ਰਬੰਧ ਨੂੰ ਮੁੜ ਢਾਂਚਾਗਤ ਕਰਨ, ਵਪਾਰ ਵਿੱਚ ਵਾਧਾ ਹੋਣ ਨਾਲ ਸੇਵਾਵਾਂ ਨੂੰ ਹੁਲਾਰਾ ਮਿਲਣ, ਸਿੱਧੇ ਪੂੰਜੀ ਨਿਵੇਸ਼ ਵਿੱਚ ਵੱਡਾ ਵਾਧਾ ਹੋਣ, ਵਸਤਾਂ ਸਸਤੀਆਂ ਹੋਣ, ਲੋਕਾਂ ਉਪਰ ਟੈਕਸਾਂ ਦਾ ਭਾਰ ਘੱਟ ਹੋਣ ਦੇ ਦਾਅਵੇ ਕਰ ਰਿਹਾ ਹੈ। ਪਰ ਗੱਲ ਇਸ ਦੇ ਉਲਟ ਹੈ। ਜੀਐਸਟੀ ਲਾਗੂ ਕਰਨ ਲਈ ਵੱਡੇ ਕਾਰਪੋਰੇਟ ਘਰਾਣੇ ਮੋਦੀ ਨਾਲ ਜਸ਼ਨ ਮਨਾ ਰਹੇ ਹਨ।

ਪਰ ਦੂਜੇ ਪਾਸੇ ਕੱਪੜਾ ਵਪਾਰੀ ਦੇਸ਼ਵਿਆਪੀ ਅੰਦੋਲਨ ਕਰ ਰਹੇ ਹਨ। ਹਰਿਆਣੇ ਦੀਆਂ ਪਲਾਈਵੁੱਡ ਸਨਅਤਾਂ ਜੀਐਸਟੀ ਲੱਗਣ ਨਾਲ ਬੰਦ ਹੋ ਰਹੀਆਂ ਹਨ। ਕੱਚੇ ਚਮੜੇ ਵਾਲੇ ਵਪਾਰੀ ਅਤੇ ਮਜ਼ਦੂਰ ਜੀਐਸਟੀ ਬੰਦ ਕਰਾਉਣ ਲਈ ਸੰਘਰਸ਼ ਕਰ ਰਹੇ ਹਨ। ਨਰਿੰਦਰ ਮੋਦੀ ਕਹਿ ਰਹੇ ਹਨ ਕਿ ਜੀਐਸਟੀ ਨਾਲ ਮਹਿੰਗਾਈ ਘਟੇਗੀ ਪਰ ਉਲਟਾ ਮਹਿੰਗਾਈ ਵਧਣ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਪਰ ਦਸ ਕਰੋੜ ਰੁਪਏ ਦਾ ਸਾਲਾਨਾ ਹੋਰ ਬੋਝ ਪੈ ਰਿਹਾ ਹੈ। ਪੰਜਾਬ ਦੇ ਲੋਕਾਂ ਉਪਰ ਪੰਜ ਹਜ਼ਾਰ ਕਰੋੜ ਰੁਪਏ ਅਤੇ ਸਮੁੱਚੇ ਦੇਸ਼ ਦੇ ਲੋਕਾਂ ਉਪਰ ਦੋ ਲੱਖ ਕਰੋੜ ਰੁਪਏ ਦੇ ਟੈਕਸਾਂ ਦਾ ਨਵਾਂ ਬੋਝ ਪੈਣ ਦੀ ਸੰਭਾਵਨਾ ਹੈ। ਜੀਐਸਟੀ ਅਜੇ ਪੂਰੀ ਤਰ੍ਹਾਂ ਲਾਗੂ ਨਹੀਂ ਹੋਇਆ ਪਰ ਲੋਕਾਂ ਦੀਆਂ ਖਪਤ ਵਾਲੀਆਂ ਵਸਤਾਂ ਦੀਆਂ ਕੀਮਤਾਂ ਵਧ ਗਈਆਂ ਹਨ। ਦਰਅਸਲ, ਮੋਦੀ ਦਾ ਜੀ ਐਸ ਟੀ ਰਾਹੀਂ ਇਕ ਦੇਸ਼, ਇਕ ਮੰਡੀ ਅਤੇ ਇਕ ਟੈਕਸ ਬਣਾਉਣ ਦਾ ਉਦੇਸ਼ ਦੇਸ਼ ਦੀ ਮੰਡੀ ਖੋਲ੍ਹ ਕੇ ਵਿਦੇਸ਼ੀ ਕੰਪਨੀਆਂ ਅਤੇ ਵੱਡੇ ਘਰਾਣਿਆਂ ਦੀ ਸਾਂਝ ਪੁਆ ਕੇ ਭਾਰਤੀ ਲੋਕਾਂ ਅਤੇ ਦੇਸ਼ ਦੇ ਸ੍ਰੋਤਾਂ ਦੀ ਹੋਰ ਲੁੱਟ ਕਰਾਉਣੀ ਹੈ। ਪਰ ਇਸ ਨਾਲ ਛੋਟੀ ਅਤੇ ਦਰਮਿਆਨੀ ਸਨਅਤ ਦੀ ਹੋਰ ਤਬਾਹੀ ਹੋਵੇਗੀ, ਜ਼ਰਈ ਸੰਕਟ ਹੋਰ ਵਧੇਗਾ ਤੇ ਪਹਿਲਾਂ ਹੀ ਪਿਸੇ ਰਹੇ ਮਜ਼ਦੂਰ, ਕਿਸਾਨ ਅਤੇ ਉੱਦਮੀ ਹੋਰ ਪਿਸ ਜਾਣਗੇ।

# ਕੌਮਾਂਤਰੀ ਪੱਧਰ ’ਤੇ ਆਬਾਦੀ ਦਾ ਵਾਧਾ ਰੋਕਣਾ ਜ਼ਰੂਰੀ ਹੋ ਗਿਆ ਹੈ

ਜਸਵਿੰਦਰ ਸਿੰਘ ਸਹੋਤਾ

ਆਬਾਦੀ ਦੇ ਵਾਧੇ ਕਾਰਨ ਪੈਦਾ ਹੋ ਰਹੀਆਂ ਸਮੱਸਿਆਵਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਅੱਜ ਸੰਸਾਰ ਭਰ ’ਚ 28ਵਾਂ ਕੌਮਾਂਤਰੀ ਆਬਾਦੀ ਦਿਹਾੜਾ ਮਨਾਇਆ ਗਿਆ। 11 ਜੁਲਾਈ 1987 ਨੂੰ ਸੰਸਾਰ ਦੀ ਕੁੱਲ ਆਬਾਦੀ 5 ਅਰਬ ਦੇ ਅੰਕੜੇ ਨੂੰ ਪਾਰ ਕਰ ਗਈ ਸੀ, ਜਿਸ ਤੋਂ ਪ੍ਰਭਾਵਿਤ ਹੋ ਕੇ ਸੰਯੁਕਤ ਰਾਸ਼ਟਰ ਵਿਕਾਸ ਸੰਗਠਨ ਦੀ ਗਵਰਨਿੰਗ ਕੌਂਸਿਲ ਨੇ 1989 ਵਿੱਚ ਹਰ ਸਾਲ 11 ਜੁਲਾਈ ਨੂੰ ਕੌਮਾਂਤਰੀ ਆਬਾਦੀ ਦਿਵਸ ਮਨਾਉਣ ਦਾ ਫੈਸਲਾ ਕੀਤਾ ਸੀ।

ਆਬਾਦੀ ਪੱਖੋਂ ਭਾਰਤ, ਚੀਨ ਤੋਂ ਬਾਅਦ ਸੰਸਾਰ ਭਰ ਵਿੱਚ ਦੂਸਰੇ ਸਥਾਨ ’ਤੇ ਹੈ। ਸੰਯੁਕਤ ਰਾਸ਼ਟਰ ਦੇ ਆਰਥਿਕ ਅਤੇ ਸਮਾਜਿਕ ਮਾਮਲਿਆਂ ਦੇ ਵਿਭਾਗ ਦੁਆਰਾ ਪ੍ਰਕਾਸ਼ਿਤ ’ਦਿ ਵਰ਼ਲਡ ਪਾਪੂਲੇਸ਼ਨ ਪ੍ਰੋਸਪੈਕਟਸ : 2017’ ਵਿੱਚ ਕਿਹਾ ਗਿਆ ਹੈ ਕਿ ਭਾਰਤ ਆਬਾਦੀ ਦੇ ਪੱਖੋਂ ਸੱਤ ਸਾਲ ਬਾਅਦ 2024 ਵਿੱਚ ਚੀਨ ਨਾਲੋਂ ਅੱਗੇ ਨਿਕਲ ਜਾਵੇਗਾ। 21 ਜੂਨ 2017 ਨੂੰ ਜਾਰੀ ਕੀਤੀ ਗਈ ਇਸ ਰਿਪੋਰਟ ਅਨੁਸਾਰ ਇਸ ਸਮੇਂ ਚੀਨ ਦੀ ਆਬਾਦੀ 141 ਕਰੋੜ ਅਤੇ ਭਾਰਤ ਦੀ ਅਬਾਦੀ 134 ਕਰੋੜ ਹੈ। ਸੰਸਾਰ ਦੀ ਕੁੱਲ ਵਸੋਂ ਦਾ 19 ਫੀਸਦੀ ਹਿੱਸਾ ਚੀਨ ਅਤੇ 18 ਫੀਸਦੀ ਹਿੱਸਾ ਭਾਰਤ ਵਿੱਚ ਰਹਿੰਦਾ ਹੈ। ਭਾਰਤ ਕੋਲ ਦੁਨੀਆਂ ਦੇ ਧਰਾਤਲੀ ਰਕਬੇ ਦਾ ਕੇਵਲ 2.4 ਫੀਸਦੀ ਹੀ ਰਕਬਾ ਹੈ। ਸਾਲ 2024 ਤੱਕ ਇਨ੍ਹਾਂ ਦੋਵਾਂ ਦੇਸ਼ਾਂ ਦੀ ਆਬਾਦੀ 144 ਕਰੋੜ ਹੋ ਜਾਣ ਦਾ ਅੰਦਾਜ਼ਾ ਲਗਾਇਆ ਗਿਆ ਹੈ। ਸੰਯੁਕਤ ਰਾਸ਼ਟਰ ਦੇ 25ਵੇਂ ਆਬਾਦੀ ਦੇ ਅੰਦਾਜ਼ੇ ਅਨੁਸਾਰ ਭਾਰਤ ਦੀ ਆਬਾਦੀ ਸਾਲ 2030 ਵਿੱਚ 150 ਕਰੋੜ ਅਤੇ ਸਾਲ 2050 ਵਿੱਚ 166 ਕਰੋੜ ਹੋ ਜਾਵੇਗੀ ਜਦਕਿ ਚੀਨ ਦੀ ਆਬਾਦੀ ਦਾ ਵਾਧਾ ਸਾਲ 2030 ਤੱਕ ਇਕਸਾਰ ਰਹੇਗਾ ਅਤੇ ਇਸ ਤੋਂ ਬਾਅਦ ਆਬਾਦੀ ਘਟਣੀ ਸ਼ੁਰੂ ਹੋ ਜਾਵੇਗੀ।

ਸੰਸਾਰ ਵਿੱਚ ਅੰਦਾਜ਼ਨ ਹਰ ਛੇਵਾਂ ਵਿਅਕਤੀ ਭਾਰਤੀ ਹੈ। ਭਾਰਤ ਦੀ ਦਿਨੋ-ਦਿਨ ਵਧ ਰਹੀ ਆਬਾਦੀ ਹੀ ਦੇਸ਼ ਵਿਚਲੀ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਮਹਿੰਗਾਈ, ਅਨਪੜਤਾ, ਪ੍ਰਦੂਸ਼ਣ, ਪ੍ਰਤੀ ਵਿਅਕਤੀ ਆਮਦਨ ਦੀ ਨੀਵੀਂ ਦਰ, ਦੇਸ਼ ਦਾ ਆਰਥਿਕ ਤੌਰ ’ਤੇ ਪਛੜਿਆਪਣ, ਆਦਿ ਸਮੱਸਿਆਵਾਂ ਦੀ ਜੜ੍ਹ ਹੈ। ਭਾਰਤ ਦੁਆਰਾ ਆਜ਼ਾਦੀ ਤੋਂ ਬਾਅਦ ਕੀਤੇ ਵਿਕਾਸ ਨੂੰ ਦੇਸ਼ ਦੀ ਲੋੜ ਤੋਂ ਵਧੇਰੇ ਵਧੀ ਹੋਈ ਆਬਾਦੀ ਹੀ ਨਿਗਲ ਗਈ। ਵਧ ਰਹੀ ਜਨਸੰਖਿਆ ਨੇ ਨਾਗਰਿਕਾਂ ਦੇ ਜੀਵਨ ਲਈ ਲੋੜੀਂਦੇ ਸਾਧਨਾਂ ਦੀ ਪੂਰਤੀ ਲਈ ਦੇਸ਼ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਲੋੜ ਤੋਂ ਵਧੇਰੇ ਵਸੋਂ ਹੋਣ ਕਾਰਨ ਕਈ ਸਮਾਜਿਕ ਅਤੇ ਆਰਥਿਕ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ। ਦੇਸ ਵਿੱਚੋਂ ਗਰੀਬੀ ਹਟਾਉਣ ਦੀਆਂ ਯੋਜਨਾਵਾਂ, ਜਨਸੰਖਿਆ ਵਿਸਫੋਟ ਕਾਰਨ ਅਸਫਲ ਹੋ ਰਹੀਆਂ ਹਨ। ਵਿਸ਼ਵ ਬੈਂਕ ਦੀ ਇੱਕ ਰਿਪੋਰਟ ਅਨੁਸਾਰ ਭਾਰਤ ਦੇ 42 ਫੀਸਦੀ ਲੋਕ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰਨ ਲਈ ਮਜਬੂਰ ਹਨ। ਵੱਧ ਰਹੀ ਜਨਸੰਖਿਆ ਨੇ ਬੇਰੁਜ਼ਗਾਰੀ ਜਿਹੀ ਭਿਆਨਕ ਸਮੱਸਿਆ ਪੈਦਾ ਕਰ ਦਿੱਤੀ ਹੈ।

ਏਸ਼ੀਆ ਮਹਾਂਦੀਪ ਵਿੱਚ ਸੰਸਾਰ ਦੀ 60 ਫੀਸਦੀ ਵਸੋਂ ਰਹਿੰਦੀ ਹੈ। ਭਾਰਤ ਦੀ 15ਵੀਂ ਜਨਗਣਨਾ 2011 ਅਨੁਸਾਰ, 31 ਮਾਰਚ 2011 ਤੱਕ ਭਾਰਤ ਦੀ ਆਬਾਦੀ 1,21,01,93,422 (ਇੱਕ ਅਰਬ ਇੱਕੀ ਕਰੋੜ ਇੱਕ ਲੱਖ ਤਰਿਆਨਵੇਂ ਹਜ਼ਾਰ ਚਾਰ ਸੌ ਬਾਈ) ਹੈ। 50 ਫੀਸਦੀ ਆਬਾਦੀ ਜ਼ੀਰੋ ਤੋਂ ਪੱਚੀ ਸਾਲ ਤੱਕ ਦੀ ਉਮਰ ਵਾਲਿਆ ਦੀ ਹੈ। ਦੇਸ਼ ਵਿੱਚ ਇੱਕ ਸਾਲ ਵਿੱਚ ਇੱਕ ਹਜ਼ਾਰ ਦੀ ਵਸੋਂ ਪਿੱਛੇ 22.22 ਬੱਚੇ ਪੈਦਾ ਹੁੰਦੇ ਹਨ ਜਦ ਕਿ ਇੱਕ ਹਜ਼ਾਰ ਵਸੋਂ ਪਿੱਛੇ ਮੌਤਾਂ ਕੇਵਲ 6.4 ਹੁੰਦੀਆਂ ਹਨ। ਮੌਤ ਅਤੇ ਜਨਮ ਦਰ ਵਿੱਚ ਇੰਨੇ ਵੱਡੇ ਫਰਕ ਕਾਰਨ ਆਬਾਦੀ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ। ਵਧੀਆਂ ਸਿਹਤ ਸਹੂਲਤਾਂ ਪ੍ਰਾਪਤ ਹੋਣ ਕਾਰਨ ਮੌਤ ਦਰ ਵਿੱਚ ਕਾਫੀ ਗਿਰਵਾਟ ਆਈ ਹੈ, ਪਰ ਜਨਮ ਦਰ ਅਜੇ ਵੀ ਬਹੁਤ ਜ਼ਿਆਦਾ ਹੈ। ਭਾਰਤ ਵਿੱਚ ਔਸਤਨ ਇੱਕ ਮਿੰਟ ਵਿੱਚ 51 ਬੱਚੇ ਪੈਦਾ ਹੁੰਦੇ ਹਨ। ਉੱਤਰ ਪ੍ਰਦੇਸ਼ ਸਭ ਤੋਂ ਵੱਧ ਆਬਾਦੀ ਵਾਲਾ ਸੂਬਾ ਹੈ। ਉੱਤਰ ਪ੍ਰਦੇਸ਼ (19 ਕਰੋੜ 60 ਲੱਖ) ਅਤੇ ਮਹਾਂਰਾਸ਼ਟਰ (11 ਕਰੋੜ 24 ਲੱਖ) ਦੀ ਆਬਾਦੀ ਭਾਵ ਦੋ ਰਾਜਾਂ ਦੀ ਆਬਾਦੀ, ਅਮਰੀਕਾ ਦੀ ਆਬਾਦੀ ਨਾਲੋ ਜ਼ਿਆਦਾ ਹੈ।



ਉੱਤਰ ਪ੍ਰਦੇਸ਼ ਦੀ ਆਬਾਦੀ ਬ੍ਰਾਜ਼ੀਲ ਦੀ ਵਸੋਂ ਦੇ ਬਰਾਬਰ ਹੈ। ਮਹਾਂਰਾਸ਼ਟਰ ਦੀ ਆਬਾਦੀ ਮੈਕਸਿਕੋ ਦੀ ਆਬਾਦੀ ਦੇ ਬਰਾਬਰ ਹੈ। ਬਿਹਾਰ (10 ਕਰੋੜ 80 ਲੱਖ) ਦੀ ਆਬਾਦੀ ਜਰਮਨੀ ਤੋਂ ਜ਼ਿਆਦਾ ਹੈ।

2001 ਵਿੱਚ ਆਬਾਦੀ ਦੇ ਦਹਾਕੇ ਦੀ ਵਾਧੇ ਦੀ ਦਰ 21.15 ਫੀਸਦੀ ਸੀ ਜੋ 2011 ਵਿੱਚ ਘੱਟ ਕੇ 17.64 ਫੀਸਦੀ ਹੋ ਗਈ। 2001 ਤੋਂ 2011 ਤੱਕ ਸਾਲਾਨਾ ਆਬਾਦੀ ਦੇ ਵਾਧੇ ਦੀ ਦਰ 1.58 ਫੀਸਦੀ ਰਹੀ। 1991 ਤੋਂ 2001 ਦੌਰਾਨ ਸਾਲਾਨਾ ਆਬਾਦੀ ਦੇ ਵਾਧੇ ਦੀ ਦਰ 1.19 ਫੀਸਦੀ ਅਤੇ 1981-91 ਦੌਰਾਨ 2.12 ਫੀਸਦੀ ਸੀ। ਭਾਵੇਂ ਆਬਾਦੀ ਦੀ ਵਾਧੇ ਦੀ ਦਰ ਘਟੀ ਪਰ ਯੋਜਨਾ ਕਮਿਸ਼ਨ ਅਤੇ ਹੋਰ ਸੰਸਥਾਵਾਂ ਵਲੋਂ ਮਿਥੇ ਟੀਚੇ ਨਾਲੋਂ ਵਧ ਹੈ। ਚੀਨ ਦੀ ਆਬਾਦੀ ਦੇ ਵਾਧੇ ਦੀ ਦਰ ਕੇਵਲ ਲਗਭਗ 0.14 ਫੀਸਦੀ ਹੈ।

ਵੱਧਦੀ ਆਬਾਦੀ ਨੂੰ ਕਾਬੂ ਕਰਨ ਲਈ ਪਰਿਵਾਰ ਨਿਯੰਤਰਣ ਯੋਜਨਾਬੰਦੀ ਦਾ ਬਹੁਤ ਮਹੱਤਵ ਹੈ। ਇਸੇ ਕਾਰਨ ਅੱਜ ’ਪਰਿਵਾਰ ਦੀ ਯੋਜਨਾਬੰਦੀ ਨਾਲ ਵਿਕਾਸ਼ਸ਼ੀਲ ਦੇਸ਼ਾਂ ਦੇ ਲੋਕਾਂ ਨੂੰ ਮਜ਼ਬੂਤ ਕਰਨਾ’ ਥੀਮ ਅਧੀਨ ਕੌਮਾਂਤਰੀ ਆਂਬਾਦੀ ਦਿਵਸ ਮਨਾਇਆ ਜਾ ਰਿਹਾ ਹੈ। ਸੰਸਾਰ ਦੀਆਂ 2250 ਲੱਖ ਔਰਤਾਂ ਪਰਿਵਾਰਾਂ ਨੂੰ ਸੀਮਤ ਰੱਖਣ ਲਈ ਪਰਿਵਾਰ ਨਿਯੰਤਰਣ ਯੋਜਨਾਬੰਦੀ ਕਰਨੀਆਂ ਚਾਹੁੰਦੀਆਂ ਹਨ, ਪਰ ਜਾਣਕਾਰੀ ਦੀ ਘਾਟ, ਜੀਵਨ ਸਾਥੀ ਦੀ ਅਸਹਿਮਤੀ, ਧਾਰਮਿਕ ਸੋਚ ਅਤੇ ਆਰਥਿਕ ਤੰਗੀ ਕਾਰਨ ਅਜਿਹਾ ਨਹੀਂ ਕਰ ਸਕਦੀਆਂ। ਧਾਰਮਿਕ ਆਗੂਆਂ ਨੂੰ ਆਬਾਦੀ ਵਧਾਉਣ ਦੇ ਬਿਆਨ ਦੇਣ ਤੋਂ ਸੰਕੋਚ ਕਰਨਾ ਚਾਹੀਦਾ ਹੈ।

ਭਾਰਤ ਨੂੰ ਆਪਣੀ ਆਬਾਦੀ ਕਾਬੂ ਕਰਨ ਲਈ ਚੀਨ ਵਲੋਂ ਅਪਣਾਈਆਂ ਨੀਤੀਆਂ ਨੂੰ ਲਾਗੂ ਕਰਨਾ ਚਾਹੀਦਾ ਹੈ। ਵਧਦੀ ਹੋਈ ਆਬਾਦੀ ਕੁਦਰਤੀ ਸਾਧਨਾਂ ਜਿਵੇਂ ਜੰਗਲ, ਉਪਜਾਊ ਭੂਮੀ ਅਤੇ ਖਣਿਜ ਪਦਾਰਥ ਨੂੰ ਸਮੇਟੀ ਜਾ ਰਹੀ ਹੈ। ਪਾਣੀ ਅਤੇ ਵਾਤਾਵਰਣ ਦਿਨੋਂ-ਦਿਨ ਪ੍ਰਦੂਸ਼ਿਤ ਹੋ ਰਿਹਾ ਹੈ। ਆਬਾਦੀ ਵੱਧਣ ਅਤੇ ਵਧੀਆ ਸਿੱਖਿਆ, ਸਿਹਤ ਅਤੇ ਜੀਵਨ ਦੀਆਂ ਉੱਚ ਮਿਆਰੀ ਸਹੂਲਤਾਂ ਦਾ ਅਨੰਦ ਮਾਨਣ ਲਈ ਲੋਕ ਪਿੰਡਾਂ ’ਚੋਂ ਸ਼ਹਿਰਾਂ ਵੱਲ ਪਰਵਾਸ ਕਰ ਰਹੇ ਹਨ। ਦਿਨੋਂ-ਦਿਨ ਸ਼ਹਿਰੀ ਆਬਾਦੀ ਵਿੱਚ ਵਾਧਾ ਹੋ ਰਿਹਾ ਹੈ, ਜਿਸ ਕਾਰਨ ਸ਼ਹਿਰਾਂ ਵਿੱਚ ਹਰ ਪਾਸੇ ਭੀੜ ਹੀ ਭੀੜ ਨਜ਼ਰ ਆਉਂਦੀ ਹੈ।

ਵਧੀ ਹੋਈ ਆਬਾਦੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇਮਾਰਤਾਂ ਉਸਾਰੀਆਂ ਜਾ ਰਹੀਆਂ ਹਨ। ਫਲਸਰੂਪ ਉਪਜਾਊ ਭੂਮੀ ਦਾ ਖੇਤਰਫਲ ਦਿਨੋਂ-ਦਿਨ ਘਟਦਾ ਜਾ ਰਿਹਾ ਹੈ।

ਜੰਗਲ ਅੰਨ੍ਹੇਵਾਹ ਕੱਟੇ ਜਾ ਰਹੇ ਹਨ। ਜੀਵ ਜੰਤੂ ਅਲੋਪ ਹੋ ਰਹੇ ਹਨ। ਪੀਣ ਵਾਲੇ ਪਾਣੀ ਦਾ ਜ਼ਮੀਨੀ ਪੱਧਰ ਨੀਵਾਂ ਹੁੰਦਾ ਜਾ ਰਿਹਾ ਹੈ। ਜੇਕਰ ਆਬਾਦੀ ਦੇ ਵਾਧੇ ਦੀ ਦਰ ਇਸੇ ਤਰ੍ਹਾਂ ਜਾਰੀ ਰਹੀ ਤਾਂ ਦੇਸ਼ ਅੰਦਰ ਭੁੱਖ-ਮਰੀ ਫੈਲਣ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

ਵਸੋਂ ਦੇ ਵਾਧੇ ਨੂੰ ਕਾਬੂ ਕਰਨ ਲਈ ਇਸਤਰੀ ਸਿੱਖਿਆ ਸਭ ਤੋਂ ਵਧੇਰੇ ਸਹਾਈ ਹੋ ਸਕਦੀ ਹੈ। 2011 ਦੀ ਜਨਗਣਨਾ ਅਨੁਸਾਰ ਭਾਰਤ ਦੀ ਸਾਖ਼ਰਤਾ ਦਰ 74.04 ਫੀਸਦੀ ਹੈ। ਮਰਦਾਂ ਦੀ ਸਾਖ਼ਰਤਾ ਦਰ 84.14 ਫੀਸਦੀ ਅਤੇ ਔਰਤਾਂ ਦੀ ਸਾਖ਼ਰਤਾ ਦਰ 65.46 ਫੀਸਦੀ ਹੈ। ਆਬਾਦੀ ਨੂੰ ਨਿਯੰਤਰਣ ਕਰਨ ਲਈ ਸੌ ਫੀਸਦੀ ਸਾਖਰਤਾ ਦਰ ਦਾ ਟੀਚਾ ਛੂਹਣਾ ਪਵੇਗਾ। ਕੇਰਲਾ ਇੱਕ ਅਜਿਹਾ ਪ੍ਰਾਂਤ ਹੈ ਜਿੱਥੇ ਇਸਤਰੀਆਂ ਦੀ ਸਾਖਰਤਾ ਦਰ ਕਾਫੀ ਉੱਚੀ ਹੋਣ ਕਾਰਨ ਆਬਾਦੀ ਦੇ ਵਾਧੇ ਦੀ ਦਰ ਵੀ ਘੱਟ ਹੈ।

ਜਨਗਣਨਾ 2011 ਅਨੁਸਾਰ ਪੰਜਾਬ ਦੀ ਆਬਾਦੀ 2,70,04,236 (ਦੋ ਕਰੋੜ ਸੱਤਰ ਲੱਖ ਚਾਰ ਹਜ਼ਾਰ ਦੋ ਸੌ ਛੱਤੀ) ਹੈ। ਇਹ ਦੇਸ਼ ਦੀ ਆਬਾਦੀ ਦਾ 2.29 ਫੀਸਦੀ ਹੈ, ਜਦਕਿ ਪੰਜਾਬ ਕੋਲ ਦੇਸ਼ ਦੇ ਕੁੱਲ ਭੂਗੋਲਿਕ ਰਕਬੇ ਦਾ ਕੇਵਲ 1.53 ਫੀਸਦੀ ਹੀ ਰਕਬਾ ਹੈ। ਪੰਜਾਬ ਦਾ ਦੇਸ਼ ਵਿੱਚ ਆਬਾਦੀ ਪੱਖੋਂ ਪੰਦਰਵਾਂ ਸਥਾਨ ਹੈ। ਅੰਮ੍ਰਿਤਸਰ ਜ਼ਿਲ੍ਹੇ ਦੀ ਆਬਾਦੀ ਸਭ ਤੋਂ ਵੱਧ ਅਤੇ ਬਰਨਾਲਾ ਜ਼ਿਲ੍ਹੇ ਦੀ ਆਬਾਦੀ ਸਭ ਤੋਂ ਘੱਟ ਹੈ। ਲੁਧਿਆਣਾ ਜ਼ਿਲ੍ਹਾ 975 ਵਿਅਕਤੀ ਪ੍ਰਤੀ ਕਿਲੋਮੀਟਰ ਦੀ ਘਣਤਾ ਨਾਲ ਸਭ ਤੋਂ ਅੱਗੇ ਅਤੇ ਮੁਕਤਸਰ ਜ਼ਿਲ੍ਹਾ 348 ਦੀ ਘਣਤਾ ਨਾਲ ਸਭ ਤੋਂ ਪਿੱਛੇ ਹੈ। ਪੰਜਾਬ ਦੀ ਘਣਤਾ 550 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਹੁਸ਼ਿਆਰਪੁਰ ਨੂੰ ਸੂਬੇ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਹੋਣ ਦਾ ਮਾਣ ਪ੍ਰਾਪਤ ਹੈ। ਹੁਸ਼ਿਆਰਪੁਰ ਦੀ ਸਾਖ਼ਰਤਾ ਦਰ 85.4 ਫੀਸਦੀ ਹੈ, ਜਦਕਿ ਪੰਜਾਬ ਦੀ ਸਾਖ਼ਰਤਾ ਦਰ 76.7 ਫੀਸਦੀ ਹੈ।

ਲੋਕਾਂ ਨੂੰ ਛੋਟੇ ਪਰਿਵਾਰ ਦੇ ਫਾਇਦੇ ਹੋਣ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ। ਜੇਕਰ ਪਰਿਵਾਰ ਵਿੱਚ ਇੱਕ ਜਾਂ ਦੋ ਬੱਚੇ ਹੋਣਗੇ ਤਾਂ ਉਨ੍ਹਾਂ ਦਾ ਪਾਲਣ-ਪੋਸ਼ਣ ਵਧੀਆ ਤਰੀਕੇ ਨਾਲ ਹੋ ਸਕੇਗਾ। ਉਨ੍ਹਾਂ ਨੂੰ ਮਿਆਰੀ ਸਿੱਖਿਆ ਅਤੇ ਸਿਹਤ ਅਤੇ ਹੋਰ ਸਹਲਤਾਂ ਦਿੱਤੀਆਂ ਜਾ ਸਕਦੀਆਂ ਹਨ।

ਆਬਾਦੀ ਵਿੱਚ ਵਾਧੇ ਦੇ ਨੁਕਸਾਨਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਪ੍ਰਸ਼ਾਸਨ ਦੇ ਨਾਲ-ਨਾਲ ਸਵੈ-ਸੇਵੀ ਸੰਸਥਾਵਾਂ, ਜਥੇਬੰਦੀਆਂ, ਧਾਰਮਿਕ ਸੰਗਠਨਾਂ ਨੂੰ ਵੀ ਅੱਗੇ ਆਉਣਾ ਚਾਹੀਦਾ ਹੈ। ਇਲੈਕਟ੍ਰਨਿਕ ਤੇ ਪ੍ਰਿੰਟ ਮੀਡੀਏ ਨੂੰ ਵਧ ਰਹੀ ਆਬਾਦੀ ਪ੍ਰਤੀ ਜਾਗ੍ਰਿਤੀ ਪੈਦਾ ਕਰਨ ਲਈ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਬੁੱਧੀਜੀਵੀ ਵਰਗ ਅਤੇ ਸਮਾਜ ਸੇਵਕਾਂ ਨੂੰ ਪਿੰਡKਸ਼ਹਿਰ ਦੇ ਹਰ ਗਲੀ ਮੁਹੱਲੇ ਵਿੱਚ ਜਾ ਕੇ ਸੈਮੀਨਾਰਾਂ ਰਾਹੀਂ ਸੀਮਤ ਪਰਿਵਾਰ ਦੇ ਲਾਭ ਬਾਰੇ ਦੱਸ ਕੇ ਪਰਿਵਾਰ ਨਿਯੰਤਰਣ ਵਿਧੀਆਂ ਨੂੰ ਵਰਤਣ ਲਈ ਮਨੋਵਿਗਿਆਨਿਕ ਤੌਰ ’ਤੇ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਸਿਹਤ ਵਿਭਾਗ ਨੂੰ ਨਵੇਂ ਲੋਕਾਂ ਨੂੰ ਪਰਿਵਾਰ ਸੀਮਤ ਰੱਖਣ ਦੀਆਂ ਵਿਧੀਆਂ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ। ਸਰਕਾਰ ਨੂੰ ਪਰਿਵਾਰ ਨਿਯੰਤਰਣ ਕਰਨ ਵਾਲੇ ਉਪਕਰਨ ਅਤੇ ਦਵਾਈਆਂ ਮੁਫਤ ਮੁਹੱਈਆ ਕਰਾਉਣੀਆਂ ਚਾਹੀਦੀਆਂ ਹਨ। ਸਰਕਾਰ ਲੋਕਾਂ ਨੂੰ ਛੋਟਾ ਪਰਿਵਾਰ ਰੱਖਣ ਲਈ ਪ੍ਰੇਰਤ ਕਰਨ ਵਾਸਤੇ ਇੱਕ ਜਾਂ ਦੋ ਬੱਚਿਆਂ ਵਾਲੇ ਪਰਿਵਾਰਾਂ ਨੂੰ ਵਧੇਰੇ ਸਹੂਲਤਾਂ ਦੇ ਕੇ ਸਨਮਾਨਿਤ ਕਰੇ। ਆਬਾਦੀ ਦੀ ਦਰ ਘਟਣ ਵਿੱਚ ਹੀ ਦੇਸ਼ ਤੇ ਦੇਸ਼ਵਾਸੀਆਂ ਦਾ ਭਲਾ ਹੈ।

# ਚੀਨ ਦੇ ਮਾਮਲੇ ’ਚ ਭਾਰਤ ਨੂੰ ਇਕ ਚਿਰਸਥਾਈ ਨੀਤੀ ਬਣਾਊਣ ਦੀ ਲੋੜ

**(ਸਫਾ 2 ਦੀ ਬਾਕੀ)**

ਹਮਲਾਵਰ ਸਿੱਟਾ ਨਿਕਲੇਗਾ?

ਬਿਨਾਂ ਸ਼ੱਕ ਭਾਰਤ ਨੂੰ ਘੇਰਨ ਦੀ ਚੀਨ ਦੀ ਰਣਨੀਤੀ ਦਾ ਜਵਾਬ ਭਾਰਤ ਉਸ ਦੇ ਗੁਆਂਢੀ ਦੇਸ਼ਾਂ ਨਾਲ ਦੋਸਤੀ ਕਰ ਕੇ ਦੇ ਰਿਹਾ ਹੈ। ਭਾਰਤ ਆਪਣੀ ’ਪੂਰਬ ਵੱਲ ਦੇਖੋ’ ਨੀਤੀ ਦੇ ਤਹਿਤ ਮਿਆਂਮਾਰ, ਸ਼੍ਰੀਲੰਕਾ, ਵੀਅਤਨਾਮ ਆਦਿ ਨਾਲ ਸੰਬੰਧ ਮਜ਼ਬੂਤ ਕਰ ਰਿਹਾ ਹੈ। ਭਾਰਤ ਇਹ ਵੀ ਜਾਣਦਾ ਹੈ ਕਿ ਚੀਨ ਨੇ ਮਿਆਂਮਾਰ ਵਿਚ ਚੰਗੀ ਪਕੜ ਬਣਾ ਲਈ ਹੈ, ਇਸ ਲਈ ਭਾਰਤ ਮਿਆਂਮਾਰ ਦੇ ਜਰਨੈਲਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਤੇ ਇਸੇ ਸਿਲਸਿਲੇ ਤਹਿਤ ਭਾਰਤੀ ਥਲ ਸੈਨਾ ਮੁਖੀ ਬਿਪਨ ਰਾਵਤ ਨੇ ਪਿਛਲੇ ਮਹੀਨੇ ਮਿਆਂਮਾਰ ਦਾ ਦੌਰਾ ਕੀਤਾ ਸੀ।

ਦੂਜੇ ਪਾਸੇ ਵੀਅਤਨਾਮ ਨੇ ਵੀ ਓ. ਐੱਨ. ਜੀ. ਸੀ. ਨੂੰ ਦਿੱਤੇ ਗਏ ਲਾਇਸੈਂਸ ਦਾ ਨਵੀਨੀਕਰਨ ਕਰ ਦਿੱਤਾ ਹੈ, ਜਿਸ ਦੇ ਤਹਿਤ ਉਹ ਚੀਨ ਸਾਗਰ ’ਚ ਤੇਲ ਦੀ ਖੋਜ ਕਰ ਸਕਦਾ ਹੈ। ਇਸ ਨੂੰ ਲੈ ਕੇ ਚੀਨ, ਵੀਅਤਨਾਮ ਤੇ ਫਿਲਪਾਈਨ ਵਿਚਾਲੇ ਵਿਵਾਦ ਚੱਲ ਰਿਹਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਫੈਸਲਾ ਵਪਾਰਕ ਦੀ ਬਜਾਏ ਰਣਨੀਤਕ ਮਹੱਤਤਾ ਨੂੰ ਧਿਆਨ ਵਿਚ ਰੱਖ ਕੇ ਲਿਆ ਗਿਆ ਕਿਉਂਕਿ ਇਸ ਖੇਤਰ ਵਿਚ ਨਿਵੇਸ਼ ’ਤੇ ਫਾਇਦਾ ਜ਼ਿਆਦਾ ਹੋਣ ਦੀ ਸੰਭਾਵਨਾ ਨਹੀਂ।

ਅੜੀਅਲ ਚੀਨ ਆਪਣੇ ਛੋਟੇ ਗੁਆਂਢੀ ਦੇਸ਼ਾਂ ਨਾਲ ਆਰਥਿਕ ਸਹਾਇਤਾ ਅਤੇ ਫੌਜੀ ਤਾਕਤ ਦੇ ਦਮ ’ਤੇ ਦਾਦਾਗਿਰੀ ਕਰਦਾ ਰਿਹਾ ਹੈ ਅਤੇ ਭਾਰਤ ਦਾ ਪ੍ਰਭਾਵ ਉਨ੍ਹਾਂ ਦੇਸ਼ਾਂ ਵਿਚ ਘੱਟ ਕਰਦਾ ਰਿਹਾ ਹੈ, ਜਿਸ ਕਾਰਨ ਇਨ੍ਹਾਂ ਦੇਸ਼ਾਂ ਵਿਚ ਭਾਰਤ ਦੇ ਹਿੱਤ ਤੇ ਵਿਦੇਸ਼ ਨੀਤੀ ਦੇ ਬਦਲ ਸੀਮਤ ਰਹਿ ਗਏ ਹਨ।

ਉਹ ਨੇਪਾਲ ਦੀ ਘਰੇਲੂ ਸਿਆਸਤ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ, ਬੰਗਲਾਦੇਸ਼ ਵਿਚ ਦੋਹਰੀ ਵਰਤੋਂ ਲਈ ਨਵੇਂ ਅੱਡੇ (ਬੰਦਰਗਾਹ ਵਗੈਰਾ) ਲਈ ਵਿੱਤੀ ਸਹਾਇਤਾ ਦੇ ਰਿਹਾ ਹੈ, ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ ਸੜਕ ਬਣਾ ਰਿਹਾ ਹੈ ਤੇ ਸ਼੍ਰੀਲੰਕਾ ਵਿਚ ਸਿਆਸੀ ਦਖਲ ਦੇਣ ਲਈ ਉਸ ਨੂੰ ਕਰਜ਼ੇ ਦੇ ਜਾਲ ’ਚ ਫਸਾ ਰਿਹਾ ਹੈ।

ਚੀਨ ਨੇ ਪ੍ਰਮਾਣੂ ਸਪਲਾਈਕਰਤਾ ਗਰੁੱਪ (ਐੱਨ. ਐੱਸ. ਜੀ.) ਵਿਚ ਭਾਰਤ ਦੇ ਦਾਖਲੇ ਨੂੰ ਰੋਕਿਆ ਹੈ। ਚੀਨ ਇਸ ਗੱਲ ਨੂੰ ਲੈ ਕੇ ਵੀ ਨਾਰਾਜ਼ ਹੈ ਕਿ ਭਾਰਤ ਉਸ ਦੀ ’ਵਨ ਬੈਲਟ ਵਨ ਰੋਡ’ ਯੋਜਨਾ ’ਚ ਸ਼ਾਮਿਲ ਨਹੀਂ ਹੋਇਆ ਅਤੇ ਇਹ ਚੀਨ ਦੇ ਰਾਸ਼ਟਰਪਤੀ ਲਈ ਨਿੱਜੀ ਵੱਕਾਰ ਦਾ ਮੁੱਦਾ ਬਣ ਗਿਆ ਹੈ। ਭਾਰਤ-ਚੀਨ ਸੰਬੰਧ ਹੁਣ ਠੰਡੇ ਬਸਤੇ ਵਿਚ ਹਨ ਤੇ ਦੋਹਾਂ ਦੇਸ਼ਾਂ ਵਿਚਾਲੇ ਡੂੰਘੀ ਬੇਯਕੀਨੀ ਬਣੀ ਹੋਈ ਹੈ। ਦੋਹਾਂ ਨੇ ਗੱਲਬਾਤ ਦੇ ਬਦਲ ਨੂੰ ਖੁੱਲ੍ਹਾ ਰੱਖਿਆ ਹੈ, ਹਾਲਾਂਕਿ ਇਸ ਗੱਲਬਾਤ ਵਿਚ ਦੋਵੇਂ ਆਪੋ-ਆਪਣੇ ਰੁਖ਼ ’ਤੇ ਕਾਇਮ ਰਹਿ ਸਕਦੇ ਹਨ।



ਭਾਰਤ ਆਪਣੀ ਕੌਮੀ ਸੁਰੱਖਿਆ ਤੇ ਰਣਨੀਤਕ ਹਿੱਤਾਂ ਨਾਲ ਕਿਸੇ ਤਰ੍ਹਾਂ ਦਾ ਸਮਝੌਤਾ ਨਹੀਂ ਕਰ ਸਕਦਾ। ਭਾਰਤ ਨੂੰ ਇਕ ਚਿਰਸਥਾਈ ਚੀਨ ਨੀਤੀ ਬਣਾਉਣੀ ਪਵੇਗੀ, ਜਿਸ ਵਿਚ ਗੱਲਬਾਤ ਤੇ ਕੂਟਨੀਤਕ ਦਬਾਅ ਦੋਹਾਂ ’ਤੇ ਜ਼ੋਰ ਦਿੱਤਾ ਜਾਵੇ, ਸਿਰਫ ਗੱਲਬਾਤ ਨਾਲ ਕੰਮ ਨਹੀਂ ਚੱਲੇਗਾ। ਸਾਨੂੰ ਉਸ ਦਾ ਮੁਕਾਬਲਾ ਕਰਨਾ ਪਵੇਗਾ ਤੇ ਆਹਮੋ-ਸਾਹਮਣੇ ਬੈਠ ਕੇ ਮਤਭੇਦਾਂ ਨੂੰ ਦੂਰ ਕਰਨਾ ਪਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਣਦੇ ਹਨ ਕਿ ਅੱਜ ਦੇ ਭੂ-ਰਣਨੀਤਕ ਸਿਆਸੀ ਜਗਤ ’ਚ ਵਿਵਹਾਰਿਕਤਾ ਹੀ ਅਸਲੀ ਕੂਟਨੀਤੀ ਹੈ ਅਤੇ ਇਸ ਦਾ ਕੋਈ ਸੌਖਾ ਉਪਾਅ ਨਹੀਂ ਹੈ। ਚੀਨ ਦੇ ਸੰਬੰਧ ਵਿਚ ਭਾਰਤ ਨੂੰ ਬਹੁਮੁਖੀ ਰਣਨੀਤੀ ਬਣਾਉਣੀ ਪਵੇਗੀ ਕਿਉਂਕਿ ਇਹ ਚੀਨ ਨਾਲ ਸਥਾਈ ਸ਼ਾਂਤੀ ਚਾਹੁੰਦਾ ਹੈ, ਹਾਲਾਂਕਿ ਸਿਰਫ ਇਸੇ ਨਾਲ ਸ਼ਾਂਤੀ ਦੀ ਗਾਰੰਟੀ ਨਹੀਂ ਮਿਲੇਗੀ।

ਇਸ ਤਿੰਨ-ਪੱਖੀ ਖੇਡ ਵਿਚ ਭਾਰਤ ਨੂੰ ਦੋ ਗੰਭੀਰ ਨਤੀਜਿਆਂ ਨੂੰ ਧਿਆਨ ਵਿਚ ਰੱਖਣਾ ਪਵੇਗਾ। ਜੇ ਭਾਰਤ ਇਸ ਇਲਾਕੇ ’ਚੋਂ ਆਪਣੀ ਫੌਜ ਵਾਪਿਸ ਬੁਲਾਉਂਦਾ ਹੈ ਤਾਂ ਇਸ ਨਾਲ ਭੂਟਾਨ ਤੇ ਹੋਰ ਗੁਆਂਢੀ ਦੇਸ਼ਾਂ ਨੂੰ ਸੰਦੇਸ਼ ਜਾਵੇਗਾ ਕਿ ਉਹ ਇਕ ਰੱਖਿਅਕ ਵਜੋਂ ਭਾਰਤ ’ਤੇ ਭਰੋਸਾ ਨਹੀਂ ਕਰ ਸਕਦੇ। ਇਸ ਤਰ੍ਹਾਂ ਭੂਟਾਨ ਚੀਨ ਨਾਲ ਰਸਮੀ ਕੂਟਨੀਤਕ ਸੰਬੰਧ ਕਾਇਮ ਕਰ ਸਕਦਾ ਹੈ ਅਤੇ ਭਾਰਤ-ਭੂਟਾਨ-ਚੀਨ ਟ੍ਰਾਈ ਜੰਕਸ਼ਨ ’ਚ ਸੰਤੁਲਨ ਚੀਨ ਦੇ ਪੱਖ ਵਿਚ ਹੋ ਸਕਦਾ ਹੈ, ਜਿਸ ਨਾਲ ਰਣਨੀਤਕ ਤੌਰ ’ਤੇ ਸੰਵੇਦਨਸ਼ੀਲ ਸਿਲੀਗੁੜੀ ਗਲਿਆਰਾ ਖਤਰੇ ਵਿਚ ਪੈ ਸਕਦਾ ਹੈ। ਜੇਕਰ ਭਾਰਤ ਭੂਟਾਨ ਦਾ ਸਾਥ ਛੱਡਦਾ ਹੈ ਤਾਂ ਇਸ ਨਾਲ ਇਹ ਸੰਦੇਸ਼ ਜਾਵੇਗਾ ਕਿ ਭਾਰਤ ਭਰੋਸੇਯੋਗ ਨਹੀਂ ਹੈ ਅਤੇ ਚੀਨ ਵਿਰੁੱਧ ਉਸ ’ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਇਹ ਗੱਲ ਭਾਰਤ ਦੇ ਪੱਖ ਵਿਚ ਹੈ ਕਿ ਇਹ ਆਪਣੇ ਸਹਿਯੋਗੀਆਂ ਦਾ ਸਾਥ ਨਾ ਛੱਡੇ। ਇਸ ਸੰਬੰਧ ਵਿਚ ਭਾਰਤ ਨੂੰ ਸਮਝਦਾਰੀ ਤੇ ਸੰਜਮ ਤੋਂ ਕੰਮ ਲੈ ਕੇ ਇਹ ਯਕੀਨੀ ਬਣਾਉਣਾ ਪਵੇਗਾ ਕਿ ਮਾਮਲਾ ਭਾਰਤ-ਚੀਨ ਤਕ ਹੀ ਸੀਮਤ ਰਹੇ।

ਸ਼ਕਤੀ ਪ੍ਰਦਰਸ਼ਨ ਦੀ ਇਸ ਖੇਡ ਵਿਚ ਦੋਹਾਂ ਨੂੰ ਵਿਚ-ਬਚਾਅ ਦਾ ਰਾਹ ਮਿਲਣਾ ਚਾਹੀਦਾ ਹੈ। ਯਕੀਨੀ ਤੌਰ ’ਤੇ ਏਸ਼ੀਆ ਦੀਆਂ ਇਨ੍ਹਾਂ ਦੋ ਵੱਡੀਆਂ ਤਾਕਤਾਂ ਵਿਚਾਲੇ ਸ਼ਾਂਤੀ ਬਣੀ ਰਹਿਣੀ ਚਾਹੀਦੀ ਹੈ ਤੇ ਦੋਹਾਂ ਨੂੰ ਹੀ ਆਪਣੀ ਊਰਜਾ ਤੇ ਸੋਮਿਆਂ ਦੀ ਵਰਤੋਂ ਆਰਥਿਕ ਵਿਕਾਸ ਲਈ ਕਰਨੀ ਚਾਹੀਦੀ ਹੈ।

ਮੋਦੀ ਹੌਲੀ-ਹੌਲੀ ਖੇਡ ਦੇ ਨਿਯਮ ਬਣਾ ਰਹੇ ਹਨ। ਉਹ ਹੁਣ ਬਚਾਅ ਦੀ ਮੁਦਰਾ ’ਚੋਂ ਬਾਹਰ ਆ ਕੇ ਮਜ਼ਬੂਤ ਵਾਰਤਾਕਾਰ ਬਣ ਰਹੇ ਹਨ, ਜਿਸ ਕਾਰਨ ਭਾਰਤ ਹੁਣ ਚੀਨ ਨਾਲੋਂ ਘੱਟ ਨਹੀਂ, ਸਗੋਂ ਉਸ ਦੇ ਬਰਾਬਰ ਹੈ। ਮੋਦੀ ਨੂੰ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਨਿਕਸਨ ਦੀ ਕਿਤਾਬ ’ਦਿ ਰੀਅਲ ਵਾਰ’ ਤੋਂ ਸਬਕ ਲੈਣਾ ਚਾਹੀਦਾ ਹੈ, ਜਿਸ ਵਿਚ ਉਨ੍ਹਾਂ ਨੇ ਲਿਖਿਆ ਹੈ, ’’ਕਿਸੇ ਰਾਸ਼ਟਰ ਦੀ ਹੋਂਦ ਇਸ ਗੱਲ ’ਤੇ ਨਿਰਭਰ ਕਰਦੀ ਹੈ ਕਿ ਉਹ ਆਪਣੇ ਸਾਹਮਣੇ ਖੜ੍ਹੀ ਕਿਸੇ ਵਿਸ਼ੇਸ਼ ਚੁਣੌਤੀ ਦਾ ਸਾਹਮਣਾ ਕਿਵੇਂ ਕਰ ਸਕਦਾ ਹੈ।

ਕਿਸੇ ਰਾਸ਼ਟਰ ਦੇ ਜੀਵਨ ਵਿਚ ਅਜਿਹਾ ਸਮਾਂ ਉਦੋਂ ਆਉਂਦਾ ਹੈ, ਜਦੋਂ ਉਹ ਬਹੁਤ ਆਸਵੰਦ ਹੁੰਦਾ ਹੈ ਪਰ ਉਹ ਆਪਣੀ ਚੌਕਸੀ ਨੂੰ ਕਿਸੇ ਵੀ ਸੂਰਤ ਵਿਚ ਘੱਟ ਨਹੀਂ ਕਰ ਸਕਦਾ। ਜਿਹੜੇ ਰਾਸ਼ਟਰ ਅਜਿਹੀਆਂ ਚੁਣੌਤੀਆਂ ਦਾ ਮੁਕਾਬਲਾ ਕਰਦੇ ਹਨ, ਉਨ੍ਹਾਂ ਦੀ ਹੋਂਦ ਬਚੀ ਰਹਿੰਦੀ ਹੈ।’’ ਹੁਣ ਦੇਖਣਾ ਇਹ ਹੈ ਕਿ ਕੀ ਮੋਦੀ ਇਸ ਚੁਣੌਤੀ ਦਾ ਮੁਕਾਬਲਾ ਕਰ ਸਕਣਗੇ ਅਤੇ ਭੜਕਾਉਣ ਵਾਲੀ ਨੀਤੀ ਨੂੰ ਨਾ ਸਹਿਣ ਦੀ ਸਮਰੱਥਾ ਬਣਾਈ ਰੱਖਣਗੇ ਕਿਉਂਕਿ ਇਸ ਸਮੇਂ ਉਨ੍ਹਾਂ ਦਾ ਸਰੋਕਾਰ ਚੀਨ ਦੇ ਨਾਲ ਗੁੰਝਲਦਾਰ ਸੰਬੰਧਾਂ ਨਾਲ ਹੈ। ਹਾਲਾਂਕਿ ਭੜਕਾਉਣ ਦੀ ਕਾਰਵਾਈ ਤੇ ਖਤਰੇ ਨੂੰ ਤਾੜਨਾ ਇਸ ਉਪ-ਮਹਾਦੀਪ ’ਚ ਸ਼ਾਂਤੀ ਦੀ ਸਭ ਤੋਂ ਵੱਡੀ ਗਾਰੰਟੀ ਹੈ। ਖੇਡ ਦੇ ਨਿਯਮ ਬਦਲ ਕੇ ਮੋਦੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਤਾੜੀ ਇਕ ਹੱਥ ਨਾਲ ਨਹੀਂ ਵੱਜਦੀ।

# ਪਰਦੇਸ ਟਾਇਮਜ਼ ਨਾਲ ਯੂਬਾ ਸਿਟੀ ਦੇ ਲੀਡਰਾਂ ਦਾ ਸਾਥ

ਯੂਬਾ ਸਿਟੀ- ਪਿਛਲੇ ਹਫਤੇ ਯੂਬਾ ਸਿਟੀ ਦੇ ਮੋਹਰਲੀ ਕਤਾਰ ਦੇ ਲੀਡਰਾਂ ਨੇ 'ਪਰਦੇਸ ਟਾਇਮਜ਼' ਦੇ ਮੁੱਖ ਸੰਪਾਦਕ ਨਾਲ ਇਕ ਮੀਟਿੰਗ ਕੀਤੀ, ਜਿਸ ਵਿਚ ਅਖਬਾਰ ਦੇ ਕੀਤੇ ਕੰਮ ਲਈ ਸ਼ਲਾਘਾ ਕੀਤੀ ਗਈ ਕਿਉਂਕਿ ਪਿਛਲੇ 8 ਸਾਲਾਂ ਤੋਂ ਇਸ ਕਮੇਟੀ ਨਾਲ ਮਿਲ ਕੇ ਹਮੇਸ਼ਾ ਕੰਮ ਕੀਤਾ। ਹੋਰ ਮੈਂਬਰਾਂ ਦੀ ਹਾਜ਼ਰੀ ਵਿਚ ਆ ਰਹੇ ਨਗਰ ਕੀਰਤਨ ਲਈ ਸਲਾਹ ਮਸ਼ਵਰਾ ਕੀਤਾ ਗਿਆ, ਜਿਸ ਵਿਚ ਐਤਕੀ ਗੁਰੂ ਘਰ ਦੀ ਕਮੇਟੀ ਵੱਲੋਂ ਚੰਗੇ ਤਰੀਕੇ ਨਾਲ ਨਗਰ ਕੀਰਤਨ ਵਿਚ ਸਭ ਨੂੰ ਨਾਲ ਲੈ ਕੇ ਚੱਲਣ ਦੀ ਗੱਲ ਵੀ ਕੀਤੀ ਗਈ ਤੇ ਪਰਦੇਸ ਟਾਇਮਜ਼ ਨੂੰ ਹਮੇਸ਼ਾ ਸਾਥ ਦੇਣ ਦੀ ਗੱਲ ਵੀ ਕੀਤੀ।

ਕਮੇਟੀ ਮੈਂਬਰਾਂ 'ਚ ਦਲਬੀਰ ਸਿੰਘ ਸਹਾਇਕ ਪ੍ਰਧਾਨ, ਬਲਬੀਰ ਸਿੰਘ ਸੋਹਲ (ਅੱਟਾ) ਪ੍ਰਧਾਨ ਗੁਰੂ ਘਰ ਟੇਰਾ ਬੁਏਨਾ, ਗੁਰਮੇਜ਼ ਸਿੰਘ ਗਿੱਲ ਮੁੱਖ ਸਕੱਤਰ, ਹਰਭਜਨ ਸਿੰਘ ਢੇਰੀ (ਸਹਾਇਕ ਖਜਾਨਚੀ), ਬਲਰਾਜ ਸਿੰਘ ਢਿੱਲੋਂ ਸਹਾਇਕ ਪ੍ਰਧਾਨ, ਡਾ ਗੁਰਦੀਪ ਸਿੰਘ ਬੈਂਸ, ਰਣਜੀਤ ਕੰਦੋਲਾ ਤੇ ਗੁਰਨਾਮ ਸਿੰਘ ਪੰਮਾ (ਲਾਈਵ ਓਕ ਗੁਰੂ ਘਰ ਦੇ ਚੇਅਰਮੈਨ) ਵੀ ਯੂਬਾ ਸਿਟੀ ਦੇ ਬਹੁਤ ਹੀ ਜਾਣੀ-ਪਹਿਚਾਣੀ ਸ਼ਖਸੀਅਤ ਹਨ, ਵੀ ਪਹੁੰਚੇ ਹੋਏ ਸਨ। ਸਾਰੇ ਮੈਂਬਰਾਂ ਵੱਲੋਂ ਪਰਦੇਸ ਟਾਇਮਜ਼ ਦੀ ਮਾਇਕ ਸਹਾਇਤਾ ਕਰਨ ਲਈ ਗੱਲਬਾਤ ਕੀਤੀ ਗਈ। ਕੁਲਦੀਪ ਸਿੰਘ ਸਹੋਤਾ ਐਮ. ਏ., ਡੀ. ਪੀ. ਆਈ (ਕੋਚ) ਪਹੁੰਚ ਨਹੀਂ ਸਕੇ ਪਰ ਪਰਦੇਸ ਟਾਇਮਜ਼ ਨੂੰ ਮਾਈਕ ਸਹਾਇਤਾ ਪਹੁੰਚਾਉਣ ਦੀ ਗੱਲ ਵੀ ਫੋਨ 'ਤੇ ਕੀਤੀ ਗਈ। ਅਸੀਂ ਪਰਦੇਸ ਟਾਇਮਜ਼ ਵੱਲੋਂ ਉਹਨਾਂ ਸਭ ਕਮੇਟੀ ਮੈਂਬਰਾਂ ਦੇ ਬਹੁਤ ਬਹੁਤ ਧੰਨਵਾਦੀ ਹਾਂ।



ਰਣਜੀਤ ਕੰਦੋਲਾ, ਹਰਭਜਨ ਸਿੰਘ ਢੇਰੀ, ਗੁਰਨਾਮ ਸਿੰਘ ਪੰਮਾ, ਦਲਬੀਰ ਸਿੰਘ ਗਿੱਲ, ਬਲਬੀਰ ਸਿੰਘ ਸੋਹਲ, ਡਾ. ਗੁਰਪ੍ਰੀਤ ਸਿੰਘ ਬੈਂਸ, ਗੁਰਮੇਜ ਸਿੰਘ ਗਿੱਲ, ਬਲਰਾਜ ਸਿੰਘ ਢਿੱਲੋਂ।

# ਗੁਰੂ ਘਰ ਵੱਲੋਂ ਅਮਰੀਕੀ ਫੌਜ ਵਿਚ ਭਰਤੀ ਹੋਣ ਜਾ ਰਹੇ ਗੁਰਸਿੱਖ ਸੈਨਿਕ ਦਾ ਸਨਮਾਨ

ਯੂਬਾ ਸਿਟੀ- ਸਿੱਖ ਟੈਂਪਲ ਗੁਰਦੁਆਰਾ ਟਾਇਰਾ ਬੁਆਇਨਾ ਦੀ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਬਲਬੀਰ ਸਿੰਘ ਸੋਹਲ ਦੇ ਯਤਨਾਂ ਨਾਲ ਆਪਣੇ ਪੰਜਾਬੀ ਸਕੂਲ ਦੇ ਵਲੰਟੀਅਰ ਟੀਚਰ, ਨੌਜਵਾਨ ਜਸਪ੍ਰੀਤ ਸਿੰਘ ਗਿੱਲ ਨੂੰ ਅਮਰੀਕੀ ਫੌਜ ਵਿਚ ਸਿੱਖ ਸਰੂਪ ਵਿਚ 5ਵਾਂ ਸਿੱਖ ਸੈਕਿ ਬਣਨ ਤੇ ਉਸ ਦੀਆਂ ਪੰਜਾਬੀ ਸਕੂਲ ਲਈ ਸਵੈਇਛੱਕ ਸੇਵਾਵਾਂ ਨੂੰ ਮੁੱਖ ਰੱਖ ਕੇ ਤੇ ਦੇਸ਼ ਕੌਮ ਦੀ ਆਨ ਸ਼ਾਨ ਵਧਾਉਣ ਲਈ ਭਰਤੀ ਹੋਣ ਜਾਣ ਉਤੇ 16 ਜੁਲਾਈ 2017 ਦਿਨ ਐਤਵਾਰ ਨੂੰ ਸੰਗਤ ਦੇ ਰੂਬਰੂ ਇਕ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਤ ਕੀਤਾ। ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਸਾਹਿਬ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਬਿ ਦੀ ਬਖਸ਼ਿਸ਼ ਸਿਰੋਪਾਓ ਨਾਲ ਸਨਮਾਨਿਤ ਕੀਤਾ। ਸੰਗਤ ਨੇ ਉਸ ਦੀ ਚੜ੍ਹਦੀ ਕਲਾ, ਤਰੱਕੀ ਤੇ ਤੰਦਰੁਸਤੀ ਲਈ ਅਰਦਾਸ ਕੀਤੀ ਅਤੇ ਖੁਸ਼. ਦਾ ਇਜ਼ਹਾਰ ਕਰਦਿਆਂ ਜੈਕਾਰਾ ਗੁੰਜਾਇਆ।








# AAA AUTO AND BODY WORKS



ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਅਤੇ ਸਾਡੀਆਂ ਸੇਵਾਵਾਂ ਦਾ ਲਾਭ ਲਓ



Jasbir Singh Takhar
510-755-2132

Free Estimates
Free Towing

Harmandeep Singh

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine, Transmission, Body and Paint Work. We Sell Used Cars at a Good Price

1421 Industrial Pkwy West- F
Hayward, CA 94544

510- 733- 2222

# Moon Indian Cuisine

510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ



Paul
510-978-7170

**Fish Pakora**

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ। ਘੱਟ ਕੀਮਤ ’ਤੇ ਲੈ ਸਕਦੇ ਹੋ।



Gill
510-709-5285

Over 30 Years Experience in Restaurant & Catering Business

ਇੰਡੀਅਨ-ਫਿਜੀ, ਪਾਕਿਸਤਾਨੀ ਕੁਜ਼ੀਨ

## ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net

# TEC Equipment

Your Best Business Partner




ਨਵੇਂ ਅਤੇ ਪੁਰਾਣੇ ਟਰੱਕ ਖਰੀਦਣ ਲਈ ਅੱਜ ਹੀ ਮਿਲੋ ਅਸੀਂ ਟਰੱਕਾਂ ਲਈ ਫਾਈਨਾਂਸ ਵੀ ਕਰਵਾ ਕੇ ਦਿੰਦੇ ਹਾਂ













## Harjinder Singh Bal

Direct (510) 577-5509
Cell (510) 613-3573
hsingh@tecequipment.com

8099 S Coliseum Way
Oakland, CA 94621

www. tecequipment.com



# ਖ਼ੈਰਾਤ ਨਹੀਂ ਹੈ ਜ਼ਰਾਇਤੀ ਕਰਜ਼ਾ ਮੁਆਫ਼ੀ



ਯੋਗੇਂਦਰ ਯਾਦਵ

ਖੇਤੀ ਕਰਜ਼ਾ ਮੁਆਫ਼ੀ ਐਲਾਨਣ ਵਾਲੇ ਸੂਬਿਆਂ ਦੀ ਸੂਚੀ ਵਿੱਚ ਹੁਣ ਜਦੋਂ ਪੰਜਾਬ ਵੀ ਸ਼ਾਮਲ ਹੋ ਗਿਆ ਹੈ ਤਾਂ ਸਿਆਸੀ ਆਗੂਆਂ ਨੇ ਵੱਡੇ ਪੱਧਰ 'ਤੇ ਇਸ ਵਿਚਾਰ ਦੇ ਹੱਕ ਵਿੱਚ ਆਪਣੇ ਵਿਚਾਰ ਪ੍ਰਗਟਾਉਣੇ ਸ਼ੁਰੂ ਕਰ ਦਿੱਤੇ ਹਨ। ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਪੱਖੋਂ ਪਹਿਲ ਤੇਲੰਗਾਨਾ ਨੇ ਕੀਤੀ ਸੀ ਤੇ ਉਸ ਦੇ ਤੁਰੰਤ ਬਾਅਦ ਆਂਧਰਾ ਪ੍ਰਦੇਸ਼ ਨੇ ਵੀ ਇਹ ਐਲਾਨ ਕਰ ਦਿੱਤਾ ਸੀ। ਪਰ ਤਾਜ਼ਾ ਗੇੜ ਵਿੱਚ ਪਹਿਲਾਂ ਉੱਤਰ ਪ੍ਰਦੇਸ਼, ਫਿਰ ਮਹਾਰਾਸ਼ਟਰ ਤੇ ਹੁਣ ਪੰਜਾਬ ਵੱਲੋਂ ਅਜਿਹਾ ਐਲਾਨ ਕੀਤੇ ਜਾਣ ਤੋਂ ਬਾਅਦ ਅਤੇ ਆਉਂਦੀਆਂ ਲੋਕ ਸਭਾ ਚੋਣਾਂ ਨੂੰ ਧਿਆਨ 'ਚ ਰੱਖਦਿਆਂ ਸਮੁੱਚੇ ਦੇਸ਼ ਵਿੱਚ ਹੀ ਖੇਤੀ ਕਰਜ਼ੇ ਮੁਆਫ਼ ਕਰਵਾਉਣ ਲਈ ਇੱਕ ਲਹਿਰ ਸ਼ੁਰੂ ਹੋ ਗਈ ਹੈ।

ਅਜਿਹੀ ਲਹਿਰ ਦੇ ਨਾਲ ਹੀ, ਬਹੁਗਿਣਤੀ ਟਿੱਪਣੀਕਾਰਾਂ ਨੇ ਵੀ ਲਗਭਗ ਸਰਬਸੰਮਤੀ ਨਾਲ ਕਰਜ਼-ਮੁਆਫ਼ੀ ਦੇ ਵਿਚਾਰ ਨੂੰ ਰੱਦ ਕੀਤਾ ਹੈ। ਬਹੁਤੇ ਅਰਥ-ਸ਼ਾਸਤਰੀਆਂ ਤੇ ਨੀਤੀਘਾੜਿਆਂ ਨੇ ਤਾਂ ਇਸ 'ਵਾਇਰਸ' ਨੂੰ ਹੋਰ ਨਾ ਫੈਲਣ ਦੀ ਚੇਤਾਵਨੀ ਵੀ ਦੇ ਦਿੱਤੀ ਹੈ। ਸੰਪਾਦਕੀ ਪੰਨੇ ਇਸ 'ਬੁੱਧੀਹੀਣ ਸ਼ੋਸ਼ੇਬਾਜ਼ੀ' ਅਤੇ ਵੋਟਾਂ ਦੀ ਸਿਆਸਤ ਦੀਆਂ ਮਜਬੂਰੀਆਂ ਵਿਰੁੱਧ ਦਲੀਲਾਂ ਨਾਲ ਭਰੇ ਪਏ ਹਨ। ਉਧਰ, ਬੈਂਕਰ ਵੀ ਅਜਿਹੇ ਫ਼ੈਸਲੇ ਕਾਰਨ ਹੋਣ ਵਾਲੇ ਸੰਭਾਵੀ 'ਨੈਤਿਕ ਨੁਕਸਾਨ' ਦੀਆਂ ਗੱਲਾਂ ਕਰ ਰਹੇ ਹਨ। ਅਰਥ-ਸ਼ਾਸਤਰੀਆਂ ਨੂੰ ਇਸ ਫ਼ੈਸਲੇ ਨਾਲ ਸਰਕਾਰ ਦੇ ਅਰਥਚਾਰੇ ਉੱਤੇ ਮਾੜਾ ਅਸਰ ਪੈਣ ਦੀ ਚਿੰਤਾ ਲੱਗੀ ਹੋਈ ਹੈ। ਬਹੁਤੇ ਖੇਤੀਬਾੜੀ ਮਾਹਿਰਾਂ ਨੇ ਵੀ ਕਰਜ਼-ਮੁਆਫ਼ੀ ਨੂੰ ਇੱਕ ਅਜਿਹਾ ਦਕਵੰਜ ਕਰਾਰ ਦਿੱਤਾ ਹੈ, ਜਿਸ ਨਾਲ ਕਿਸਾਨਾਂ ਦੇ ਮਸਲੇ ਹੱਲ ਨਹੀਂ ਹੋਣ ਲੱਗੇ। ਇਸ ਅਮਲ ਦੌਰਾਨ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਨੇ ਵੀ ਵੱਖਰੇ ਤੌਰ 'ਤੇ ਚੇਤਾਵਨੀ ਦੇ ਦਿੱਤੀ ਹੈ। ਕੇਂਦਰੀ ਵਿੱਤ ਮੰਤਰੀ ਤਾਂ ਪਹਿਲਾਂ ਹੀ ਅਜਿਹੇ ਕਰਜ਼ਾ-ਮੁਆਫ਼ੀਆਂ ਦੇ ਬੋਝ ਚੁੱਕਣ ਤੋਂ ਆਪਣਾ ਪਿੱਛਾ ਛੁਡਾ ਚੁੱਕੇ ਹਨ।

ਕਿਸਾਨ ਅੰਦੋਲਨਾਂ ਵਿੱਚ ਅਜਿਹੀਆਂ ਦਲੀਲਾਂ ਨੂੰ ਪਖੰਡ ਆਖ ਕੇ ਰੱਦ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਨੂੰ ਕਿਸਾਨਾਂ ਵਿਰੁੱਧ ਸਿਆਸੀ ਸਾਜ਼ਿਸ਼ ਦਾ ਸਬੂਤ ਦੱਸਿਆ ਜਾ ਰਿਹਾ ਹੈ। ਕਿਸਾਨਾਂ ਦੇ ਅਜਿਹੇ ਸ਼ੰਕੇ ਜਾਇਜ਼ ਵੀ ਹਨ। ਕੀ ਤੁਸੀਂ ਸਾਲ 2009 'ਚ ਅਜਿਹਾ ਕੋਈ 'ਨੈਤਿਕ ਰੌਲਾ-ਰੱਪਾ' ਸੁਣਿਆ ਸੀ, ਜਦੋਂ ਤਤਕਾਲੀ ਡਾ. ਮਨਮੋਹਨ ਸਿੰਘ ਸਰਕਾਰ ਨੇ ਕੌਮਾਂਤਰੀ ਆਰਥਿਕ ਮੰਦਹਾਲੀ ਤੋਂ ਭਾਰਤੀ ਉਦਯੋਗ ਨੂੰ ਬਚਾਉਣ ਲਈ ਉਸ ਵਾਸਤੇ ਸਹਾਇਤਾ ਵਜੋਂ ਤਿੰਨ ਲੱਖ ਕਰੋੜ ਰੁਪਏ ਦੇ ਵਿਸ਼ੇਸ਼ ਪੈਕੇਜ ਦਾ ਐਲਾਨ ਕੀਤਾ ਸੀ? ਜਾਂ ਜਦੋਂ ਸਰਕਾਰ ਨੇ ਭਾਰੀ ਕਾਰਪੋਰੇਟ ਕਰਜ਼ਿਆਂ ਨੂੰ ਹਾਸੋ-ਹੀਣੀਆਂ ਮੱਦਾਂ ਦੇ ਆਧਾਰ ਉੱਤੇ 'ਪੁਨਰਗਠਤ' ਕੀਤਾ ਸੀ। ਕੀ ਸਾਨੂੰ ਕਦੇ ਉਦੋਂ ਅਜਿਹੀਆਂ ਕੋਈ ਵਿੱਤੀ ਚੇਤਾਵਨੀਆਂ ਸੁਣਦੀਆਂ ਹਨ, ਜਦੋਂ ਸਰਕਾਰ ਦੂਰਸੰਚਾਰ ਤੇ ਬਿਜਲੀ ਖੇਤਰ ਦੀ ਸਹਾਇਤਾ ਲਈ ਵਿਸ਼ੇਸ਼ ਸਹਾਇਤਾ ਪੈਕੇਜ ਦੇਣ ਬਾਰੇ ਵਿਚਾਰ-ਵਟਾਂਦਰਾ ਕਰਦੀ ਹੈ? ਪਰ ਜਦੋਂ ਕਿਸਾਨਾਂ ਦੇ ਕਰਜ਼ਿਆਂ ਦੀ ਮੁਆਫ਼ੀ ਦਾ ਮਾਮਲਾ ਆਉਂਦਾ ਹੈ ਤਾਂ ਅਸੀਂ ਨੈਤਿਕਤਾਵਾਂ ਉੱਤੇ ਬਹਿਸ ਕਰਨ ਲੱਗ ਪੈਂਦੇ ਹਾਂ। ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਨੇ ਨੋਟਬੰਦੀ ਵੇਲੇ ਤਾਂ ਪੂਰੀ ਤਰ੍ਹਾਂ ਚੁੱਪੀ ਧਾਰ ਲਈ ਸੀ ਪਰ ਹੁਣ ਇਸ ਮੁੱਦੇ ਉੱਤੇ ਉਨ੍ਹਾਂ ਦਾ ਪ੍ਰਤੀਕਰਮ ਵੀ ਤੁਰੰਤ ਸੁਣਨ ਨੂੰ ਮਿਲ ਗਿਆ ਹੈ। ਕੀ ਉਹ ਬੰਦਾ, ਵਿੱਤ ਮੰਤਰੀ ਦਾ ਬੌਸ ਨਹੀਂ ਜਿਸ ਨੇ ਉੱਤਰ ਪ੍ਰਦੇਸ਼ ਵਿੱਚ ਚੋਣ ਪ੍ਰਚਾਰ ਸਮੇਂ ਕਰਜ਼ਾ ਮੁਆਫ਼ੀ ਦਾ ਵਾਅਦਾ ਕੀਤਾ ਸੀ?

ਪਰ ਇਹ ਕੋਈ ਜਵਾਬ ਨਹੀਂ ਹੈ। ਦੋ ਨਾਕਾਰਾਤਮਕ ਗੱਲਾਂ ਨਾਲ ਕੁਝ ਵੀ ਸਾਕਾਰਾਤਮਕ ਨਹੀਂ ਹੋ ਜਾਂਦਾ। ਟੀ.ਵੀ. ਦੇ ਮੇਜ਼ਬਾਨਾਂ ਨੇ ਇਹ ਮਾਮਲਾ ਤੁਰਤ-ਫੁਰਤ ਉਠਾਇਆ ਹੈ; ਸਾਨੂੰ ਇਸ ਸੁਆਲ ਉੱਤੇ ਬਹੁਤ ਹੀ ਨਿਆਂਪੂਰਨ ਤਰੀਕੇ ਨਾਲ ਵਿਚਾਰ ਕਰਨਾ ਹੋਵੇਗਾ: ਕੀ ਖੇਤੀ ਕਰਜ਼-ਮੁਆਫ਼ੀ ਜਾਇਜ਼ ਹੈ? ਖੇਤੀ ਕਰਜ਼-ਮੁਆਫ਼ੀ ਦੇ ਆਲੋਚਕਾਂ ਦੀ ਨੇਕਨੀਅਤੀ ਉੱਤੇ ਕੋਈ ਕਿੰਤੂ-ਪ੍ਰੰਤੂ ਕੀਤੇ ਬਿਨਾਂ ਮੈਂ ਕੁਝ ਦਲੀਲਾਂ ਰੱਖਣ ਦਾ ਯਤਨ ਕਰਦਾ ਹਾਂ।



ਦਰਅਸਲ, ਖੇਤੀ ਕਰਜ਼-ਮੁਆਫ਼ੀ ਦੇ ਵਿਚਾਰ ਦੀ ਆਲੋਚਨਾ ਇਹ ਗ਼ਲਤ ਪ੍ਰਸ਼ਨ ਪੁੱਛਣ ਕਾਰਨ ਹੋ ਰਹੀ ਹੈ ਕਿ ਖੇਤੀ ਕਰਜ਼ਾ ਮੁਆਫ਼ੀ ਨਾਲ ਕੀ ਭਾਰਤੀ ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ? ਇਸ ਦਾ ਬੜਾ ਸਪੱਸ਼ਟ ਉੱਤਰ ਹੈ 'ਨਹੀਂ'। ਕਰਜ਼ਾ ਮੁਆਫ਼ੀ ਕਿਸੇ ਅਜਿਹੇ ਉਦਯੋਗ ਲਈ ਤਾਂ ਇੱਕ ਮੁਕੰਮਲ ਇਲਾਜ ਵਜੋਂ ਦਰੁਸਤ ਹੋ ਸਕਦੀ ਹੈ, ਜਿਸ ਨੂੰ ਕਦੇ ਕਿਸੇ ਵੇਲੇ ਅਣਕਿਆਸੇ ਵਪਾਰਕ ਚੱਕਰ ਦੀ ਨਾਕਾਮੀ ਦਾ ਸਾਹਮਣਾ ਕਰਨਾ ਪਿਆ ਹੋ ਸਕਦਾ ਹੈ। ਪਰ ਅਜਿਹੀ ਕਰਜ਼ਾ ਮੁਆਫ਼ੀ ਨਾਲ ਭਾਰਤ ਦੇ ਕਿਸਾਨ ਦੀਆਂ ਸਾਰੀਆਂ ਸਮੱਸਿਆਵਾਂ ਹੱਲ ਨਹੀਂ ਹੋ ਸਕਦੀਆਂ ਕਿਉਂਕਿ ਉਸ ਨੂੰ ਤਾਂ ਪਿਛਲੇ ਲੰਮੇ ਸਮੇਂ ਤੋਂ ਕੁਝ ਸਥਾਈ ਕਿਸਮ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਖੇਤੀਬਾੜੀ ਹੁਣ ਲਾਹੇਵੰਦਾ ਧੰਦਾ ਨਹੀਂ ਤੇ ਹੁਣ ਇਸ ਵਿੱਚ ਅਕਸਰ ਘਾਟਾ ਹੀ ਪੈਂਦਾ ਹੈ। ਜਦੋਂ ਤਕ ਅਸੀਂ ਕਿਸਾਨਾਂ ਦੀ ਆਮਦਨ ਦੇ ਇਸ ਬੁਨਿਆਦੀ ਮੁੱਦੇ ਨੂੰ ਨਹੀਂ ਛੋਹਦੇ, ਤਦ ਤਕ ਕਰਜ਼ਾ-ਮੁਆਫ਼ੀ ਨਾਲ ਤਾਂ ਸਗੋਂ ਇਹ ਸਮੱਸਿਆ ਹੋਰ ਵੀ ਲੰਮੇ ਸਮੇਂ ਲਈ ਲਟਕ ਜਾਵੇਗੀ ਤੇ ਫਿਰ ਇੱਕ ਹੋਰ ਵਾਰ ਕਰਜ਼ਾ ਮੁਆਫ਼ ਕਰਨਾ ਪਵੇਗਾ। ਇਸੇ ਲਈ ਕਰਜ਼ਾ ਮੁਆਫ਼ੀ ਹੀ ਕਾਫ਼ੀ ਨਹੀਂ ਹੈ। ਅਸਲ ਪ੍ਰਸ਼ਨ ਇਹ ਹੋਣਾ ਚਾਹੀਦਾ ਹੈ: ਕੀ ਕਰਜ਼ੇ ਦਾ ਮੌਜੂਦਾ ਬੋਝ ਹਟਾਏ ਬਗ਼ੈਰ ਕਿਸਾਨਾਂ ਦੀ ਆਮਦਨ ਦਾ ਸੰਕਟ ਹੱਲ ਕੀਤਾ ਜਾ ਸਕਦਾ ਹੈ? ਜੇ ਖੇਤੀ ਕਰਜ਼ਾ ਮੁਆਫ਼ੀ ਕਾਫ਼ੀ ਨਹੀਂ ਹੈ ਤਾਂ ਕੀ ਇਹ ਜ਼ਰੂਰੀ ਹੈ?

ਪਹਿਲਾਂ ਨੈਤਿਕ ਕਰਾਰ ਵਾਲੀ ਦਲੀਲ ਉੱਤੇ ਵਿਚਾਰ ਕਰਦੇ ਹਾਂ: ਜਦੋਂ ਕਰਜ਼ਾ ਇੱਕ ਵਾਰ ਲੈ ਲਿਆ ਤਾਂ ਹਰ ਹਾਲਤ ਵਿੱਚ ਮੋੜਨਾ ਵੀ ਚਾਹੀਦਾ ਹੈ। ਕਰਾਰਾਂ ਤੇ ਸਮਝੌਤਿਆਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਪਰ ਅਜਿਹੇ ਹਾਲਾਤ ਨੂੰ ਛੱਡ ਕੇ, ਜਦੋਂ ਬੇਕਾਬੂ ਹਾਲਾਤ ਕਾਰਨ ਅਜਿਹੇ ਕਿਸੇ ਕਰਾਰ ਦੀ ਪਾਲਣਾ ਕਰਨੀ ਅਸੰਭਵ ਹੋ ਜਾਵੇ। ਜਾਂ ਜਦੋਂ ਕੋਈ ਇਕਾਈ ਇੰਨੀ ਵੱਡੀ ਹੋਵੇ ਕਿ ਉਸ ਦੇ ਨਾਕਾਮ ਹੋਣ ਦੀ ਕੋਈ ਸੰਭਾਵਨਾ ਹੀ ਨਾ ਹੋਵੇ। ਇਨ੍ਹਾਂ ਹੀ ਦਲੀਲਾਂ ਦੇ ਆਧਾਰ ਉੱਤੇ ਵੱਡੇ ਕਾਰਪੋਰੇਸ਼ਨਾਂ ਨੂੰ ਵਿਸ਼ੇਸ਼ ਸਹਾਇਤਾ ਪੈਕੇਜ ਦਿੱਤੇ ਜਾਂਦੇ ਹਨ ਜਾਂ ਉਨ੍ਹਾਂ ਦੇ ਕਰਜ਼ੇ ਮੁਆਫ਼ ਹੁੰਦੇ ਹਨ। ਜੇ ਇਹ ਇੱਕ ਨਿਆਂਪੂਰਨ ਦਲੀਲ ਹੈ ਤਾਂ ਇਹ ਕਿਸਾਨਾਂ ਦੇ ਮਾਮਲੇ ਵਿੱਚ ਵੀ ਬਹੁਤ ਵੱਡੀ ਇਖ਼ਲਾਕੀ ਤਾਕਤ ਨਾਲ ਲਾਗੂ ਹੁੰਦੀ ਹੈ। ਭਾਰਤ ਦੇ ਬਹੁਗਿਣਤੀ ਕਿਸਾਨ ਆਪਣੇ ਕਰਜ਼ੇ ਮੋੜਨ ਦੀ ਸਥਿਤੀ ਵਿੱਚ ਨਹੀਂ ਹਨ। ਉਨ੍ਹਾਂ ਨੂੰ ਕੁਝ ਆਮਦਨ ਤਾਂ ਜ਼ਰੂਰ ਹੁੰਦੀ ਹੈ, ਪਰ ਇੰਨੀ ਨਹੀਂ ਹੁੰਦੀ ਕਿ ਜਿਸ ਨਾਲ ਉਹ ਆਪਣਾ ਗੁਜ਼ਾਰਾ ਵਧੀਆ ਢੰਗ ਨਾਲ ਕਰ ਸਕਣ। ਅਜਿਹੇ ਹਾਲਾਤ ਇਸ ਕਰਕੇ ਨਹੀਂ ਬਣੇ ਕਿ ਉਹ ਸੁਸਤ ਜਾਂ ਅਯੋਗ ਹਨ ਸਗੋਂ ਉਹ ਤਾਂ ਕਾਰੋਬਾਰ ਦੀਆਂ ਵਿਪਰੀਤ ਮੱਦਾਂ, ਸਰਕਾਰਾਂ ਦੀਆਂ ਉਦਾਸੀਨ ਨੀਤੀਆਂ, ਵਾਤਾਵਰਣਕ ਤਬਦੀਲੀ ਜਿਹੇ ਕੁਝ ਅਨਿਸ਼ਚਿਤ ਕਿਸਮ ਦੇ ਹਾਲਾਤ ਦੇ ਸ਼ਿਕਾਰ ਹਨ। ਨਿਸ਼ਚਿਤ ਤੌਰ 'ਤੇ ਉਨ੍ਹਾਂ ਦੀ ਗਿਣਤੀ ਵੀ ਬਹੁਤ ਜ਼ਿਆਦਾ ਹੈ, ਇਸ ਲਈ ਉਨ੍ਹਾਂ ਸਾਰਿਆਂ ਨੂੰ ਡੁੱਬਣ ਵੀ ਨਹੀਂ ਦਿੱਤਾ ਜਾ ਸਕਦਾ। ਅਜਿਹੀ ਸਥਿਤੀ ਵਿੱਚ ਕਿਸੇ ਕਰਜ਼ੇ ਦਾ ਕਰਾਰ ਲਾਗੂ ਕਰਨਾ ਅਣਮਨੁੱਖੀ ਤੇ ਗ਼ੈਰ-ਇਖ਼ਲਾਕੀ ਹੈ।

ਸਾਨੂੰ ਇਸ ਦਲੀਲ ਦੇ ਆਧਾਰ 'ਤੇ ਅੱਗੇ ਵਧਣਾ ਚਾਹੀਦਾ ਹੈ। ਦਰਅਸਲ, ਕਿਸਾਨ ਕੇਵਲ ਗ਼ਰੀਬ ਹੀ ਨਹੀਂ ਹੈ ਸਗੋਂ ਬੇਵੱਸੀ ਦਾ ਸ਼ਿਕਾਰ ਹੈ ਅਤੇ ਇਸੇ ਲਈ ਉਸ ਦਾ ਕਰਜ਼ਾ ਮੁਆਫ਼ ਹੋਣਾ ਚਾਹੀਦਾ ਹੈ ਕਿਉਂਕਿ ਉਹ ਅਦਾ ਨਹੀਂ ਕਰ ਸਕਦਾ। ਸਾਨੂੰ ਕਰਜ਼ੇ ਦੀ ਇਸ ਕੁੜਿੱਕੀ ਦੇ ਬੁਨਿਆਦੀ ਕਾਰਨ ਜਾਣਨ ਦੀ ਜ਼ਰੂਰਤ ਹੈ। ਕਿਸਾਨ ਕਰਜ਼ੇ ਵਿੱਚ ਇਸ ਕਰਕੇ ਫਸ ਕੇ ਰਹਿ ਗਿਆ ਹੈ ਕਿਉਂਕਿ ਉਸ ਦੀ ਆਮਦਨ ਉਸ ਰਫ਼ਤਾਰ ਨਾਲ ਨਹੀਂ ਵਧ ਰਹੀ, ਜਿੰਨੀ ਰਫ਼ਤਾਰ ਨਾਲ ਉਸ ਦੀਆਂ ਲਾਗਤਾਂ ਤੇ ਹੋਰ ਖ਼ਰਚੇ ਵਧਦੇ ਜਾ ਰਹੇ ਹਨ। ਅਜਿਹਾ ਮੁੱਖ ਤੌਰ ਉੱਤੇ ਪਿਛਲੇ ਪੰਜ ਦਹਾਕਿਆਂ ਦੀਆਂ ਸਰਕਾਰੀ ਨੀਤੀਆਂ ਕਰ ਕੇ ਹੈ। ਸਾਲ 1966-67 ਦੀ ਔੜ ਤੋਂ ਸ਼ੁਰੂ ਕਰੀਏ ਤਾਂ ਨੀਤੀਘਾੜਿਆਂ ਦਾ ਮੁੱਖ ਧਿਆਨ ਕੇਵਲ ਅਨਾਜ ਦੀ ਉਚਿਤ ਤੇ ਸਸਤੀ ਸਪਲਾਈ ਨੂੰ ਯਕੀਨੀ ਬਣਾਉਣ ਉੱਤੇ ਹੀ ਕੇਂਦ੍ਰਿਤ ਰਿਹਾ ਹੈ। ਇਹ ਭਾਵੇਂ ਇੱਕ ਸ਼ਲਾਘਾਯੋਗ ਮੰਤਵ ਹੈ, ਪਰ ਇਸ ਨੈਤਿਕ ਜ਼ਿੰਮੇਵਾਰੀ ਦਾ ਸਾਰਾ ਆਰਥਿਕ ਬੋਝ ਕਿਸਾਨ ਉੱਤੇ ਪਾ ਦਿੱਤਾ ਗਿਆ। ਸਰਕਾਰੀ ਨੀਤੀਆਂ ਨੂੰ ਇਸ ਤਰੀਕੇ ਤਿਆਰ ਕੀਤਾ ਜਾਂਦਾ ਰਿਹਾ ਕਿ ਫ਼ਸਲਾਂ ਦੀਆਂ ਕੀਮਤਾਂ ਘੱਟ ਹੀ ਰੱਖੀਆਂ ਜਾਣ, ਇਸੇ ਲਈ ਕਿਸਾਨਾਂ ਦੀ ਆਰਥਿਕਤਾ ਪ੍ਰਭਾਵਿਤ ਹੋਈ। ਇਸ ਤਰ੍ਹਾਂ ਪਿਛਲੇ ਪੰਜ ਦਹਾਕਿਆਂ ਦੌਰਾਨ ਕਿਸਾਨ ਹੁਣ ਤਕ ਸੈਂਕੜੇ ਲੱਖਾਂ ਕਰੋੜਾਂ ਰੁਪਏ ਦੀ ਸਬਸਿਡੀ ਭਾਰਤੀ ਅਰਥ ਵਿਵਸਥਾ ਨੂੰ ਦੇ ਚੁੱਕੇ ਹਨ। ਇੰਜ ਦੇਸ਼ ਤਾਂ ਸਗੋਂ ਕਿਸਾਨਾਂ ਦਾ ਕਰਜ਼ਈ ਹੈ।

ਅੰਤ 'ਚ, ਵਿੱਤੀ ਦਲੀਲ ਨੂੰ ਲੈਂਦੇ ਹਾਂ। ਕੀ ਅਸੀਂ ਕਰਜ਼ਾ-ਮੁਆਫ਼ੀ ਨੂੰ ਝੱਲ ਸਕਦੇ ਹਾਂ? ਬਿਲਕੁਲ, ਇਹ ਇੱਕ ਸਬੰਧਿਤ ਤੇ ਸਿਆਸੀ ਮੁੱਦਾ ਹੈ। ਇਹ ਸਾਡੀਆਂ ਤਰਜੀਹਾਂ ਉੱਤੇ ਨਿਰਭਰ ਕਰਦਾ ਹੈ। ਅਤੇ ਇਹ ਇਸ ਗੱਲ ਉੱਤੇ ਵੀ ਨਿਰਭਰ ਕਰਦਾ ਹੈ ਕਿ 'ਅਸੀਂ' ਕੌਣ ਹਾਂ ਤੇ ਭਾਰਤ ਕੀ ਹੈ। ਆਮ ਤੌਰ ਉੱਤੇ ਇਹ 'ਅਸੀਂ' ਟੀ.ਵੀ. ਵੇਖਣ ਵਾਲਾ ਤੇ ਟਿੱਪਣੀਕਾਰਾਂ ਦਾ ਵਰਗ ਹੈ, ਜਿਸ ਦਾ ਦਿਹਾਤੀ ਭਾਰਤ ਨਾਲ ਕੋਈ ਸਬੰਧ ਨਹੀਂ ਹੈ। ਇਸ ਛੋਟੇ ਪਰ ਸ਼ਕਤੀਸ਼ਾਲੀ ਵਰਗ ਨੂੰ ਇਸ ਤੱਥ ਉੱਤੇ ਜ਼ਰੂਰ ਹੀ ਵਿਚਾਰ ਕਰਨਾ ਚਾਹੀਦਾ ਹੈ ਕਿ ਭਾਰਤ ਦੀ ਸਫ਼ਲਤਾ ਦੀ ਕਹਾਣੀ ਦਿਹਾਤੀ ਖਪਤ ਉੱਤੇ ਨਿਰਭਰ ਕਰਦੀ ਹੈ। ਜੇ ਇਸ 'ਅਸੀਂ' ਨੂੰ ਬਹੁਗਿਣਤੀ ਕਿਸਾਨਾਂ ਸਮੇਤ ਸਾਰੇ ਭਾਰਤੀਆਂ ਵਿੱਚ ਸ਼ਾਮਲ ਕਰ ਦਿੱਤਾ ਜਾਵੇ ਤਾਂ ਸਮਰੱਥਾ ਦਾ ਮੁੱਦਾ ਇੱਕ ਵੱਖਰੀ ਰੌਸ਼ਨੀ ਵਿੱਚ ਵਿਖਾਈ ਦਿੰਦਾ ਹੈ। ਨਿਸ਼ਚਿਤ ਤੌਰ 'ਤੇ, ਜੇ ਅਸੀਂ ਬੁਲੇਟ ਟਰੇਨਾਂ, ਟੈਕਸ-ਮੁਆਫ਼ੀਆਂ, ਉਦਯੋਗਾਂ ਤੇ ਕਾਰਪੋਰੇਟ ਅਦਾਰਿਆਂ ਦੀ ਸਹਾਇਤਾ ਲਈ ਵਿਸ਼ੇਸ਼ ਸਹਾਇਤਾ ਪੈਕੇਜਾਂ ਤੇ ਕਰਜ਼ਿਆਂ ਦੇ ਪੁਨਰਗਠਨ ਨੂੰ ਝੱਲ ਸਕਦੇ ਹਾਂ ਅਤੇ ਰੱਖਿਆ ਉਪਕਰਣਾਂ ਦੀ ਦਰਾਮਦ ਲਈ ਦੁਨੀਆਂ ਦੇ ਸਭ ਤੋਂ ਵਿਸ਼ਾਲ ਬਜਟਾਂ ਵਿੱਚੋਂ ਇੱਕ ਨੂੰ ਤਿਆਰ ਕਰ ਸਕਦੇ ਹਾਂ ਤਾਂ ਅਸੀਂ ਕਿਸਾਨਾਂ ਲਈ ਵੀ ਇੱਕ ਵਾਰ ਵੱਡੀ ਰਾਹਤ ਨੂੰ ਵੀ ਤਾਂ ਝੱਲ ਹੀ ਸਕਦੇ ਹਾਂ।

ਕਰਜ਼ਾ-ਮੁਆਫ਼ੀਆਂ ਦੇ ਆਲੋਚਕਾਂ ਨੂੰ ਮੇਰੀ ਇਹੋ ਸਲਾਹ ਹੈ ਕਿ ਖੇਤੀ ਕਰਜ਼ਾ-ਮੁਆਫ਼ੀ ਦੇ ਅਧਿਕਾਰਾਂ ਤੇ ਇਸ ਕਦਮ ਦੀਆਂ ਗ਼ਲਤੀਆਂ ਉੱਤੇ ਵਿਚਾਰ-ਚਰਚਾ ਕਰਨ ਦੀ ਥਾਂ ਉਹ ਇਸ ਬਾਰੇ ਵਿਚਾਰ-ਵਟਾਂਦਰਾ ਕਰਨ ਕਿ ਇੱਕ ਵਾਰ ਕਰਜ਼ਾ ਮੁਆਫ਼ ਕੀਤੇ ਜਾਣ ਦੇ ਨਾਲ ਨਾਲ ਕਿਸਾਨਾਂ ਦੀ ਇੱਕ ਪੱਕੀ ਆਮਦਨ ਯਕੀਨੀ ਕਿਵੇਂ ਬਣਾਈ ਜਾਵੇ।

# 'ਮੇਰਾ ਦਲਿਤ' ਬਨਾਮ 'ਤੇਰਾ ਦਲਿਤ' ਦੀ ਖੇਡ ਬਣ ਗਈ ਰਾਸ਼ਟਰਪਤੀ ਦੀ ਚੋਣ



ਪੂਨਮ ਆਈ ਕੌਸ਼ਿਸ਼

ਤਿੰਨ ਦਹਾਕੇ ਪਹਿਲਾਂ ਜਾਤ-ਪਾਤ ਦਾ ਜੋ ਜਿੰਨ ਬੋਤਲ ਵਿੱਚੋਂ ਕੱਢਿਆ ਗਿਆ ਸੀ, ਉਸ ਨੇ ਹੁਣ ਫਿਰ ਭਾਰਤੀ ਰਾਜਨੀਤੀ ਦੇ ਰਾਹੀਂ ਰਾਸ਼ਟਰਪਤੀ ਦੇ ਅਹੁਦੇ ਨੂੰ ਵੀ ਨਿਗਲ ਲਿਆ ਹੈ ਅਤੇ ਸਥਿਤੀ ਇਹ ਬਣ ਗਈ ਹੈ ਕਿ ਅਗਲੇ ਰਾਸ਼ਟਰਪਤੀ ਦੇ ਅਹੁਦੇ ਦੀ ਚੋਣ ਲੜ ਰਹੇ ਵਿਅਕਤੀ ਬਾਰੇ ਇਹ ਨਹੀਂ ਪੁੱਛਿਆ ਜਾ ਰਿਹਾ ਕਿ ਉਹ ਸਹੀ ਉਮੀਦਵਾਰ ਹੈ ਜਾਂ ਨਹੀਂ, ਉਸ ਦੀ ਯੋਗਤਾ ਕੀ ਹੈ ਅਤੇ ਉਹ ਇਸ ਅਹੁਦੇ ਲਈ ਸਭ ਤੋਂ ਢੁੱਕਵਾਂ ਵਿਅਕਤੀ ਹੈ ਜਾਂ ਨਹੀਂ? ਇਹੋ ਚਰਚਾ ਹੈ ਕਿ ਉਹ ਸਹੀ ਜਾਤ ਨਾਲ ਸੰਬੰਧਤ ਹੈ ਅਤੇ ਵਫ਼ਾਦਾਰ ਹੈ।

ਇਸ ਰੁਝਾਨ ਨਾਲ ਯਕੀਨੀ ਤੌਰ ਉੱਤੇ ਜਾਤੀ ਵੈਰ ਵਿਰੋਧ ਨੂੰ ਬਲ ਮਿਲੇਗਾ, ਪਰ ਇਸ ਦੀ ਚਿੰਤਾ ਕੌਣ ਕਰਦਾ ਹੈ? ਭਾਜਪਾ ਨੇ ਬਿਹਾਰ ਦੇ 'ਮਹਾ-ਦਲਿਤ' ਰਾਮਨਾਥ ਕੋਵਿੰਦ ਨੂੰ ਰਾਸ਼ਟਰਪਤੀ ਦੇ ਅਹੁਦੇ ਦਾ ਉਮੀਦਵਾਰ ਬਣਾ ਕੇ ਦੂਜੀਆਂ ਪਾਰਟੀਆਂ ਤੋਂ ਪਹਿਲ ਕਰਨ ਦਾ ਮੌਕਾ ਖੋਹ ਲਿਆ। ਕਾਂਗਰਸ ਦੀ ਅਗਵਾਈ ਹੇਠ ਵਿਰੋਧੀ ਧਿਰ ਦੀਆਂ ਵੱਖ-ਵੱਖ ਪਾਰਟੀਆਂ ਜਾਤੀ-ਗਤ ਚੌਖਟੇ ਵਿੱਚੋਂ ਜਾਂ ਤਾਂ ਨਿਕਲਣ ਦੀ ਇੱਛਾ ਨਹੀਂ ਰੱਖਦੀਆਂ ਜਾਂ ਉਨ੍ਹਾਂ ਵਿੱਚ ਇੰਨੀ ਸਮਰੱਥਾ ਹੀ ਨਹੀਂ। ਉਨ੍ਹਾਂ ਸਾਹਮਣੇ ਹੋਰ ਕੋਈ ਬਦਲ ਹੀ ਨਹੀਂ ਸੀ। ਆਖ਼ਰ ਉਨ੍ਹਾਂ ਨੇ ਵੀ ਭਾਜਪਾ ਦੀ ਨਕਲ ਕਰਦਿਆਂ ਲੋਕ ਸਭਾ ਦੀ ਸਾਬਕਾ ਸਪੀਕਰ ਉੱਤੇ 'ਦਲਿਤ ਦੀ ਧੀ' ਦਾ ਠੱਪਾ ਲਾ ਕੇ ਮੀਰਾ ਕੁਮਾਰ ਨੂੰ ਆਪਣੀ ਉਮੀਦਵਾਰ ਐਲਾਨ ਦਿੱਤਾ। ਇਸ ਤਰ੍ਹਾਂ ਇਹ ਚੋਣ 'ਮੇਰਾ ਦਲਿਤ ਬਨਾਮ ਤੇਰਾ ਦਲਿਤ' ਦੀ ਖੇਡ ਬਣ ਕੇ ਰਹਿ ਗਈ। ਸਪੱਸ਼ਟ ਹੈ ਕਿ ਇਸ ਖੇਡ ਵਿੱਚ ਕੋਈ ਵੀ ਪਾਰਟੀ ਆਪਣੇ ਦਲਿਤ ਵੋਟ ਬੈਂਕ ਨੂੰ ਗੁਆਉਣਾ ਨਹੀਂ ਚਾਹੁੰਦੀ, ਕਿਉਂਕਿ ਜਾਤੀ-ਗਤ ਵੈਰ ਦੀ ਐਨਕ ਵਿੱਚੋਂ ਦੇਖਿਆ ਜਾਵੇ ਤਾਂ ਸੱਤਾ ਵਿੱਚ ਟਿਕੇ ਰਹਿਣ ਲਈ ਇਹ ਜੁਗਾੜ ਬਹੁਤ ਲਾਹੇਵੰਦ ਹੈ, ਪਰ ਇਸ ਦੇ ਸਿੱਟੇ ਵਜੋਂ ਸਭ ਤੋਂ ਉੱਚੇ ਸੰਵਿਧਾਨਕ ਅਹੁਦੇ ਦੀ ਲਈ ਲੜਾਈ ਇੱਕ ਤਮਾਸ਼ਾ ਬਣ ਕੇ ਰਹਿ ਗਈ ਹੈ।

ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਰਾਮਨਾਥ ਕੋਵਿੰਦ ਨੂੰ ਉਮੀਦਵਾਰ ਬਣਾ ਕੇ ਭਾਜਪਾ ਨੇ ਇੱਕ ਤੀਰ ਨਾਲ ਦੋ ਨਿਸ਼ਾਨੇ ਲਾਏ ਹਨ। ਪਹਿਲਾ: ਇਸ ਨੇ ਵਿਰੋਧੀ ਧਿਰ ਨੂੰ ਬੈਕਫੁੱਟ ਉੱਤੇ ਧੱਕ ਦਿੱਤਾ ਅਤੇ 'ਬਹੁਜਨ ਸਮਾਜ' ਦੀ ਰੱਖਿਅਕ ਬਣ ਕੇ ਉਭਰੀ ਹੈ, ਕਿਉਂਕਿ ਪੱਛੜੀ ਜਾਤ ਨਾਲ ਸੰਬੰਧਤ ਪ੍ਰਧਾਨ ਮੰਤਰੀ ਦੇ ਨਾਲ ਨਾਲ ਹੁਣ ਭਵਿੱਖੀ ਰਾਸ਼ਟਰਪਤੀ ਵੀ ਅਨੁਸੂਚਿਤ ਜਾਤੀ ਦਾ ਵਿਅਕਤੀ ਹੋਵੇਗਾ ਤੇ ਕੋਵਿੰਦ ਰਾਸ਼ਟਰਪਤੀ ਦੇ ਅਹੁਦੇ ਤੱਕ ਪਹੁੰਚਣ ਵਾਲੇ ਦੂਜੇ ਦਲਿਤ ਵਿਅਕਤੀ ਹੋਣਗੇ। ਇਸ ਤੋਂ ਪਹਿਲਾਂ ਅਨੁਸੂਚਿਤ ਜਾਤੀ ਨਾਲ ਸੰਬੰਧਤ ਕੇ ਆਰ ਨਾਰਾਇਣਨ ਦੇਸ਼ ਦੇ ਰਾਸ਼ਟਰਪਤੀ ਰਹਿ ਚੁੱਕੇ ਹਨ। ਭਾਜਪਾ ਦੇ ਇਸ ਦਾਅ ਨੂੰ 'ਮਾਸਟਰ ਸਟਰੋਕ' ਮੰਨਿਆ ਜਾ ਰਿਹਾ ਹੈ, ਕਿਉਂਕਿ ਅਜਿਹਾ ਕਰ ਕੇ ਉਹ ਨਾ ਸਿਰਫ਼ ਦੇਸ਼ ਦੀ ਆਬਾਦੀ ਵਿੱਚ 20 ਫ਼ੀਸਦੀ ਹਿੱਸੇਦਾਰੀ ਰੱਖਣ ਵਾਲੇ ਦਲਿਤ ਭਾਈਚਾਰੇ ਦਾ ਦਿਲ ਜਿੱਤ ਰਹੀ ਹੈ ਤੇ ਉਨ੍ਹਾਂ ਦੀਆਂ ਵੋਟਾਂ ਬਟੋਰੇਗੀ, ਸਗੋਂ ਇਹ ਇਸ ਗੱਲ ਦਾ ਸੰਕੇਤ ਹੈ ਕਿ ਸੰਘ ਪਰਵਾਰ ਭਾਰਤ ਦੇ ਨਕਸ਼ੇ ਉੱਤੇ ਆਪਣਾ ਵਿਸਥਾਰ ਕਰਨ ਦਾ ਇਰਾਦਾ ਰੱਖਦਾ ਹੈ। ਇਹ ਦਾਅ ਇਸ ਸੰਦਰਭ ਵਿੱਚ ਬਹੁਤ ਅਹਿਮ ਹੈ ਕਿ ਸਹਾਰਨਪੁਰ ਦੇ ਦੰਗਿਆਂ ਨਾਲ ਮੈਨਪੁਰੀ, ਉਨਾਵ ਤੇ ਸੰਭਲ ਦੇ ਜ਼ਖ਼ਮ ਤਾਜ਼ਾ ਹੋ ਗਏ ਸਨ ਅਤੇ ਦਲਿਤ ਭਾਈਚਾਰੇ ਨੇ ਫਿਰ ਤੋਂ ਮਾਇਆਵਤੀ ਦੀ ਬਸਪਾ ਵੱਲ ਖਿਸਕਣਾ ਸ਼ੁਰੂ ਕਰ ਦਿੱਤਾ ਸੀ।

ਦੂਜਾ ਉਦੇਸ਼ ਇਸ ਨੇ ਇਹ ਸਿੱਧ ਕੀਤਾ ਹੈ ਕਿ 2019 ਦੀਆਂ ਚੋਣਾਂ ਲਈ ਮਹਾ ਗਠਜੋੜ ਬਣਨ ਤੋਂ ਪਹਿਲਾਂ ਹੀ ਵਿਰੋਧੀ ਧਿਰ ਦੀ ਏਕਤਾ ਖਿੰਡਰ ਗਈ ਹੈ। ਇਹੋ ਵਜ੍ਹਾ ਹੈ ਕਿ ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਯਾਦਵ ਨੇ ਰਾਮਨਾਥ ਕੋਵਿੰਦ ਨੂੰ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਦਿੱਤੇ ਸਮਰਥਨ ਨੂੰ ਇੱਕ ਇਤਿਹਾਸਕ ਗ਼ਲਤੀ ਕਰਾਰ ਦਿੱਤਾ ਹੈ। ਇਸ ਦੇ ਨਾਲ ਜਨਤਾ ਦਲ ਯੂ ਨੇ ਕਾਂਗਰਸ ਅਤੇ ਬਸਪਾ ਅਤੇ ਦਲਿਤ ਸ਼ਕਤੀਕਰਨ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ ਹੈ, ਜੋ ਸਹਾਰਨਪੁਰ ਦੇ ਦੰਗਿਆਂ ਤੋਂ ਬਾਅਦ ਕਾਫ਼ੀ ਉਭਰਦੀਆਂ ਲੱਗ ਰਹੀਆਂ ਹਨ।

ਮੀਰਾ ਕੁਮਾਰ ਨੂੰ ਉਮੀਦਵਾਰ ਬਣਾਏ ਜਾਣ ਉੱਤੇ ਇੱਕ ਸੀਨੀਅਰ ਕਾਂਗਰਸੀ ਨੇਤਾ ਨੇ ਟਿੱਪਣੀ ਕੀਤੀ ਹੈ ਕਿ 'ਅਜਿਹਾ ਕਰ ਕੇ ਅਸੀਂ ਸਿੱਧੇ ਤੌਰ ਉੱਤੇ ਭਾਜਪਾ ਵੱਲੋਂ ਵਿਛਾਏ ਜਾਲ ਵਿੱਚ ਫਸ ਗਏ ਹਾਂ। ਰਾਸ਼ਟਰਪਤੀ ਚੋਣਾਂ ਨੇ ਵਿਰੋਧੀ ਧਿਰ ਦੀ ਏਕਤਾ ਲਈ ਬਹੁਤ ਵਧੀਆ ਮੰਚ ਹਾਸਲ ਕਰਵਾਇਆ ਸੀ, ਪਰ ਸਮੇਂ ਸਿਰ ਫ਼ੈਸਲਾ ਨਾ ਲੈ ਸਕਣ ਕਾਰਨ ਅਸੀਂ ਇਹ ਮੌਕਾ ਗੁਆ ਲਿਆ।' ਸਿੱਟੇ ਵਜੋਂ ਨਵੇਂ ਭਾਰਤ ਲਈ 'ਵਿਚਾਰਕ ਯੁੱਧ' (ਜਿਸ ਵਿੱਚ ਇੱਕ ਪਾਸੇ ਧਿਰ ਹੈ ਅਤੇ ਦੂਜੇ ਪਾਸੇ ਭਾਜਪਾ ਹੈ) ਨਾ ਸਿਰਫ਼ ਅਮਲੀ ਰੂਪ ਵਿੱਚ ਹੱਥੋਂ ਨਿਕਲ ਗਿਆ ਹੈ, ਸਗੋਂ ਪ੍ਰਤੀਕਾਤਮਕ ਰੂਪ ਵਿੱਚ ਵਿਰੋਧੀ ਧਿਰ ਖ਼ਾਲੀ ਹੱਥ ਰਹਿ ਗਈ ਹੈ। ਲਗਭਗ 17 ਪਾਰਟੀਆਂ ਦਾ ਸਮੂਹ ਢਿੱਲੇ-ਮੱਠੇ ਢੰਗ ਨਾਲ ਹੀ ਆਪਣੀ ਪ੍ਰਤੀਕਿਰਿਆ ਜ਼ਾਹਰ ਕਰਦੇ ਕਰਦੇ ਬੇਪਰਦ ਹੋ ਗਿਆ ਹੈ ਤੇ ਹਮੇਸ਼ਾ ਸਰਗਰਮ ਰਹਿਣ ਵਾਲੇ ਸੰਘ ਪਰਵਾਰ ਨੇ ਇਸ ਨੂੰ ਬੁਰੀ ਤਰ੍ਹਾਂ ਪਟਕਣੀ ਦੇ ਦਿੱਤੀ ਹੈ।

ਅਫ਼ਸੋਸ ਦੀ ਗੱਲ ਹੈ ਕਿ ਸਾਰੀਆਂ ਪਾਰਟੀਆਂ ਇੱਕ-ਦੂਜੀ ਤੋਂ ਵੱਧ ਕੇ ਜਾਤ ਦਾ ਪੱਤਾ ਖੇਡਦੀਆਂ ਆਈਆਂ ਹਨ, ਪਰ ਹੁਣ ਇਸ ਨਾਲ ਭਾਰਤ ਦਾ ਸਰੂਪ ਇੰਨਾ ਬਦਲ ਗਿਆ ਹੈ ਕਿ ਇਸ ਨੂੰ ਪਛਾਣਨਾ ਮੁਸ਼ਕਲ ਹੋ ਗਿਆ ਹੈ ਕਿ ਇਹ ਉਹੀ ਦੇਸ਼ ਹੈ, ਜਿਸ ਨੂੰ ਐਮਰਸਨ ਵਰਗੇ ਚਿੰਤਕ ਨੇ ਇਨਸਾਨੀ ਚਿੰਤਨ ਦਾ ਸਿਖ਼ਰ ਕਰਾਰ ਦਿੱਤਾ ਸੀ।

247 ਡਿਜੀਟਲ ਯੁੱਗ ਵਿੱਚ ਸਾਨੂੰ ਅਜਿਹੇ ਰਾਸ਼ਟਰਪਤੀ ਦੀ ਲੋੜ ਹੈ, ਜਿਹੜਾ ਖ਼ਤਰੇ ਸਾਹਮਣੇ ਸ਼ੁਤਰਮੁਰਗ ਵਾਂਗ ਰੇਤਾ ਵਿੱਚ ਮੂੰਹ ਲੁਕਾਉਣ ਦੀ ਬਜਾਏ ਆਪਣੀ ਹੀ ਪਾਰਟੀ ਨੂੰ ਲੋਕ ਭਲਾਈ ਕੰਮਾਂ ਦੇ ਕੰਮ ਵਿੱਚ ਝਾੜ ਪਾ ਸਕੇ ਤੇ ਬਿਨਾਂ ਡਰ, ਲਾਲਚ ਦੇ ਆਪਣੀਆਂ ਸੰਵਿਧਾਨਕ ਜ਼ਿੰਮੇਵਾਰੀਆਂ ਪੂਰੀਆਂ ਕਰੇ। 71 ਸਾਲਾ ਰਾਮਨਾਥ ਕੋਵਿੰਦ ਬੇਸ਼ੱਕ ਇੱਕ ਲੋ-ਪ੍ਰੋਫਾਈਲ ਦਲਿਤ ਨੇਤਾ ਹਨ, ਪਰ 26 ਸਾਲ ਲੰਮੇ ਆਪਣੇ ਸਿਆਸੀ ਕਰੀਅਰ ਵਿੱਚ 2015 ਵਿੱਚ ਬਿਹਾਰ ਦਾ ਗਵਰਨਰ ਬਣਨ ਤੋਂ ਪਹਿਲਾਂ ਉਹ ਭਾਜਪਾ ਵਿੱਚ ਕਈ ਸੰਗਠਨਾਤਮਕ ਅਹੁਦਿਆਂ 'ਤੇ ਰਹਿਣ ਦੇ ਬਾਵਜੂਦ ਅਜੇ ਤੱਕ ਬੇਦਾਗ ਹਨ। ਪਿਛਲੇ ਹਫ਼ਤੇ ਆਪਣਾ ਨਾਮਜ਼ਦਗੀ ਪੱਤਰ ਭਰਦਿਆਂ ਉਨ੍ਹਾਂ ਕਿਹਾ ਸੀ, 'ਰਾਸ਼ਟਰਪਤੀ ਪਾਰਟੀਬਾਜ਼ੀ ਵਾਲੀ ਸਿਆਸਤ ਤੋਂ ਉੱਪਰ ਹੁੰਦਾ ਹੈ। ਮੇਰੇ ਲਈ ਦੇਸ਼ ਪਹਿਲੇ ਨੰਬਰ ਉੱਤੇ ਹੈ ਤੇ ਸਿਆਸਤ ਦੂਜੇ ਨੰਬਰ ਉੱਤੇ ਹੈ।'

ਇਹ ਤਾਂ ਭਵਿੱਖ ਦੱਸੇਗਾ ਕਿ ਦੇਸ਼ ਦਾ 15ਵਾਂ ਰਾਸ਼ਟਰਪਤੀ ਬਣਨ ਜਾ ਰਿਹਾ ਵਿਅਕਤੀ ਸਰਕਾਰ ਦੇ ਹੱਥਾਂ ਦਾ ਖਿਡੌਣਾ ਬਣੇਗਾ ਜਾਂ ਫਿਰ ਸਿਆਸੀ ਤੰਤਰ ਵਿੱਚ ਲਗਾਤਾਰ ਵਧ ਰਹੇ ਵਿਰੋਧਾਂ ਵਿਚਾਲੇ ਸੰਤੁਲਨ ਬਣਾਈ ਰੱਖੇਗਾ। ਰਾਸ਼ਟਰਪਤੀ ਕੋਲ ਇੱਕ ਅਜਿਹਾ ਅਧਿਕਾਰ ਹੁੰਦਾ ਹੈ, ਜਿਸ ਦੀ ਵਰਤੋਂ ਕਦੇ-ਕਦਾਈਂ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਸਵਾਲ ਪੁੱਛਣ ਅਤੇ ਕੋਈ ਵੀ ਜਾਣਕਾਰੀ ਲੈਣ ਦਾ ਹੱਕ ਹੁੰਦਾ ਹੈ। ਖ਼ੁਦ ਪੰਡਿਤ ਜਵਾਹਰ ਲਾਲ ਨਹਿਰੂ ਵੀ ਦੇਸ਼ ਦੇ ਪਹਿਲੇ ਰਾਸ਼ਟਰਪਤੀ ਰਾਜਿੰਦਰ ਪ੍ਰਸਾਦ ਨੂੰ ਹਫ਼ਤੇ ਵਿੱਚ ਇੱਕ ਵਾਰ ਮਿਲ ਕੇ ਹਰ ਤਰ੍ਹਾਂ ਦੀਆਂ ਜਾਣਕਾਰੀਆਂ ਹਾਸਲ ਕਰਵਾਉਂਦੇ ਸਨ, ਇਸ ਤਰ੍ਹਾਂ ਰਾਸ਼ਟਰਪਤੀ ਨੂੰ ਸੰਵਿਧਾਨ ਦੀ ਸਰਵ ਉਚਤਾ ਬਣਾਈ ਰੱਖਣ ਦੀ ਤਾਕਤ ਹਾਸਲ ਹੈ। ਉਹ ਕਿਸੇ ਵੀ ਤਰ੍ਹਾਂ ਦੇ ਦਸਤਾਵੇਜ਼ਾਂ ਅਤੇ ਐਲਾਨਨਾਮਿਆਂ 'ਤੇ ਦਸਤਖ਼ਤ ਕਰਨ 'ਚ ਉਦੋਂ ਤੱਕ ਦੇਰ ਕਰ ਸਕਦੇ ਹਨ, ਜਦੋਂ ਤੱਕ ਸੰਬੰਧਤ ਅਧਿਕਾਰੀ ਉਨ੍ਹਾਂ ਦੀ ਪੂਰੀ ਤਰ੍ਹਾਂ ਤਸੱਲੀ ਨਾ ਕਰਵਾ ਦੇਣ।

ਰਾਸ਼ਟਰਪਤੀ ਦੇ ਇਸ ਅਧਿਕਾਰ ਦੀ ਕੋਈ ਹੱਦ ਨਹੀਂ। ਰਾਸ਼ਟਰਪਤੀ ਪੂਰੀ ਤਰ੍ਹਾਂ ਸੰਵਿਧਾਨ ਦੇ ਦਾਇਰੇ ਵਿੱਚ ਰਹਿੰਦੇ ਹੋਏ ਵੀ ਨਿਰਪੱਖ, ਆਜ਼ਾਦ ਅਤੇ ਯਥਾਰਥਵਾਦੀ ਹੋ

(ਬਾਕੀ ਸਫਾ 22 ਤੇ)




# ਗੋਡਿਆਂ ਵਿਚ ਦਰਦ ਰਹਿੰਦਾ ਹੈ- ਇਹ ਕਾਰਨ ਅਤੇ ਉਪਾਅ ਕਰੋ



ਸਾਡੇ ਗੋਡੇ ਸਰੀਰ ਦੇ ਲਈ ਕਈ ਤਰ੍ਹਾਂ ਦੇ ਝਟਕੇ ਸਹਿਣ ਕਰਦੇ ਹਨ। ਇਸ ਕਰਕੇ ਗੋਡਿਆਂ ਦਾ ਸਿਹਤਮੰਦ ਹੋਣਾ ਤੁਹਾਡੀ ਸਿਹਤ ਦੇ ਲਈ ਵੀ ਬਹੁਤ ਜ਼ਰੂਰੀ ਹੈ। ਕਮਜ਼ੋਰ ਗੋਡੇ ਜਾਂ ਗਠੀਆ ਰੋਗ ਤੋਂ ਪੀੜਤ ਗੋਡਿਆਂ ਦੇ ਕਾਰਨ ਚੱਲਣਾ-ਫਿਰਨਾ ਪ੍ਰਭਾਵਿਤ ਹੋ ਜਾਂਦਾ ਹੈ। ਸਿਹਤਮੰਦ ਗੋਡੇ ਹੋਣ ਦੇ ਲਈ ਜ਼ਰੂਰੀ ਹੈ ਕਿ ਸਾਡੇ ਸਰੀਰ ਦਾ ਵਜਨ ਸਹੀ ਹੋਵੇ ਤਾਂ ਜੋ ਸਾਡੇ ਗੋਡਿਆਂ 'ਤੇ ਜ਼ਿਆਦਾ ਬੋਝ ਨਾ ਪਵੇ। ਇਸ ਦੇ ਨਾਲ ਹੀ ਕਸਰਤ ਵੀ ਜ਼ਰੂਰੀ ਹੈ। ਆਓ ਅੱਜ ਅਸੀਂ ਤੁਹਾਨੂੰ ਦੱਸਦੇ ਹਾਂ ਕਿਵੇਂ ਗੋਡਿਆਂ ਨੂੰ ਸਿਹਤਮੰਦ ਰੱਖਿਆ ਜਾ ਸਕਦਾ ਹੈ।

**ਚੱਲਦੇ-ਫਿਰਦੇ ਰਹੋ**

ਬਹੁਤ ਦੇਰ ਤੱਕ ਇਕ ਹੀ ਜਗ੍ਹਾ ਤੇ ਬੈਠੇ ਨਾ ਰਹੋ। ਇਸ ਕਾਰਨ ਤੁਹਾਡੇ ਗੋਡੇ ਜਾਮ ਹੋ ਸਕਦੇ ਹਨ। ਕਿਸੇ ਕੰਮ ਵਿਚ ਬਿਜ਼ੀ ਹੋ ਤਾਂ ਵੀ ਪੈਰ ਅਤੇ ਗੋਡਿਆਂ ਨੂੰ ਚਲਾਉਂਦੇ ਰਹੋ ਤਾਂ ਜੋ ਤੁਹਾਡੇ ਗੋਡੇ ਬਹੁਤ ਦੇਰ ਤੱਕ ਇਕੋ ਸਥਿਤੀ ਵਿਚ ਨਾ ਰਹਿਣ।

**ਪੌੜੀਆਂ ਤੇ ਬਹੁਤੀ ਉਛਲ-ਕੁੱਦ ਨਾ ਕਰੋ**

ਜੇਕਰ ਗੋਡੇ ਸਹੀ ਹਾਲਤ ਵਿਚ ਨਹੀਂ ਹਨ ਤਾਂ ਪੌੜੀ ਤੇ ਦੌੜ ਕੇ ਉਹਨਾ ਤੇ ਜ਼ਿਆਦਾ ਦਬਾਅ ਨਾ ਪਾਓ। ਖਾਸ ਕਰਕੇ ਜੇਕਰ ਤੁਹਾਡਾ ਵਜਨ ਜ਼ਿਆਦਾ ਹੈ ਤਾਂ ਤੇਜ਼ ਕਦਮਾਂ ਨਾਲ ਪੌੜੀ ਤੇ ਦੌੜਾਉਣਾ ਤੁਹਾਡੇ ਗੋਡਿਆਂ ਦੇ ਲਈ ਖਤਰਨਾਕ ਹੋ ਸਕਦਾ ਹੈ।

ਜਾਂਘ ਅਤੇ ਗੋਡਿਆਂ ਦੀਆਂ ਅੰਦਰੂਨੀ ਮਾਸਪੇਸ਼ੀਆਂ ਕਮਜ਼ੋਰ ਹੋਣਗੀਆਂ ਤਾਂ ਝਟਕਿਆਂ ਨਾਲ ਖਤਰਾ ਵੱਧ ਜਾਵੇਗਾ, ਇਸ ਕਰਕੇ ਕਸਰਤ ਦੇ ਦੌਰਾਨ ਇਹਨਾਂ ਮਾਸਪੇਸ਼ੀਆਂ ਨੂੰ ਮਜ਼ਬੂਤ ਬਣਾਉਣ 'ਤੇ ਧਿਆਨ ਦਿਓ।

**ਸਹੀ ਜਮੀਨ 'ਤੇ ਚੱਲੋ**

ਜੇਕਰ ਤੁਹਾਨੂੰ ਗਠੀਆ ਜਾਂ ਗੋਡਿਆਂ ਦੀ ਕੋਈ ਸਮੱਸਿਆ ਹੈ ਤਾਂ ਤੁਸੀਂ ਬਹੁਤ ਉਚੀ, ਨੀਵੀਂ ਜ਼ਮੀਨ ਤੇ ਨਾ ਚੱਲੋ। ਹਮੇਸ਼ਾ ਸੜਕ ਦੇ ਕਿਨਾਰੇ ਜਾਂ ਸਮਤਲ ਜਮੀਨ ਤੇ ਚੱਲਣ ਦੀ ਕੋਸ਼ਿਸ਼ ਕਰੋ ਤਾਂ ਜੋ ਤੁਹਾਡੇ ਗੋਡਿਆਂ ਤੇ ਕੋਈ ਝਟਕਾ ਨਾ ਲੱਗੇ।

ਕਈ ਵਾਰ ਖੇਡਦੇ ਸਮੇਂ ਗੋਡਿਆਂ ਤੇ ਸੱਟ ਲੱਗ ਸਕਦੀ ਹੈ, ਇਸ ਕਰਕੇ ਕਿਸੇ ਹਾਦਸੇ ਤੋਂ ਬਚਣ ਦੇ ਲਈ ਹਮੇਸ਼ਾ ਖੇਡਣ ਦੌਰਾਨ ਰੱਖਿਆਤਮਕ ਕਵਚ ਪਾਓ।

**ਸਾਈਕਲ ਚਲਾਉਂਦੇ ਵਕਤ**

ਸਾਇਕਲ ਚਲਾਉਣਾ ਬਹੁਤ ਵਧੀਆ ਕਸਰਤ ਹੈ ਪਰ ਯਾਦ ਰੱਖੋ ਜਦੋਂ ਵੀ ਤੁਸੀਂ ਸਾਈਕਲ ਚਲਾ ਰਹੇ ਹੋਵੋ ਤਾਂ ਗੋਡੇ ਸਿੱਧੇ ਹੀ ਰਹਿਣ। ਇਸ ਦੇ ਲਈ ਜ਼ਰੂਰੀ ਹੈ ਕਿ ਤੁਸੀਂ ਸਾਈਕਲ ਦੀ ਸੀਟ ਉਚੀ ਰੱਖੋ।

# ਮਜ਼ਬੂਤ ਸਰੀਰ ਲਈ ਵਰਤੋ ਇਹ ਖੁਰਾਕੀ ਪਦਾਰਥ

ਸਿਹਤਮੰਦ ਰਹਿਣ ਦੇ ਲਈ ਵਿਟਾਮਿਨ ਅਤੇ ਦੂਜੇ ਮਿਨਰਲਜ਼ ਦੇ ਨਾਲ ਹੀ ਆਇਰਨ ਵੀ ਬੇਹੱਦ ਜ਼ਰੂਰੀ ਹੈ। ਸਰੀਰ ਵਿਚ ਆਇਰਨ ਦੀ ਕਮੀ ਹੋਣ 'ਤੇ ਸਿਰਦਰਦ, ਹੱਥਾਂ ਪੈਰਾਂ ਦਾ ਠੰਡਾ ਹੋਣਾ, ਅੱਖਾਂ ਦੇ ਹੇਠਾਂ ਡਾਰਕ ਸਰਕਲ ਜਾਂ ਚੱਕਰ ਆਉਣ ਵਰਗੀ ਸਮੱਸਿਆ ਹੁੰਦੀ ਹੈ। ਇਸ ਕਰਕੇ ਡਾਈਟ ਵਿਚ ਅਜਿਹੇ ਫੂਡ ਸ਼ਾਮਲ ਕਰਨੇ ਚਾਹੀਦੇ ਹਨ, ਜਿਹਨਾਂ ਵਿਚ ਆਇਰਨ ਦੀ ਮਾਤਰਾ ਜ਼ਿਆਦਾ ਹੋਵੇ। ਇਕ ਦਿਨ ਵਿਚ ਪੁਰਸ਼ਾਂ ਨੂੰ 8 ਮਿਲੀਗ੍ਰਾਮ ਆਇਰਨ ਦੀ ਲੋੜ ਹੁੰਦੀ ਹੈ, ਜਦਕਿ ਔਰਤਾਂ ਨੂੰ 10 ਮਿਲੀਗ੍ਰਾਮ।



**ਡਾਰਕ ਚਾਕਲੇਟ**

ਆਇਰਨ: 100 ਗ੍ਰਾਮ ਵਿਚ 17 ਮਿਲੀਗ੍ਰਾਮ

ਇਸ ਵਿਚ ਮੌਜੂਦ ਫਲੇਵੋਨਾਈਡਸ ਮੂਡ ਨੂੰ ਬੂਸਟ ਕਰਨ ਵਿਚ ਮਦਦ ਕਰਦਾ ਹੈ। ਇਸਦਾ ਸੁਆਦ ਵੀ ਵਧੀਆ ਹੁੰਦਾ ਹੈ।

**ਕੱਦੂ ਦੇ ਬੀਜ**

ਆਇਰਨ 100 ਗ੍ਰਾਮ ਵਿਚ 15 ਮਿਲੀਗ੍ਰਾਮ

ਇਹ ਇੰਸੁਲਿਨ ਦੀ ਮਾਤਰਾ ਨੂੰ ਸੰਤੁਲਿਤ ਕਰਦਾ ਹੈ, ਜਿਸ ਕਾਰਨ ਡਾਇਸ਼ਟੀਜ਼ ਦੀ ਸੰਭਾਵਨਾ ਘੱਟ ਹੁੰਦੀ ਹੇ।

**ਪਾਲਕ**

ਆਇਰਨ 100 ਗ੍ਰਾਮ ਵਿਚ 8 ਮਿਲੀਗ੍ਰਾਮ

ਪਾਲਕ ਆਇਰਨ ਦਾ ਬਹੁਤ ਵੱਡਾ ਸਰੋਤ ਹੈ। ਹਰੀ ਸਬਜ਼ੀ ਹੋਣ ਕਾਰਨ ਇਸ ਵਿਚ ਵਿਟਾਮਿਨ ਵੀ ਕਾਫੀ ਹੁੰਦੇ ਹਨ। ਇਸਨੂੰ ਖਾਣ ਨਾਲ ਹੱਡੀਆਂ ਮਜ਼ਬੂਤ ਬਣਦੀਆਂ ਹਨ।

**ਚਿਕਨ-** ਆਇਰਨ: 100 ਗ੍ਰਾਮ ਵਿਚ 13 ਮਿਲੀਗ੍ਰਾਮ ਇਸਨੂੰ ਖਾਣ ਨਾਲ ਕੋਲੈਸਟ੍ਰਾਲ ਘੱਟ ਹੁੰਦਾ ਹੈ ਅਤੇ ਹਾਰਟ ਪ੍ਰਾਬਲਮ ਤੋਂ ਬਚਾਅ ਹੁੰਦਾ ਹੈ।

**ਸੀ ਫੂਡ-** ਸੀ ਫੂਡ ਵਿਚ ਆਇਰਨ 100 ਗ੍ਰਾਮ ਵਿਚ 9.2 ਮਿਲੀਗ੍ਰਾਮ ਹੁੰਦਾ ਹੈ। ਇਸ ਨੂੰ ਖਾਣ ਨਾਲ ਦਿਮਾਗ ਤੇਜ ਚਲਦਾ ਹੈ ਅਤੇ ਯਾਦਾਸ਼ਤ ਤੇਜ ਹੁੰਦੀ ਹੈ।

**ਰਾਜਮਾਂਹ-** ਇਸ ਵਿਚ ਆਇਰਨ 100 ਗ੍ਰਾਮ ਵਿਚ 8.2 ਮਿਲੀਗ੍ਰਾਮ ਹੁੰਦਾ ਹੈ। ਇਸ ਨੂੰ ਖਾਣ ਨਾਲ ਡਾਈਜੇਸ਼ਨ ਇੰਪਰੂਵ ਹੁੰਦਾ ਹੈ।

**ਨਟਸ-** ਇਹਨਾਂ ਵਿਚ ਆਇਰਨ 100 ਗ੍ਰਾਮ ਵਿਚ 6.1 ਮਿਲੀਗ੍ਰਾਮ ਹੁੰਦਾ ਹੈ। ਇਹਨਾਂ ਨੂੰ ਖਾਣ ਨਾਲ ਹੱਡੀਆਂ ਮਜਬੂਤ ਹੁੰਦੀਆਂ ਹਨ।

**ਓਟਸ-** ਇਹਨਾਂ ਵਿਚ 100 ਗ੍ਰਾਮ ਵਿਚ 4.7 ਮਿਲੀਗ੍ਰਾਮ ਆਇਰਨ ਹੁੰਦਾ ਹੈ। ਇਸਨੂੰ ਖਾਣ ਨਾਲ ਨੀਂਦ ਚੰਗੀ ਆਉਂਦੀ ਹੈ ਅਤੇ ਮਾਈਂਡ ਰਿਲੈਕਸ ਰਹਿੰਦਾ ਹੈ।

**ਚੁਕੰਦਰ-** ਚੁਕੰਦਰ ਵਿਚ ਆਇਰਨ 100 ਗ੍ਰਾਮ ਵਿਚ 2.72 ਮਿਲੀਗ੍ਰਾਮ ਹੁੰਦਾ ਹੈ। ਇਸਨੂੰ ਖਾਣ ਨਾਲ ਚਮੜੀ ਦਾ ਗਲੋ ਵਧਦਾ ਹੈ ਅਤੇ ਵਧਦੀ ਉਮਰ ਦਾ ਅਸਰ ਨਜ਼ਰ ਨਹੀਂ ਆਉਂਦਾ।

**ਮਟਰ-** ਮਟਰ ਵਿਚ ਆਇਰਨ 100 ਗ੍ਰਾਮ ਵਿਚ 2.5 ਮਿਲੀ-ਗ੍ਰਾਮ ਹੁੰਦਾ ਹੈ। ਮਟਰ ਵਜਨ ਘੱਟ ਕਰਨ ਵਿਚ ਮਦਦ ਕਰਦਾ ਹੈ।

# ਰੋਜ਼ ਸਵੇਰੇ ਪੀਓ ਕਾਲੇ ਨਮਕ ਦਾ ਪਾਣੀ

ਕਾਲਾ ਨਮਕ ਕੁਦਰਤੀ ਨਕਮ ਹੈ, ਜਿਸ ਵਿਚ ਕਰੀਬ 90 ਫਾਇਦੇਮੰਦ ਮਿਨਰਲਸ ਪਾਏ ਜਾਂਦੇ ਹਨ। ਇਸ ਕਰਕੇ ਪੁਰਾਣੇ ਸਮੇਂ ਵਿਚ ਕਈ ਔਸ਼ਧੀਆਂ ਬਣਾਉਣ ਵਿਚ ਇਸਦੇ ਇਸਤੇਮਾਲ ਹੁੰਦਾ ਰਿਹਾ ਹੈ। ਕੁਦਰਤੀ ਮੈਡੀਕਲ ਬੋਰਡ ਵਿਚ ਤਾਇਨਾਤ ਡਾ. ਰਾਜੇਸ਼ ਸ਼ੁਕਲਾ ਮੁਤਾਬਕ ਸਿਹਤਮੰਦ ਰਹਿਣ ਦੇ ਲਈ ਤੁਸੀਂ ਰੋਜ਼ ਸਵੇਰੇ ਕਾਲੇ ਨਮਕ ਦਾ ਪਾਣੀ ਪੀ ਸਕਦੇ ਹੋ। ਇਹ ਡ੍ਰਿੰਕ ਮੋਟਾਪਾ, ਇਨਡਾਈਜੇਸ਼ਨ ਵਰਗੀਆਂ ਕਈ ਸਿਹਤ ਸਮੱਸਿਆਵਾਂ ਤੋਂ ਤੁਹਾਨੂੰ ਬਚਾਵੇਗਾ। ਬਲੈਕ ਸਾਲਟ ਵਾਟਰ ਦੇ ਅਨੇਕਾਂ ਫਾਇਦਿਆਂ ਕਾਰਨ ਇਸਨੂੰ ਸਾਊਲ ਵਾਟਰ ਦਾ ਨਾਂ ਦਿੱਤਾ ਗਿਆ ਹੈ।



**ਕਿਵੇਂ ਬਣਾਈਏ-** ਇਕ ਗਿਲਾਸ ਹਲਕੇ ਗਰਮ ਪਾਣੀ ਵਿਚ ਅੱਧਾ ਛੋਟਾ ਚਮਚਾ ਨਮਕ ਪਾ ਕੇ ਮਿਲਾਓ। ਇਸਨੂੰ ਖਾਲੀ ਪੇਟ ਪੀਓ। ਇਸ ਨਾਲ ਵਾਟਰ ਬਾਡੀ ਫੈਟ ਘਟਾਉਣ ਵਿਚ ਬਹੁਤ ਮਦਦ ਮਿਲਦੀ ਹੈ। ਰੋਜ਼ਾਨਾ ਇਸਨੂੰ ਪੀਣ ਨਾਲ ਮੋਟਾਪਾ ਦੂਰ ਹੋਵੇਗਾ।

**ਡਾਈਜੇਸ਼ਨ ਸੁਧਰੇਗਾ-** ਕਾਲਾ ਨਮਕ ਪੇਟਦੇ ਅੰਦਰ ਹਾਈਡ੍ਰੋਕਲੋਰਿਕ ਐਸਿਡ ਅਤੇ ਪ੍ਰੋਟੀਨ ਡਾਈਜੈਸਟ ਕਰਨ ਵਾਲੇ ਅੰਜਾਇਮ ਐਕਟਿਵ ਕਰਦਾ ਹੈ। ਇਸ ਨਾਲ ਡਾਈਜੇਸ਼ਨ ਸੁਧਰਦਾ ਹੈ।

**ਸਿਹਤਮੰਦ ਚਮੜੀ-** ਕਾਲੇ ਨਮਕ ਵਿਚ ਮੌਜੂਦ ਸਲਫਰ, ਜ਼ਿੰਕ ਵਰਗੇ ਨਿਊਟ੍ਰੀਐਂਟਸ ਡੈਡਅਤੇ ਡ੍ਰਾਈ ਸਕਿਨ ਦੀ ਸਮੱਸਿਆ ਦੂਰ ਕਰਦੇ ਹਨ। ਇਸਦਾ ਪਾਣੀ ਪੀਣ ਨਾਲ ਚਮੜੀ ਸਿਹਤਮੰਦ ਹੋਵੇਗੀ ਅਤੇ ਗਲੋ ਵਧੇਗਾ।

**ਮਜਬੂਤ ਹੱਡੀਆਂ-**ਕਾਲੇ ਨਮਕ ਵਿਚ ਮੌਜੂਦ ਮਿਨਰਲਸ ਹੱਡੀਆਂ ਨੂੰ ਮਜ਼ਬੂਤ ਕਰਦੇ ਹਨ।

**ਗੈਸ ਅਤੇ ਕਬਜ-** ਕਾਲੇ ਨਮਕ ਵਿਚ ਮੌਜੂਦ ਸੋਡੀਅਮ ਕਲੋਰਾਈਡ, ਸਲਫੇਟ, ਆਇਰਨ, ਫੈਰਿਕ ਆਕਸਾਈਡ ਅਤੇ ਨਿਊਟ੍ਰੀਐਂਟਸ ਪੇਟ ਵਿਚ ਬਣਨ ਵਾਲੀ ਗੈਸ ਅਤੇ ਕਬਜ ਦੀ ਸਮੱਸਿਆ ਦੂਰ ਕਰਦੇ ਹਨ।

**ਪੇਟ ਨਹੀਂ ਫੁੱਲੇਗਾ-** ਕਾਲੇ ਨਮਕ ਦਾ ਪਾਣੀ ਪੀਣ ਨਾਲ ਪੇਟ ਫੁੱਲਣ ਅਤੇ ਖਾਣਾ ਖਾਣ ਤੋਂ ਬਾਅਦ ਪੇਟ ਭਾਰੀ-ਭਾਰੀ ਲੱਗਣ ਦੀ ਸਮੱਸਿਆ ਦੂਰ ਹੁੰਦੀ ਹੈ।

**ਅੱਖਾਂ ਦੀ ਰੌਸ਼ਨੀ-** ਰੈਗੂਲਰ ਕਾਲੇ ਨਮਕ ਦਾ ਪਾਣੀ ਪੀਣ ਨਾਲ ਅੱਖਾਂ ਦੀ ਰੌਸ਼ਨੀ ਵਧਣ ਵਿਚ ਮਦਦ ਮਿਲੇਗੀ।

**ਸੰਘਣੇ ਵਾਲ-** ਕਾਲੇ ਨਮਕ ਵਿਚ ਮੌਜੂਦ ਮਿਨਰਲਸ ਵਾਲਾਂ ਦੀ ਗ੍ਰੋਥ ਵਿਚ ਮਦਦਗਾਰ ਹਨ। ਰੋਜ਼ਾਨਾ ਇਸਦਾ ਪਾਣੀ ਪੀਣ ਨਾਲ ਵਾਲ ਨਹੀਂ ਝੜਨਗੇ ਅਤੇ ਡੈਂਡਰਫ ਦੂਰ ਹੋਵੇਗੀ।

**ਦਿਲ ਲਈ ਫਾਇਦੇਮੰਦ-** ਕਾਲਾ ਨਮਕ ਕੋਲੈਸਟ੍ਰਾਲ ਕੰਟਰੋਲ ਕਰਨ ਵਿਚ ਮਦਦ ਕਰਦਾ ਹੈ। ਰੋਜ਼ਾਨਾ ਇਸਦਾ ਪਾਣੀ ਪੀਣ ਨਾਲ ਹਾਰਟ ਡਿਜ਼ੀਜ਼ ਦਾ ਖਤਰਾ ਟਲੇਗਾ।

**ਸ਼ੂਗਰ-** ਕਾਲਾ ਨਮਕ ਇੰਸੁਲਿਨ ਦਾ ਲੈਵਲ ਕੰਟਰੋਲ ਕਰਦਾ ਹੈ। ਇਸ ਨਾਲ ਡਾਇਬਟੀਜ਼ ਕੰਟਰੋਲ ਹੁੰਦੀ ਹੈ। ਇਸਦਾ ਖਤਰਾ ਵੀ ਟਲਦਾ ਹੈ।

**ਚੰਗੀ ਨੀਂਦ-** ਕਾਲੇ ਨਮਕ ਵਿਚ ਮੌਜੂਦ ਮਿਨਰਲਸ ਬਾਡੀ ਵਿਚ ਸਟ੍ਰੈਸ ਹਾਰਮੋਨਸ ਕੰਟਰੋਲ ਕਰਦੇ ਹਨ। ਇਸ ਨਾਲ ਰਾਤ ਨੂੰ ਨੀਂਦ ਨਾ ਆਉਣ ਦੀ ਸਮੱਸਿਆ ਦੂਰ ਹੁੰਦੀ ਹੈ।

**ਗਲੇ ਦੀ ਖਾਰਿਸ਼-** ਕਾਲੇ ਨਮਕ ਦਾ ਪਾਣੀ ਪੀਣ ਨਾਲ ਗਲੇ ਦੀ ਖਾਰਸ਼ ਅਤੇ ਦਰਦ ਦੀ ਸਮੱਸਿਆ ਦੂਰ ਹੁੰਦੀ ਹੈ।

**ਖੂਨ ਦੀ ਕਮੀ-** ਕਾਲੇ ਨਮਕ ਵਿਚ ਭਰਪੂਰ ਆਇਰਨ ਹੁੰਦਾ ਹੈ। ਇਸਦਾ ਪਾਣੀ ਪੀਣ ਨਾਲ ਅਨੀਮੀਆ (ਖੂਨ ਦੀ ਸਮੱਸਿਆ) ਦੂਰ ਹੋਵੇਗਾ।

**ਬਿਮਾਰੀਆਂ ਤੋਂ ਬਚਾਵੇ-** ਕਾਲੇ ਨਮਕ ਦਾ ਪਾਣੀ ਸਰੀਰ ਵਿਚ ਮੌਜੂਦ ਹਾਨੀਕਾਰਡ ਬੈਕਟੀਰੀਆ ਨੂੰ ਖਤਮ ਕਰਦਾ ਹੈ। ਰੋਜ਼ਾਨਾ ਇਸਨੂੰ ਪੀਣ ਨਾਲ ਕਈ ਸਿਹਤ ਸਮੱਸਿਆਵਾਂ ਦਾ ਖਤਰਾ ਟਲਦਾ ਹੈ।

**ਮਜ਼ਬੂਤ ਮਾਸਪੇਸ਼ੀਆਂ-** ਕਾਲਾ ਨਮਕ ਸਰੀਰ ਨੂੰ ਪੋਟਾਸ਼ੀਅਮ ਐਬਜਰਬ ਕਰਨ ਵਿਚ ਮਦਦ ਕਰਦਾ ਹੈ। ਇਸ ਨਾਲ ਮਸਲਜ਼ ਮਜ਼ਬੂਤ ਹੁੰਦੇ ਹਨ ਅਤੇ ਅਕੜਨ ਦੀ ਸਮੱਸਿਆ ਦੂਰ ਹੁੰਦੀ ਹੈ।

# ਮਸੂੜਿਆਂ ਦੀ ਸੋਜ ਤੋਂ ਰਾਹਤ ਪਾਓ

ਮਸੂੜਿਆਂ ਦੀ ਸਮੱਸਿਆ ਬਹੁਤ ਹੀ ਆਮ ਸਮੱਸਿਆ ਹੈ ਅਤੇ ਇਸ ਨਾਲ ਤਕਲੀਫ ਵੀ ਬਹੁਤ ਹੁੰਦੀ ਹੈ। ਆਮਤੌਰ ਤੇ ਮਸੂੜਿਆਂ ਦੇ ਰੰਗ ਗੁਲਾਬੀ ਹੁੰਦਾ ਹੈ ਪਰ ਸੋਜ ਦੇ ਕਾਰਨ ਇਹ ਰੰਗ ਲਾਲ ਹੋ ਜਾਂਦਾ ਹੈ। ਤਕਲੀਫ ਜ਼ਿਆਦਾ ਹੋਣ 'ਤੇ ਮਸੂੜਿਆਂ 'ਚੋਂ ਖੂਨ ਵੀ ਆਉਂਦਾ ਹੈ। ਇਸ ਸਮੱਸਿਆ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ ਪੋਸ਼ਕ ਤੱਤਾਂ ਦੀ ਕਮੀ, ਮੂੰਹ ਦੇ ਰੋਗ ਆਦਿ।

ਆਓ ਜਾਣਦੇ ਹਾਂ ਇਸ ਦੇ ਘਰੇਲੂ ਇਲਾਜ ਦੇ ਬਾਰੇ।

1. **ਨਮਕ ਦੇ ਪਾਣੀ ਨਾਲ ਮੂੰਹ ਧੋਣਾ-** ਮੂੰਹ ਨਾਲ ਸਬੰਧਤ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਨਮਕ ਦੇ ਨਾਲ ਕੁਰਲੀ ਕਰਨ ਨਾਲ ਮੂੰਹ ਦੇ ਇੰਫੈਕਸ਼ਨ ਤੋਂ ਬਚਿਆ ਜਾ ਸਕਦਾ ਹੈ।
2. **ਲੌਂਗ-** ਮਸੂੜਿਆਂ ਦੀ ਸੋਜ ਦੂਰ ਕਰਨ ਲਈ ਇਹ ਬਹੁਤ ਹੀ ਲਾਭਕਾਰੀ ਨੁਸਖਾ ਹੈ। ਇਸ 'ਚ ਸੋਡ ਦੂਰ ਕਰਨ ਦੇ ਗੁਣ ਹੁੰਦੇ ਹਨ।
3. **ਕਿੱਕਰ ਦੇ ਛਿਲਕੇ-** ਕਿੱਕਰ ਦੇ ਛਿਲਕੇ ਨੂੰ ਪਾਣੀ 'ਚ ਉਬਾਲ ਕੇ ਮਾਊਥਵਾਸ਼ ਵੀ ਬਣਾ ਸਕਦੇ ਹੋ। ਇਸ ਨੂੰ ਦਿਨ ਦੋ ਤੋਂ ਤਿੰਨ ਵਾਰ ਇਸਤੇਮਾਲ ਕਰੋ।
4. **ਕੈਸਟਰ ਦਾ ਤੇਲ (ਅਰੰਡੀ ਦਾ ਤੇਲ-** ਦੰਦਾਂ ਦੇ ਦਰਦ ਵਾਲੇ ਹਿੱਸੇ 'ਤੇ ਇਸਨੂੰ ਲਗਾਉਣ ਦਰਦ ਅਤੇ ਸੋਜ ਤੋਂ ਅਰਾਮ ਮਿਲਦਾ ਹੈ।
5. **ਅਦਰਕ-** ਅਦਰਕ 'ਚ ਸੋਜ ਵਿਰੋਧੀ ਗੁਣ ਹੁੰਦੇ ਹਨ ਜੋ ਕਿ ਮਸੂੜਿਆਂ ਦੀ ਸੋਜ ਅਤੇ ਮੂੰਹ ਦੇ ਬੈਕਟੀਰਿਆ ਤੋਂ ਬਚਾਉਂਦਾ ਹੈ।
6. ਨਿੰਬੂ ਦਾ ਪਾਣੀ- ਮਸੂੜਿਆਂ ਦੀ ਸੋਜ ਤੋਂ ਅਰਾਮ ਪਾਉਣ ਲਈ ਰੋਜ਼ ਸਵੇਰੇ ਨਿੰਬੂ ਦੇ ਪਾਣੀ ਨਾਲ ਕੁਰਲੀ ਕਰੋ।
7. **ਐਲੋਵੇਰਾ-** ਇਹ ਮਸੂੜਿਆਂ ਦੀ ਸੋਜ ਦੂਰ ਕਰਨ, ਮਸੂੜਿਆਂ 'ਚੋਂ ਖੂਨ ਆਉਣਾ ਅਤੇ ਮੂੰਹ ਦੇ ਇੰਫੈਕਸ਼ਨ ਵਰਗੀਆਂ ਸਮੱਸਿਆਵਾਂ ਨੂੰ ਦੂਰ ਕਰਨ 'ਚ ਸਹਾਇਕ ਹੁੰਦੀ ਹੈ।
8. **ਸਰੌਂ ਦਾ ਤੇਲ-** ਸਰੌਂ ਦੇ ਤੇਲ 'ਚ ਥੋੜ੍ਹਾ ਨਮਕ ਮਿਲਾ ਕੇ ਮਸੂੜਿਆਂ 'ਤੇ ਲਗਾਓ। ਇਸ ਨੂੰ ਸਮੱਸਿਆਂ ਦੇ ਠੀਕ ਹੋਣ ਤੱਕ ਲਗਾਓ।



9. **ਹਾਈਡਰੋਜਨ ਪੈਰਾਓਕਸਾਈਡ-** ਇਹ ਕਿਸੇ ਵੀ ਦੁਕਾਨ 'ਤੇ ਅਸਾਨੀ ਨਾਲ ਮਿਲ ਜਾਂਦੀ ਹੈ। ਇਸਨੂੰ ਪਾਣੀ ਦੇ ਨਾਲ ਮਿਲਾ ਕੇ ਹਫਤੇ 'ਚ ਦੋ ਵਾਰ ਕੁਰਲੀ ਕਰੋ।
10. **ਟੀ-ਟ੍ਰੀ ਤੇਲ-** ਇਸ ਤੇਲ ਦੇ ਨਾਲ ਮਸੂੜਿਆਂ ਦੀ ਮਾਲਸ਼ ਕਰਨੀ ਚਾਹੀਦੀ ਹੈ। ਇਹ ਬਿਨ੍ਹਾਂ ਕਿਸੇ ਨੁਕਸਾਨ ਦੇ ਸੋਜ ਨੂੰ ਘੱਟ ਕਰਦਾ ਹੈ।

# ਦੂਜੇ ਧਰਮਾਂ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿੱਖਾਂ ਨਾਲੋਂ ਵੱਧ ਮਹਾਨਤਾ ਕਿਉਂ ਦਿੰਦੇ ਹਨ?


ਮਨਜੀਤ ਸਿੰਘ ਔਜਲਾ

ਅੱਜ ਜਦੋਂ ਅਸੀਂ ਸਿੱਖੀ ਦਾ ਆਰੰਭ ਅਤੇ ਗੁਰੂ ਸਾਹਿਬਾਨ ਦੇ ਸਮੇਂ ਤੋਂ ਲੈ ਕੇ ਬਹਾਦੁਰ ਬਾਬਾ ਬੰਦਾ ਸਿੰਘ ਅਤੇ ਥੋੜਾ ਹੋਰ ਅੱਗੇ ਮਿਸਲਾਂ ਤੱਕ ਦਾ ਇਤਿਹਾਸ ਦੇਖਦੇ ਹਾਂ ਅਤੇ ਉਸ ਦੀ ਤੁਲਨਾ ਅੱਜ ਦੇ ਸਿੱਖ ਇਤਿਹਾਸ ਨਾਲ ਕਰਦੇ ਹਾਂ ਤਾਂ ਸਾਡਾ ਸਿਰ ਆਪ ਮੁਹਾਰੇ ਹੀ ਸ਼ਰਮ ਨਾਲ ਝੁੱਕ ਜਾਂਦਾ ਹੈ ਜਦੋਂ ਅਸੀਂ ਦੇਖਦੇ ਜਾਂ ਪੜ੍ਹਦੇ ਹਾਂ ਕਿ ਅਸੀਂ ਓਸ ਸਿੱਖੀ ਦੀ ਅੰਸ਼ ਹਾਂ ਜਿਸ ਸਿੱਖੀ ਨੇ ਆਪਣੇ ਗਿਆਰਵੇਂ ਗੁਰੂ ਤੋਂ ਸਿੱਖਿਆ ਲੈ ਕੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ, 1746 ਦੇ ਛੋਟੇ ਘਲੂਘਾਰੇ ਵਿਚ 10,000 ਸਿੰਘ ਸ਼ਹੀਦ ਹੋਣ ਦੇ ਅਤੇ 1762 ਦੇ ਵੱਡੇ ਘੱਲੂਘਾਰੇ ਵਿਚ 30,000 ਸਿੰਘ ਸ਼ਹੀਦ ਹੋਣ ਦੇ ਬਾਵਜੂਦ ਯਹੀਆ ਖਾਨ ਅਤੇ ਅਹਿਮਦਸ਼ਾਹ ਅਬਦਾਲੀ ਤੋਂ ਹਾਰ ਨਹੀਂ ਸੀ ਮੰਨੀ ਸਗੋਂ ਜੂਨ 1762 ਵਿਚ ਜਦੋਂ ਅਹਿਮਦਸ਼ਾਹ ਅਬਦਾਲੀ ਦੀ ਫੌਜ ਨੇ ਹਰਿਮੰਦਰ ਸਾਹਿਬ 'ਤੇ ਹਮਲਾ ਕੀਤਾ ਅਤੇ ਜਦੋਂ ਉਹ ਵਾਪਸ ਚਲੇ ਗਏ ਤਾਂ ਸਿੰਘਾਂ ਨੇ ਪਿਛਾ ਕਰਕੇ ਫੌਜ ਨੂੰ ਫੜ ਕੇ ਵਾਪਸ ਲਿਆਂਦਾ ਅਤੇ ਉਨ੍ਹਾਂ ਤੋਂ ਸਰੋਵਰ ਦੀ ਸਫਾਈ ਅਤੇ ਹਰਿਮੰਦਰ ਸਾਹਿਬ ਦਾ ਮਲਬਾ ਸਾਫ ਕਰਵਾ ਕੇ ਬਿਨਾਂ ਕਿਸੇ ਨੁਕਸਾਨ ਦੇ ਵਾਪਸ ਭੇਜਿਆ। ਅੱਜ ਜਦੋਂ ਸਿੱਖਾਂ ਦੀ ਗਿਣਤੀ ਦੁਨੀਆਂ ਭਰ ਵਿਚ ਲਗ-ਭਗ 27 ਮਿਲੀਅਨ ਦਸੀ ਜਾਂਦੀ ਹੈ ਜੋ ਦੁਨੀਆਂ ਦੀ ਆਬਾਦੀ ਦਾ 0.39% ਭਾਗ ਹੈ। ਸਾਰੇ ਭਾਰਤ ਵਿਚ ਸਿੱਖ 27 ਮਿਲੀਅਨ ਦੀ ਗਿਣਤੀ ਵਿਚੋਂ ਕੇਵਲ 07% ਸਿੱਖ ਪੰਜਾਬ ਨੂੰ ਛੱਡ ਕੇ ਭਾਰਤ ਦੇ ਹੋਰ ਸੂਬਿਆਂ ਵਿਚ ਵਸਦੇ ਹਨ। ਪੰਜਾਬ ਵਿਚ 76% ਸਿੱਖ ਅਤੇ 24% ਹੋਰ ਧਰਮਾਂ ਦੇ ਲੋਕ ਵਸਦੇ ਹਨ। ਇਸ ਲਈ ਸਮੁੱਚੇ ਭਾਰਤ ਵਿਚ ਪੰਜਾਬ ਸਿੱਖਾਂ ਦੀ ਬਹੁ-ਗਿਣਤੀ ਵਾਲਾ ਸੂਬਾ ਹੈ ਫੇਰ ਵੀ ਪੰਜਾਬ ਦੀਆਂ ਰਾਜਨੀਤਕ ਸਰਕਾਰਾਂ ਸਿੱਖਾਂ ਨਾਲ ਦੋ ਨੰਬਰ ਦੇ ਸ਼ਹਿਰੀਆਂ ਵਾਲਾ ਵਰਤਾਵਾ ਕਰਦੀਆਂ ਹਨ। ਦੁਨੀਆਂ ਦੇ ਹੋਰ ਦੇਸ਼ਾਂ ਵਿਚ ਸਿੱਖਾਂ ਦੀ ਗਿਣਤੀ ਕੇਵਲ 17% ਹੈ। ਇਤਨੀ ਆਬਾਦੀ ਦੇ ਨਾਲ ਨਾਲ ਗੁਰੂ ਘਰਾਂ ਦੀਆਂ ਇਮਾਰਤਾਂ ਵੀ ਅਨਗਿਣਤ ਬਣ ਗਈਆਂ ਹਨ ਜਿਨ੍ਹਾਂ ਵਿਚ ਲਗ-ਪਗ ਦਿਨ ਵਿਚ 16 ਘੰਟੇ ਸਿੱਖ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਪ੍ਰਕਾਸ਼ਮਾਨ ਹੁੰਦੇ ਹਨ ਅਤੇ ਸਿੱਖ ਸ਼ਰਧਾਲੂ ਵੀ ਲੱਖਾਂ ਦੀ ਗਿਣਤੀ ਵਿਚ ਜਾਂਦੇ ਹਨ। ਫਿਰ ਵੀ ਅੱਜ ਦਾ ਸਿੱਖ ਇਸ ਅਲਾਹੀ ਬਾਣੀ, ਰੱਬੀ ਬਾਣੀ, ਧੁਰੋਂ ਆਈ ਬਾਣੀ ਅਤੇ ਗੁਰੂਆਂ ਦੀ ਬਾਣੀ ਤੋਂ ਕੋਈ ਸਿੱਖਿਆ ਨਹੀਂ ਲੈ ਰਿਹਾ ਸਗੋਂ ਆਪਣਾ ਸਮਾਂ (ਜੀਵਨ) ਗੁਰੂ-ਘਰਾਂ ਦੀਆਂ ਕਮੇਟੀਆਂ ਦੀਆਂ ਚੌਧਰਾਂ ਸੰਭਾਲਣ ਵਿਚ ਅਤੇ ਰੱਬੀ ਬਾਣੀ ਦੇ ਸ਼ੁੱਧ, ਅਸ਼ੁੱਧ ਉਚਾਰਨ ਅਤੇ ਕਥਾ ਕੀਰਤਨ ਰਾਹੀਂ ਇਲਾਹੀ ਬਾਣੀ ਦੀ ਵਿਆਖਿਆ ਪਿਛੇ ਭੱਜ-ਭੱਜ ਕੇ ਆਪਣੇ ਆਪ ਨੂੰ ਪੜ੍ਹਾਕੂਆਂ ਦੀ ਕਤਾਰ ਦਾ ਮੋਹਰੀ ਸਾਬਤ ਕਰਨ ਦੀ ਕੋਸ਼ਿਸ਼ ਵਿਚ ਸਾਰਾ ਜੀਵਨ ਗਵਾ ਲੈਂਦਾ ਹੈ, ਜਦੋਂ ਕਿ ਦੂਸਰੇ ਧਰਮਾਂ ਦੇ ਲੋਕ ਸਿੱਖੀ ਦੇ ਇਸ ਗ੍ਰੰਥ ਨੂੰ ਵੱਧ ਮਹਾਨਤਾ ਦੇ ਰਹੇ ਹਨ ਜਿਸਦੇ ਦੋ ਮੁੱਖ ਕਾਰਨ ਹਨ। ਪਹਿਲਾ ਮਹੱਤਵ ਪੂਰਨ ਕਾਰਨ ਹੈ ਕਿ ਇਸ ਗ੍ਰੰਥ ਨੂੰ ਗੁਰੂ ਸਾਹਿਬਾਨ ਨੇ ਆਪਣੇ ਜੀਵਨ-ਕਾਲ ਵਿੱਚ ਅਤੇ ਆਪਣੀ ਦੇਖ-ਰੇਖ ਹੇਠ ਸੰਪੂਰਨ ਕਰਵਾਇਆ ਹੈ ਅਤੇ ਨੌਂ ਗੁਰੂ ਸਾਹਿਬਾਨ ਤੋਂ ਬਾਅਦ ਦਸਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸੰਗਤ ਦੀ ਹਾਜਰੀ ਵਿਚ ਛੇ ਗੁਰੂ ਸਾਹਿਬਾਨ, ਪੰਦਰਾਂ ਭਗਤਾਂ ਅਤੇ ਭੱਟਾਂ ਦੀ ਧੁਰੋਂ ਆਈ ਬਾਣੀ ਦੇ ਸੰਗ੍ਰਿਹ, ਗ੍ਰੰਥ ਨੂੰ ਠੀਕ ਉਸ ਪ੍ਰਥਾ ਅਨੁਸਾਰ ਹੀ ਗੁਰ-ਗੱਦੀ ਦਿਤੀ ਸੀ ਜੋ ਪ੍ਰਥਾ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਨੇ ਚਲਾਈ ਸੀ ਅਤੇ ਸਿੱਖਾਂ ਨੂੰ ਦੇਹਧਾਰੀ ਗੁਰੂ ਦੀ ਜਗ੍ਹਾ ਸਬਦ-ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਕੇ ਆਪਣੇ ਸਾਰੇ ਦੁੱਖਾਂ ਅਤੇ ਸੁੱਖਾਂ ਦੇ ਪ੍ਰਸ਼ਨਾਂ ਦੇ ਉੱਤਰ ਲੱਭਣ ਦੀ ਪ੍ਰੇਰਨਾਂ ਕੀਤੀ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਬਦਾਂ ਅਨੁਸਾਰ ਆਪਣਾ ਜੀਵਨ ਢਾਲਣ ਦੀ ਸਿੱਖਿਆ ਵੀ ਦਿਤੀ ਸੀ। ਦੂਜਾ ਕਾਰਨ ਹੈ ਕਿ ਸਿੱਖ ਧਰਮ ਇਕ ਵਿਸ਼ਵ-ਵਿਆਪੀ, ਸਾਰੀ ਇਨਸਾਨੀਅਤ ਲਈ ਵਿਸ਼ਵਾਸ ਦਾ ਸੰਦੇਸ਼ ਹੈ। ਇਸ ਵਿਚ ਛੇ ਗੁਰੂ ਸਾਹਿਬਾਨ ਅਤੇ ਪੰਦਰਾਂ ਭੱਗਤਾਂ ਅਤੇ ਭੱਟਾਂ ਦੀਆਂ ਲਿੱਖਤਾਂ ਵਿਚ ਦਰਸਾਇਆ ਗਿਆ ਹੈ ਕਿ ਸਿੱਖ ਨੂੰ ਆਪਣੀ ਨਿਹਚਾ ਕਿਸੇ ਹੋਰ ਧਰਮ ਵਿਚ ਲਾਉਣ ਨੂੰ ਛੱਡ ਕੇ ਆਪਣੇ ਧਰਮ ਦੇ ਸਬੰਧ ਵਿਚ ਸੋਚਣਾਂ ਚਾਹੀਦਾ ਹੈ। ਹੇਠ ਕੁੱਝ ਇਕ ਗੈਰ-ਸਿੱਖ ਵਿਦਿਵਾਨਾਂ ਦੇ ਵਿਚਾਰ ਹਨ ਜਿਨ੍ਹਾਂ ਨੇ ਸਿੱਖ ਧਰਮ ਬਾਰੇ ਪੜ੍ਹਿਆ ਜਾਂ ਸੁਣਿਆ ਹੈ:

### ਯੂਨੀਵਸਟੀ ਪ੍ਰੋਫੈਸਰ:

ਸਿੱਖ ਧਰਮ ਦੇ ਫ਼ਲਸਫ਼ੇ ਦੀ ਚੰਗੀ ਤਰ੍ਹਾਂ ਪੜਚੋਲ ਕਰਨ ਤੋਂ ਬਾਅਦ, ਇਕ ਚੰਗੀ ਤਰ੍ਹਾਂ ਜਾਣੇ ਜਾਂਦੇ ਪ੍ਰੋਫੈਸਰ ਰਿਵ ਐਚ. ਐਲ. ਬ੍ਰੈਡਸ਼ਾਹ ਨੇ ਕਿਹਾ ਹੈ ਕਿ ਸਿੱਖ ਧਰਮ ਇਕ ਵਿਸ਼ਵ-ਵਿਆਪੀ, ਸਾਰੀ ਇਨਸਾਨੀਅਤ ਲਈ ਵਿਸ਼ਵਾਸ ਦਾ ਸੰਦੇਸ਼ ਹੈ। ਇਸ ਨੂੰ ਗੁਰੂ ਸਾਹਿਬਾਨ ਦੀਆਂ ਲਿਖਤਾਂ ਵਿੱਚ ਦਰਸਾਇਆ ਗਿਆ ਹੈ ਕਿ ਸਿੱਖਾਂ ਨੂੰ ਆਪਣੀ ਨਿਹਚਾ ਕਿਸੇ ਹੋਰ ਚੰਗੇ ਧਰਮ ਵਿੱਚ ਲਾਉਣ ਨੂੰ ਛੱਡ ਦੇਣਾ ਚਾਹੀਦਾ ਹੈ ਅਤੇ ਇਸ ਨਵੇਂ ਯੁੱਗ ਲਈ ਸਿੱਖ ਹੋਣ ਦੇ ਨਾਤੇ ਸਿੱਖ ਧਰਮ ਦੇ ਸਬੰਧ ਵਿੱਚ ਸੋਚਣਾ ਸ਼ੁਰੂ ਕਰਨਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਚਾਰਿਆ ਗਿਆ ਧਰਮ ਨਵੀਂ ਉਮਰ ਦੀ ਨਿਹਚਾ ਦਾ ਧਰਮ ਹੈ। ਇਹ ਪੂਰੀ ਤਰ੍ਹਾਂ ਪੂਰਕ ਹੈ ਅਤੇ ਪੁਰਾਣੇ ਧਰਮਾਂ ਦੀਆਂ ਸਾਰੀਆਂ ਛੋਟਾਂ ਨੂੰ ਵੀ ਦੂਰ ਕਰਦਾ ਹੈ। ਲੋੜ ਹੈ ਪੁਸਤਕਾਂ ਰਾਹੀਂ ਇਸ ਨੂੰ ਸਾਬਤ ਕੀਤੇ ਜਾਣ ਦੀ। ਦੂਸਰੇ ਧਰਮਾਂ ਵਿੱਚ ਵੀ ਸੱਚ ਹੁੰਦਾ ਹੈ, ਪਰ ਸਿੱਖ ਧਰਮ ਵਿੱਚ ਸੱਚ ਦੀ ਪੂਰਨਤਾ ਸ਼ਾਮਲ ਹੈ।" ਬ੍ਰੈਡਸ਼ਾਹ ਨੇ ਇਹ ਵੀ ਕਿਹਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਸਾਰੇ ਸੰਸਾਰ ਦੇ ਧਰਮਾਂ ਅਤੇ ਸੰਸਾਰ ਦੇ ਅਣਗਿਣਤ ਬ੍ਰਹਿਮੰਡਾਂ ਬਾਰੇ ਵੀ ਦਸਦੇ ਹਨ ਜਿਹਨਾਂ ਵਿਚੋਂ ਅੱਜ ਤੱਕ ਕੁੱਝ ਲੱਭੇ ਜਾ ਚੁਕੇ ਹਨ ਅਤੇ ਦੂਸਰਿਆਂ ਬਾਰੇ ਖੋਜ ਚੱਲ ਰਹੀ ਹੈ। ਪਹਿਲੀਆਂ ਲਿੱਖਤਾਂ ਕੇਵਲ ਇਸ ਦੁਨੀਆਂ ਅਤੇ ਇਸ-ਦੀਆਂ ਰੂਹਾਨੀ ਹਮ-ਰੁਤਬਾ ਗਲਾਂ ਨਾਲ ਹੀ ਸੰਬੰਧ ਰੱਖਦੀਆਂ ਸਨ। ਇਹ ਸੰਕੇਤ ਲਾਗੂ ਕਰਨ ਲਈ ਕਿ ਉਹਨਾਂ ਨੇ ਹੋਰ ਦੁਨਿਆਵੀ ਲੋਕਾਂ ਬਾਰੇ ਗੱਲ ਕੀਤੀ ਹੈ, ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਵਿੱਚ, ਇਸ ਵਿੱਚ ਪ੍ਰਸੰਗ ਤੋਂ ਬਾਹਰ, ਆਪਣਾ ਸਪੱਸ਼ਟ ਮਤਲਬ ਫੈਲਾਉਣਾ ਵੀ ਹੈ। ਸਿੱਖ ਧਰਮ ਅਸਲ ਵਿੱਚ ਆਧੁਨਿਕ ਮਨੁੱਖ ਦੀਆਂ ਸਮੱਸਿਆਵਾਂ ਦਾ ਜੁਆਬ ਹੈ। ਆਰਚਰ ਨੇ ਵੀ ਬਿਲਕੁਲ ਸਹੀ ਟਿੱਪਣੀ ਕੀਤੀ ਹੈ, "ਆਦਿ ਗਰੰਥ ਦਾ ਧਰਮ ਇਕ ਵਿਆਪਕ ਅਤੇ ਅਮਲੀ ਧਰਮ ਹੈ.... ਸਿੱਖਾਂ ਦੇ ਪ੍ਰਾਚੀਨ ਪੱਖਪਾਤ ਦੇ ਕਾਰਨ ਇਹ ਸੰਸਾਰ ਵਿੱਚ ਫੈਲ ਨਹੀਂ ਸਕਿਆ। ਅੱਜ ਦੇ ਸੰਸਾਰ ਨੂੰ ਸ਼ਾਂਤੀ ਅਤੇ ਪਿਆਰ ਦੇ ਸੰਦੇਸ਼ ਦੀ ਜ਼ਰੂਰਤ ਹੈ।"



### ਨੋਬਲ ਪੁਰਸਕਾਰ ਜੇਤੂ:

ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਅਨੁਵਾਦ ਤੇ ਆਪਣੀ ਟਿੱਪਣੀ ਦਿੰਦੇ ਹੋਏ ਮਿਸ ਪਰਲ ਐਸ. ਬੱਕ, ਇਕ ਨੋਬਲ ਪੁਰਸਕਾਰ ਜੇਤੂ, ਨੇ ਲਿਖਿਆ, "ਮੈਂ ਮਹਾਨ ਧਰਮਾਂ ਦੇ ਗ੍ਰੰਥਾਂ ਦਾ ਅਧਿਐਨ ਕੀਤਾ ਹੈ, ਪ੍ਰੰਤੂ ਮੈਨੂੰ ਹੋਰ ਕਿਤੇ ਵੀ ਅਜਿਹੀ ਦਿਲ ਅਤੇ ਦਿਮਾਗ ਨੂੰ ਸ਼ਾਂਤ ਕਰਨ ਵਾਲੀ ਅਪੀਲ ਨਹੀਂ ਮਿਲਦੀ ਜਿਹੜੀ ਮੈਂ ਇਸ ਗਰੰਥ ਵਿੱਚ ਦੇਖਦੀ ਹਾਂ। ਇਸਦੇ ਆਪਣੀ ਲੰਬਾਈ ਦੇ ਬਾਵਜੂਦ ਅਜਿਹੇ ਸੰਖੇਪ ਵੀ ਹਨ ਜੋ ਮਨੁੱਖੀ ਦਿਮਾਗ ਦੀ ਵਿਸ਼ਾਲ ਪਹੁੰਚ ਨਾਲ ਪ੍ਰਗਟ ਹੋ ਜਾਂਦੇ ਹਨ ਜੋ ਕਿ ਪਰਮਾਤਮਾ ਦੇ ਸਭ ਤੋਂ ਉੱਤਮ ਸੱਭਿਆਚਾਰ ਦੇ ਭਿੰਨ ਸਿਧਾਂਤਾਂ ਦੀ ਮਾਨਤਾ ਪ੍ਰਾਪਤ ਕਰਨ ਅਤੇ ਅਸਲ ਵਿੱਚ ਮਨੁੱਖੀ ਸਰੀਰ ਦੀਆਂ ਵਿਹਾਰਕ ਲੋੜਾਂ ਤੇ ਜ਼ੋਰ ਵੀ ਦਿੰਦੇ ਹਨ। ਇਨ੍ਹਾਂ ਹਵਾਲਿਆਂ ਬਾਰੇ ਅਜੀਬ ਜਿਹੀ ਕੋਈ ਅਜੀਬੋ-ਗਰੀਬ ਚੀਜ਼ ਵੀ ਹੈ ਅਤੇ ਇਸਦੀ ਮੈਨੂੰ ਉਦੋਂ ਤੱਕ ਹੈਰਾਨੀ ਸੀ ਜਦੋਂ ਤੱਕ ਮੈਨੂੰ ਇਹ ਪਤਾ ਨਾ ਲਗਿਆ ਕਿ ਇਹ ਅਸਲ ਵਿੱਚ 16 ਵੀਂ ਸਦੀ ਤੱਕ ਦੇ ਰੂਪ ਵਿੱਚ ਸੰਕਲਨ ਕੀਤਾ ਮੁਕਾਬਲਤਨ ਆਧੁਨਿਕ ਫਲਸਫਾ ਹੈ ਜਦੋਂ ਖੋਜਕਰਤਾਵਾਂ ਵਲੋਂ ਦੁਨੀਆਂ ਦੀ ਖੋਜ ਦੀ ਸ਼ੁਰੂਆਤ ਕੀਤੀ ਗਈ ਸੀ, ਜਿਸ ਉੱਤੇ ਅਸੀਂ ਸਾਰੇ ਰਹਿੰਦੇ ਹਾਂ, ਇਕ ਹਸਤੀ ਜੋ ਸਾਡੇ ਆਪਣੇ ਨਿਰਮਾਣ ਦੀਆਂ ਮਨਮਾਨੀਆਂ ਵਾਲੀਆਂ ਰੇਖਾਵਾਂ ਨਾਲ ਵੰਡੀ ਗਈ ਹੈ, ਸ਼ਾਇਦ ਏਕਤਾ ਦਾ ਇਹ ਭਾਵ ਜੋ ਮੈਂ ਇਸ ਵਿੱਚ ਦੇਖਿਆ ਹੈ, ਸ਼ਕਤੀ ਦਾ ਇਕ ਸੋਮਾ ਹੈ। ਉਹ ਕਿਸੇ ਵੀ ਧਰਮ ਦੇ ਲੋਕਾਂ ਨਾਲ ਗਲਾਂ ਕਰਦੇ ਹਨ। ਉਹ ਮਨੁੱਖੀ ਦਿਲ ਅਤੇ ਖੋਜੀ ਮਨ ਲਈ ਬੋਲਦੇ ਹਨ।"

### ਇਤਿਹਾਸਕਾਰ:

ਅਰਨੋਲਡ ਟੌਂਏਂਬੀ, ਇਕ ਇਤਿਹਾਸਕਾਰ ਹੋਇਆ, ਜਿਸ ਨੇ ਸਭਿਆਚਾਰਾਂ ਦੀ ਤੁਲਨਾ ਕਰਨ ਵਿੱਚ ਬਹੁਤ ਕੰਮ ਕੀਤਾ। ਉਹ ਲਿੱਖਦਾ ਹੈ, "ਮਨੁੱਖਜਾਤੀ ਦਾ ਧਾਰਮਿਕ ਭਵਿੱਖ ਅਸਪਸ਼ਟ ਹੋ ਸਕਦਾ ਹੈ, ਫਿਰ ਵੀ ਇਕ ਗੱਲ ਦੇਖੀ ਜਾ ਸਕਦੀ ਹੈ, ਚਲ ਰਹੇ ਧਰਮ ਪਹਿਲਾਂ ਨਾਲੋਂ ਵੱਧ ਇਕ ਦੂਜੇ ਨੂੰ ਸੰਸਾਰ ਦੇ ਸਾਰੇ ਹਿੱਸਿਆ ਵਿਚਕਾਰ ਅਤੇ ਵਧਦੇ ਸੰਚਾਰ ਦੇ ਦਿਨਾਂ ਵਿੱਚ ਅਤੇ ਮਨੁੱਖ ਜਾਤੀ ਦੀਆਂ ਜੜ੍ਹਾਂ ਪ੍ਰਭਾਵਿਤ ਕਰਨ ਤੇ ਲਗੇ ਹੋਏ ਹਨ। ਇਸ ਆਧੁਨਿਕ ਧਾਰਮਿਕ ਬਹਿਸ ਵਿੱਚ, ਸਿੱਖ ਧਾਰਮਿਕ ਬਹਿਸ, ਸਿੱਖ ਧਰਮ ਅਤੇ ਇਸਦੇ ਗ੍ਰੰਥ, ਆਦਿ ਗ੍ਰੰਥ, ਬਾਕੀ ਸੰਸਾਰ ਨੂੰ ਸਿੱਖਿਆ ਦੇਣ ਲਈ ਵਿਸ਼ੇਸ਼ ਹੋਣਗੇ।"

### ਵਿਸ਼ਵ ਪ੍ਰਸਿੱਧ ਆਜਾਦ ਚਿੰਤਕ:

ਬਰਟਰੈਂਡ ਰਸਲ ਇਕ ਮਹਾਨ ਦਾਰਸ਼ਨਿਕ ਅਤੇ ਮੁੱਖ ਚਿੰਤਕ ਸਨ ਅਤੇ ਕਿਹਾ ਜਾਂਦਾ ਹੈ ਕਿ ਉਸਨੇ ਈਸਾਈ ਧਰਮ ਨੂੰ (ਉਸੇ ਤਰ੍ਹਾਂ ਹੀ ਇਸਲਾਮ ਅਤੇ ਯਹੂਦੀ ਧਰਮ ਤੇ ਲਾਗੂ ਕੀਤਾ ਸੀ)। ਪਰ, ਸਿੱਖ ਧਰਮ ਬਾਰੇ ਇਸ ਮਹਾਨ ਆਦਮੀ ਨੇ ਕਿਹਾ,"ਜੇ ਕੁਝ ਭਾਗਸ਼ਾਲੀ ਪੁਰਸ਼ ਐਟਮੀ ਅਤੇ ਹਾਈਡਰੋਜਨ ਬੰਬ ਦੇ ਤੀਜੇ ਵਿਸ਼ਵ ਯੁੱਧ ਦੇ ਹਮਲੇ ਤੋਂ ਬਚਦੇ ਹਨ, ਤਾਂ ਸਿੱਖ ਧਰਮ ਉਨ੍ਹਾਂ ਨੂੰ ਅਗਵਾਈ ਦੇਣ ਦਾ ਇੱਕੋ-ਇੱਕ ਸਾਧਨ ਹੋਵੇਗਾ।" ਜਦੋਂ ਰਸਲ ਤੋਂ ਪੁੱਛਿਆ ਗਿਆ ਕਿ ਉਹ ਤੀਜੇ ਵਿਸ਼ਵ ਯੁੱਧ ਬਾਰੇ ਗੱਲ ਕਰ ਰਿਹਾ ਸੀ, ਪਰ ਕੀ ਇਹ ਧਰਮ ਤੀਜੇ ਵਿਸ਼ਵ ਯੁੱਧ ਤੋਂ ਪਹਿਲਾਂ ਮਨੁੱਖਤਾ ਦੀ ਅਗਵਾਈ ਕਰਨ ਦੇ ਸਮਰੱਥ ਨਹੀਂ ਹੈ? ਰਸਲ ਨੇ ਕਿਹਾ,"ਹਾਂ, ਇਸ ਦੀ ਸਮਰੱਥਾ ਹੈ, ਪਰ ਸਿਖਾਂ ਨੇ, ਇਸ ਧਰਮ ਦੇ ਸ਼ਾਨਦਾਰ ਸਿਧਾਂਤ ਜੋ ਸਾਰੀ ਮਨੁੱਖਜਾਤੀ ਦੇ ਭਲੇ ਲਈ ਹੋਂਦ ਵਿੱਚ ਆ ਸਕਦੇ ਹਨ, ਉਨ੍ਹਾਂ ਨੂੰ ਦਿਨ ਦੀ ਰੋਸ਼ਨੀ ਵਿੱਚ ਨਹੀਂ ਲਿਆਂਦਾ। ਇਹ ਉਹਨਾਂ ਦਾ ਵੱਡਾ ਪਾਪ ਹੈ ਅਤੇ ਸਿੱਖ ਇਸ ਤੋਂ ਆਜ਼ਾਦ ਨਹੀਂ ਹੋ ਸਕਦੇ।"

### ਅਮਰੀਕਾ ਦਾ ਪ੍ਰਧਾਨ ਜੌਰਜ ਬੁਸ਼:

"ਸਾਡੀ ਕੌਮ ਨੇ ਹਮੇਸ਼ਾਂ ਧਰਮ ਦੀ ਮਜ਼ਬੂਤ ਪਰੰਪਰਾ ਤੋਂ ਲਾਭ ਪ੍ਰਾਪਤ ਕੀਤਾ ਹੈ ਅਤੇ ਧਾਰਮਿਕ ਵਿਭਿੰ-ਨਤਾ ਇਸ ਵਿਰਾਸੱਤ ਦਾ ਇਕ ਅਹਿਮ ਹਿੱਸਾ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਨੇ ਅਮਰੀਕਾ ਵਸਦੇ ਲੱਖਾਂ ਸਿੱਖਾਂ ਨੂੰ ਅਤੇ ਦੁਨੀਆ ਭਰ ਵਿੱਚ ਵਸਦੇ ਲੱਖਾਂ ਹੋਰਨਾਂ ਨੂੰ ਤਾਕਤ, ਬੁੱਧੀ ਅਤੇ ਅਗਵਾਈ ਪ੍ਰਦਾਨ ਕੀਤੀ ਹੈ। ਮੈਂ ਸਿੱਖ ਸਮੁਦਾਏ ਦੀ ਆਪਣੇ ਧਰਮ ਪ੍ਰਤਿ ਦ੍ਰਿੜਤਾ, ਨਿਹਚਾ ਅਤੇ ਸਮਰਪਣ ਦੀ ਪ੍ਰਸੰਸਾ ਕਰਦਾ ਹਾਂ। ਇਹ ਸ਼ਾਂਤੀ, ਸਮਾਨਤਾ ਅਤੇ ਪਰਿਵਾਰ ਦੀ ਮਹੱਤਤਾ ਬਾਰੇ ਆਪਣੇ ਸੰਦੇਸ਼ ਨੂੰ ਸਾਂਝਾ ਕਰਕੇ, ਇਕ ਸਮੇਂ ਇਕ ਜਿੰਦਗੀ, ਇਕ ਦਿਲ ਅਤੇ ਇਕ ਰੂਹ ਨੂੰ ਬਦਲਣ ਵਿੱਚ ਮਦਦ ਕਰਦਾ ਹੈ।"

### ਸਿਖਿਜ਼ਮ ਵਿਦਵਾਨ:

ਯੂ. ਕੇ. ਦੇ ਡਾ. ਡਬਲਯੂ. ਓ. ਕੋਲ, ਨੇ ਸਿੱਖ ਧਰਮ ਤੇ ਅੱਧੀ ਦਰਜਨ ਕਿਤਾਬਾਂ ਲਿਖੀਆਂ ਹਨ। ਕੈਨੇਡਾ ਵਿੱਚ ਇਕ ਲੈਕਚਰ ਦੇ ਬਾਦ, ਉਸ ਤੋਂ ਪੁੱਛਿਆ ਗਿਆ ਸੀ ਕਿ ਉਸ ਨੂੰ ਸਿੱਖੀ ਦਾ ਅਧਿਐਨ ਕਰਨ ਬਾਰੇ ਕਿਸ ਸ਼ੈ ਤੋ ਪ੍ਰੇਰਨਾ ਮਿਲੀ ਸੀ। ਉਤਰ ਵਿੱਚ ਉਸਨੇ ਕਿਹਾ, "ਧਰਮ ਸਾਸ਼ਤਰ ਦੀ ਦਰਿਸ਼ਟੀ ਤੋਂ, ਮੈਂ ਇਸ ਸਵਾਲ ਦਾ ਜਵਾਬ ਨਹੀਂ ਦੇ ਸਕਦਾ ਕਿ ਮੈ ਸਿੱਖ ਧਰਮ ਦੇ ਅਧਿਐਨ ਵੱਲ ਕਿਵੇਂ ਖਿਚਿਆ ਗਿਆ। ਤੁਸੀਂ ਇਸਨੂੰ ਪ੍ਰਮੇਸ਼ਰ ਦੇ ਉਦੇਸ਼ ਦਾ ਸੱਦਾ ਕਹਿ ਸਕਦੇ ਹੋ। ਪ੍ਰੰਤੂ ਸੱਭ ਤੋਂ ਖਾਸ ਗੱਲ ਸਿੱਖ ਧਰਮ ਵਿੱਚ ਸਰਵ ਵਿਆਪਕਤਾ ਦੀ ਵਿਲੱਖਣ ਧਾਰਨਾ ਅਤੇ ਲੰਗਰ (ਮੁਫ਼ਤ ਭਾਈਚਾਰਿਕ ਭੋਜਨ) ਦੀ ਪ੍ਰਣਾਲੀ ਦੋ ਵਿਸ਼ੇਸ਼ਤਾਵਾਂ ਹਨ ਜੋ ਮੈਨੂੰ ਸਿੱਖ ਧਰਮ ਦੇ ਅਧਿਐਨ ਵੱਲ ਆਕਰਸ਼ਿਤ ਕਰਦੀਆਂ ਹਨ।

ਲੰਗਰ ਸਿੱਖ ਧਰਮ ਦੀ ਇਕ ਖਾਸ ਵਿਸ਼ੇਸ਼ਤਾ ਹੈ ਅਤੇ ਦੁਨੀਆਂ ਵਿੱਚ ਕਿਸੇ ਵੀ ਹੋਰ ਧਰਮ ਵਿੱਚ ਨਹੀਂ ਪਾਈ ਗਈ। ਸਿੱਖ ਧਰਮ ਇਕੋ ਇਕ ਧਰਮ ਹੈ ਜੋ ਹਰ ਜਾਤ, ਜਾਤੀ, ਰੰਗ ਜਾਂ ਲਿੰਗ ਦੇ ਭੇਦ ਭਾਵ ਤੋਂ ਰਹਿਤ ਲੰਗਰ ਲਈ ਹਰ ਇਕ ਦਾ ਸਵਾਗਤ ਕਰਦਾ ਹੈ।"

### ਦਲਾਈ ਲਾਮਾ:

ਤਿੱਬਤੀ ਆਤਮਿਕ ਆਗੂ, ਦਲਾਈ ਲਾਮਾ, ਅੰਮ੍ਰਿਤਸਰ ਵਿੱਚ ਸਵਰਨ ਮੰਦਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ (ਸਿੱਖ ਧਰਮ ਗ੍ਰੰਥ) ਦੀ ਸਥਾਪਨਾ ਦੀ 400 ਵੀਂ ਵਰ੍ਹੇ-ਗੰਢ ਦੇ ਸਮਾਗਮ ਤੇ ਹਰਿਮੰਦਰ ਸਾਹਿਬ (ਸਿੱਖ ਤੀਰਥ ਅਸਥਾਨ) ਤੇ ਨੱਤ-ਮਸਤਕ ਹੋਣ ਆਏ ਤਾਂ ਬਾਹਰ ਆ ਕੇ, ਤਿੱਬਤੀ ਆਤਮਿਕ ਆਗੂ, ਦਲਾਈ ਲਾਮਾ ਨੇ ਕਿਹਾ, "ਗੁਰੂ ਗ੍ਰੰਥ ਸਾਹਿਬ ਵਿੱਚ ਸਰਵ ਵਿਆਪਕ ਭਾਈਚਾਰੇ ਦੇ ਸੰਦੇਸ਼ ਅਤੇ ਸਾਰੀ ਮਨੁੱਖਤਾ ਦੀ ਭਲਾਈ ਦਾ ਜ਼ਿਕਰ ਹੈ।"

ਉਨ੍ਹਾਂ ਕਿਹਾ ਕਿ ਹਰੇਕ ਮਨੁੱਖ ਸਫਲ ਹੋਣਾ ਚਾਹੁੰਦਾ ਹੈ ਪਰ ਇਸ ਲਈ ਮਨ ਦੀ ਸ਼ਾਂਤੀ ਮਹੱਤਵ ਪੂਰਨ ਹੈ। "ਸ਼ਾਂਤੀ ਪੈਸੇ, ਤਾਕਤ, ਮਸ਼ੀਨਾਂ ਜਾਂ ਤਕਨੀਕੀ ਵਿਕਾਸ ਨਾਲ ਨਹੀਂ ਖਰੀਦੀ ਜਾ ਸਕਦੀ। ਇਹ ਕੇਵਲ ਪਿਆਰ, ਦਇਆ, ਸੇਵਾ ਅਤੇ ਮਨੁੱਖੀ ਕਦਰਾਂ ਨੂੰ ਰੌਸ਼ਨ ਕਰਨ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ। ਸਾਰੇ ਧਰਮਾਂ ਵਿੱਚ ਉੱਚੇ ਮੂੱਲ ਦੇ ਪ੍ਰਸਾਰ ਲਈ ਵਿਸ਼ੇਸ਼ ਭੂਮਿਕਾ ਹੁੰਦੀ ਹੈ ਅਤੇ ਇਸ ਭੂਮਿਕਾ ਦਾ ਪ੍ਰਸਾਰ ਗੁਰੂ ਗ੍ਰੰਥ ਸਾਹਿਬ ਵਿੱਚ ਬਹੁਤ ਸਾਰੇ ਪੰਨਿਆ ਤੇ ਮਿਲਦਾ ਹੈ।

ਮੈਂ ਸਿੱਖ ਨਹੀਂ ਹਾਂ ਪਰ ਮੈਂ ਸਾਰੇ ਧਰਮਾਂ ਦੀਆਂ ਸਾਰੀਆਂ ਪਰੰਪਰਾਵਾਂ ਅਤੇ ਕਦਰਾਂ ਦਾ ਆਦਰ ਕਰਦਾ ਹਾਂ ਜੋ ਸੰਸਾਰ ਭਰ ਵਿੱਚ ਦਇਆ, ਅਹਿੰਸਾ, ਪਿਆਰ ਅਤੇ ਸੇਵਾ ਸਿਖਾਉਂਦੀਆਂ ਹਨ। ਉਨ੍ਹਾਂ ਨੇ ਮਨੁੱਖ ਨੂੰ ਸਵੈ-ਵਿਚਾਰਨ ਦੀ ਅਪੀਲ ਕੀਤੀ ਕਿ ਲੋਕ ਹਰ ਧਰਮ ਵਿੱਚ ਕਿੰਨਾ ਕੁ ਸਿੱਖਿਆ ਦਾ ਪਾਲਣ ਕਰਦੇ ਹਨ।" ਉਨ੍ਹਾਂ ਇਹ ਵੀ ਕਿਹਾ ਕਿ ਮਨੁੱਖਤਾ ਦਾ ਉਦੇਸ਼ ਨਾ ਕੇਵਲ ਖੇਤਰੀ ਵਿਕਾਸ, ਸਗੋਂ ਆਤਮਿਕ ਵਿਕਾਸ ਅਤੇ ਮਾਨਸਿਕ ਸ਼ਾਂਤੀ ਵਿੱਚ ਵੀ ਹੋਣਾ ਚਾਹੀਦਾ ਹੈ।

### ਆਰਚਰ, ਇਕ ਵਿਦਵਾਨ:

ਆਰਚਰ ਨੇ ਸਿੱਖ ਧਰਮ ਬਾਰੇ ਆਪਣੀ ਪੁਸਤਕ ਵਿਚ ਲਿੱਖਿਆ, "ਮੈਂ ਮਹਾਨ ਧਰਮਾਂ ਦੇ ਗ੍ਰੰਥਾਂ ਦਾ ਅਧਿਐਨ ਕੀਤਾ ਹੈ, ਪਰ ਮੈਨੂੰ ਹੋਰ ਕਿਤੇ ਵੀ ਦਿਲ ਅਤੇ ਦਿਮਾਗ ਨੂੰ ਅਪੀਲ ਕਰਨ ਵਾਲੀ ਅਜਿਹੀ ਦੀਖਿਆ ਨਹੀਂ ਮਿਲਦੀ ਜਿਹੜੀ ਮੈਂ ਇਸ ਗ੍ਰੰਥ ਵਿੱਚ ਦੇਖਦਾ ਹਾਂ।


R.PAL SINGH TAX PROFESSIONAL

ENROLLED AGENT

BOOKKEEPING ACCOUNTS PAYROLLS

TAX-INDIVIDUAL FAMILY, BUSINESS, TRUCKING, BOOKKEEPING ACCOUNTS, PAY-ROLLS & INCORPORATION, INSURANCE LIFE Only-Agent. NOTARY, REAL ESTATE (SVA), EX-PECTING REFUND : GET MONEY BACK FAST!

E.A.

Open 7 Days
Weekends/Evenings
(Year Round Service)
Resonalbe Rates
Call for Appointment



CALL: R. PAL. SINGH EA- 510-750-3464

EA 00097224, CRTP A44237 Realtor#148514,

Insurance Life- Only Agent #0G76896

39159 Paseo Padre Pkwy # 103, Fremont, CA 94538

Email:singhrpal@sbeglobal.net Singhtax.com

N P Construction

ਕਿਸੇ ਵੀ ਕਿਸਮ ਦਾ ਘਰ ਬਣਾਉਣਾ ਹੋਵੇ, Addition ਕਰਾਉਣਾ ਹੋਵੇ Kitchen/ Bath room ਲਈ ਇਕ ਵਾਰ ਜ਼ਰੂਰ ਤਸੱਲੀਬਖਸ਼ ਕੰਮ ਲਈ ਗੱਲਬਾਤ ਕਰੋ।

ਨਵੇਂ ਘਰਾਂ ਦੇ ਨਾਲ ਪੁਰਾਣੇ ਘਰਾਂ ਦੀ ਮੁਰੰਮਤ, ਡੈਕੋਰੇਸ਼ਨ, ਘਰ ਦੀ ਕੋਈ ਵੀ ਚੀਜ਼ ਅਪਡੇਟ ਕਰਾਉਣ ਦੇ ਲਈ ਇਕ ਵਾਰ ਜ਼ਰੂਰ ਯਾਦ ਕਰੋ।

ਨਰਿੰਦਰ ਸਿੰਘ ਬਾਦਲ

CSLB 963299

ਯੂਨੀਅਨ ਸਿਟੀ (ਕੈਲੇਫੋਰਨੀਆ)

510-372-3215



# ਧਾਰਮਿਕ ਸਥਾਨਾਂ 'ਤੇ ਕਬਜ਼ੇ ਲਈ ਲੜਾਈਆਂ ਕਾਰਨ ਲੋਕਾਂ ਦਾ ਮੋਹ ਭੰਗ ਹੋ ਰਿਹੈ



ਬਲਰਾਜ ਸਿੰਘ ਸਿੱਧੂ
ਐਸ. ਪੀ.

ਕੋਈ ਸਮਾਂ ਸੀ ਜਦੋਂ ਵਿਦੇਸ਼ੀ ਹਮਲਾਵਰਾਂ ਦੁਆਰਾ ਸਾਡੇ ਧਾਰਮਿਕ ਅਸਥਾਨਾਂ ਦੀ ਬੇਅਦਬੀ ਕੀਤੀ ਜਾਂਦੀ ਸੀ। ਜੇਤੂ ਫੌਜ ਵੱਲੋਂ ਜਿੱਤ ਦੇ ਨਸ਼ੇ ਵਿੱਚ ਹਾਰੀ ਹੋਈ ਧਿਰ ਦੀ ਬੇਜ਼ਤੀ ਕਰਨੀ ਤਾਂ ਸਮਝ ਆਉਂਦੀ ਹੈ ਪਰ ਹੁਣ ਖੁਦ ਆਪਣੇ ਹੀ ਧਾਰਮਿਕ ਸਥਾਨਾਂ ਦੀ ਹੋ ਰਹੀ ਮਿੱਟੀ ਪਲੀਤ ਸਮਝ ਤੋਂ ਬਾਹਰ ਹੈ। ਕੁਝ ਦਿਨ ਪਹਿਲਾਂ ਹੀ ਬਰਨਾਲੇ ਜਿਲ੍ਹੇ ਦੇ ਇੱਕ ਡੇਰੇ ਦੇ ਕਬਜ਼ੇ ਲਈ ਖੂਨੀ ਜੰਗ ਹੋ ਕੇ ਹਟੀ ਹੈ। ਤਿੰਨ ਵਿਅਕਤੀਆਂ ਨੂੰ ਕਤਲ ਕਰ ਦਿੱਤਾ ਗਿਆ ਤੇ ਕਈ ਹਸਪਤਾਲ ਪਏ ਹਨ। ਕਈ ਸਾਲ ਪਹਿਲਾਂ ਪਟਿਆਲੇ ਦੇ ਇੱਕ ਡੇਰੇ ਨੂੰ ਲੈ ਕੇ ਹੋਈ ਮਾਰ ਕਾਟ ਵਿੱਚ ਅਨੇਕਾਂ ਵਿਅਕਤੀ ਅਣਿਆਈ ਮੌਤੇ ਮਾਰੇ ਗਏ ਸਨ। ਅੰਮ੍ਰਿਤਸਰ ਦੇ ਇੱਕ ਧਾਰਮਿਕ ਸਥਾਨ ਦੇ ਕਬਜ਼ੇ ਲਈ ਪੰਜ ਸਾਲਾ ਯੋਜਨਾ ਬਣਦੀ ਹੈ। ਚੋਣ ਨਤੀਜਿਆਂ ਦਾ ਐਲਾਨ ਹੁੰਦੇ ਸਾਰ ਜੇਤੂ ਰਾਜਨੀਤਕ ਪਾਰਟੀ ਦੀ ਸਮਰਥਕਕਮੇਟੀ ਕਬਜ਼ਾ ਸੰਭਾਲ ਲੈਂਦੀ ਹੈ। ਜੇ ਵਿਰੋਧੀ ਕਮੇਟੀ ਬੰਦਿਆਂ ਵਾਂਗ ਕਬਜ਼ਾਨਾ ਛੱਡੇ ਤਾਂ ਰੱਬ ਦੇ ਘਰਅੰਦਰ ਹੀਰੀਝ ਨਾਲ ਮਾਂਜਾ ਲਾਹਿਆ ਜਾਂਦਾ ਹੈ।

ਪੰਜਾਬੀ ਐਥੇ ਹੀ ਨਹੀਂ, ਬਲਕਿ ਵਿਦੇਸ਼ਾਂ ਵਿੱਚ ਵੀ ਛਿੱਤਰਾਂ 'ਚ ਦਾਲ ਵੰਡਣੋ ਨਹੀਂ ਹੱਟਦੇ। ਬਾਹਰ ਜਾ ਕੇ ਪਹਿਲਾਂ ਤਾਂ ਅਸੀਂ ਧਾਰਮਿਕ ਸਥਾਨ ਬਣਾਏ, ਫਿਰ ਕਮੇਟੀਆਂ ਬਣਾਈਆਂ ਤੇ ਫਿਰ ਪ੍ਰਧਾਨਗੀ 'ਤੇ ਕਬਜ਼ਾ ਜਮਾਉਣ ਲਈ ਲੜਾਈਆਂ ਸ਼ੁਰੂ ਕੀਤੀਆਂ। ਥੋੜ੍ਹੇ ਦਿਨ ਪਹਿਲਾਂ ਹੀ ਯੂਰਪ ਦੇ ਇੱਕ ਧਾਰਮਿਕ ਸਥਾਨ ਅੰਦਰ ਪੂਰੀ ਬੇਸ਼ਰਮੀ ਨਾਲ ਜੂਤ-ਪਤਾਣ ਹੋਇਆ ਹੈ। ਦੰਗਾਕਾਰੀਆਂ ਨੂੰ ਕਾਬੂ ਕਰਨ ਲਈ ਪੁਲਿਸ ਨੰਗੇ ਸਿਰ ਜੁੱਤੀਆਂ ਸਮੇਤ ਅੰਦਰ ਦਾਖਲ ਹੋਈ। ਖਬਰ ਆਈ ਕਿ ਸਾਰੇ ਯੂਰਪ ਦੇ ਧਾਰਮਿਕ ਸਥਾਨਾਂ ਦੀਆਂ ਕਮੇਟੀਆਂ ਅਤੇ ਸੰਗਠਨਾਂ ਨੇ ਪੁਲਿਸ ਦੇ ਇਸ ਉਘਟੀਆ ਵਤੀਰੇ" ਦੀ ਨਿਖੇਧੀ ਕੀਤੀ ਹੈ। ਪਰ ਕਿਸੇ ਵੀ ਸੰਗਠਨ ਨੇ ਇੱਕ ਦੂਸਰੇ ਦੀਆਂ ਪਗੜੀਆਂ ਪੈਰਾਂ ਹੇਠ ਰੋਲਣ ਵਾਲੇ ਸਿਆਣਿਆਂ ਦੀ ਨਿਖੇਧੀ ਨਹੀਂ ਕੀਤੀ। ਧਾਰਮਿਕ ਸਥਾਨ 'ਤੇ ਕਬਜ਼ਾ ਕਰਨ ਵੇਲੇ ਅੰਦਰ ਪਏ ਚੌਰਾਂ, ਕਿਰਪਾਨਾਂ, ਡਾਂਗਾਂ ਅਤੇ ਥੱਪੜ ਘਸੁੰਨਾਂ ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾਂਦੀ ਹੈ। ਬਜ਼ੁਰਗਾਂ, ਔਰਤਾਂ ਅਤੇ ਬੱਚਿਆਂ ਦੀ ਹਾਜ਼ਰੀ ਵਿੱਚ ਅਜਿਹੀਆਂ ਇਖਲਾਕ ਤੋਂ ਗਿਰੀਆਂ ਗੰਦੀਆਂ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ ਜੋ ਲੋਕ ਸ਼ਰਾਬਖਾਨੇ ਵਿੱਚ ਵੀ ਨਹੀਂ ਕੱਢਦੇ ਹੋਣੇ।

ਆਮ ਤੌਰ 'ਤੇ ਕਬਜ਼ਾ ਕਰਨ ਵੇਲੇ ਇਹ ਬਹਾਨਾ ਬਣਾਇਆ ਜਾਂਦਾ ਹੈ ਕਿ ਅਸੀਂ ਇਸ ਸਥਾਨ ਦੀ ਬੇਹਤਰ ਤਰੀਕੇ ਨਾਲ ਸੇਵਾ ਲਈ ਹੱਕ ਸੱਚ ਦੀ ਲੜਾਈ ਕਰ ਰਹੇ ਹਾਂ ਤੇ ਪਹਿਲੀ ਕਮੇਟੀ ਮਹਾਂ ਭ੍ਰਿਸ਼ਟਅਤੇ ਚਰਿੱਤਰਹੀਣ ਹੈ। ਪਰ ਅਸਲ ਵਿੱਚ ਸੇਵਾ ਦੀ ਤਲਬਗਾਰ ਕਮੇਟੀ ਦੀ ਗਿੱਧ ਅੱਖ ਡੇਰੇ ਦੀ ਸੌ ਪੰਜਾਹ ਏਕੜ ਜ਼ਮੀਨ ਅਤੇ ਲੱਖਾਂ ਦੇ ਚੜ੍ਹਾਵੇ 'ਤੇ ਹੁੰਦੀ ਹੈ। ਕਬਜ਼ਾ ਕਰਨ ਵੇਲੇ ਇਲਾਕੇ ਦੇ ਛਟੇ ਬਦਮਾਸ਼ਤੇ ਨਸ਼ਈ ਲਾਲਚ ਦੇ ਕੇ ਇਕੱਠੇ ਕੀਤੇ ਜਾਂਦੇ ਹਨ। ਲੜਾਈ ਲਈ ਲੈ ਕੇ ਜਾਣ ਤੋਂ ਪਹਿਲਾਂ ਉਹਨਾਂ ਨੂੰ ਨਸ਼ਿਆਂ ਨਾਲ ਗੁੱਟ ਕੀਤਾ ਜਾਂਦਾ ਹੈ। ਕਿਸੇ ਵੇਲੇ ਇੱਕ ਨਰਾਇਣ ਦਾਸ ਮਹੰਤ ਸੀ ਹੁਣ ਪਤਾ ਨਹੀਂ ਕਿੰਨੇ ਕੁ ਹੋ ਗਏ ਹਨ? ਪੁਲਿਸ ਜੇ ਧਾਰਮਿਕ ਅਸਥਾਨ 'ਤੇ ਸ਼ਾਂਤੀ ਬਰਕਰਾਰ ਰੱਖਣ ਲਈ ਜਾਵੇ ਤਾਂ ਉਸ 'ਤੇ ਹਜ਼ਾਰਾਂ ਪਾਬੰਦੀਆਂ ਹਨ। ਜੇ ਕਿਤੇ ਪੁਲਿਸ ਬੂਟ ਬੈਲਟਾਂ ਸਮੇਤ ਨੰਗੇ ਸਿਰ ਅੰਦਰ ਜਾਣ ਦੀ ਗਲਤੀ ਕਰ ਜਾਵੇ ਤਾਂ ਅਗਲੇ ਦਿਨ ਅਖਬਾਰਾਂ ਦੇ ਪਹਿਲੇ ਪੰਨੇ 'ਤੇ ਇਹ ਖਬਰ ਪ੍ਰਮੁੱਖਤਾ ਨਾਲ ਛਾਪੀ ਜਾਂਦੀ ਹੈ। ਪਰ ਜਦੋਂ ਕਬਜ਼ਾ ਮਾਸਟਰ ਅੰਦਰ ਡਾਂਗ ਖੜਕਾਉਂਦੇ ਹਨ ਤਾਂ ਸਾਰਾ ਕੰਮ ਫਰੀ ਸਟਾਈਲ ਹੀ ਚੱਲਦਾ ਹੈ।



ਪਿੱਛੇ ਜਿਹੇ ਕੈਨੇਡਾ ਦੇ ਇੱਕ ਧਾਰਮਿਕ ਸਥਾਨ ਅੰਦਰ ਇੱਕ ਵਿਅਕਤੀ ਛੋਟੀ ਕਿਰਪਾਨ ਕੱਢ ਕੇ ਮੈਨੇਜਰ ਨੂੰ ਧਮਕਾ ਰਿਹਾ ਸੀ।ਜਦੋਂ ਪੱਤਰਕਾਰ ਵੀਡੀਉ ਬਣਾਉਣ ਲੱਗੇ ਤਾਂ ਡਰਦਾ ਮਾਰਾ ਭੱਜ ਗਿਆ।

ਹੁਣ ਜਦੋਂ ਵਿਦੇਸ਼ੀ ਸਰਕਾਰਾਂ ਕੋਲ ਕਿਰਪਾਨ ਪਹਿਨਣ ਦੀ ਆਗਿਆ ਲੈਣ ਲਈ ਚਾਰਾਜੋਈ ਕੀਤੀ ਜਾਂਦੀ ਹੈ ਤਾਂ ਅਜਿਹੀਆਂ ਹਰਕਤਾਂ ਵੇਖ ਕੇ ਕਿਵੇਂ ਮੰਨਜ਼ੂਰੀ ਮਿਲ ਸਕਦੀ ਹੈ? ਅਗਲਾ ਸੋਚਦਾ ਜਿਹੜਾ ਆਪਣੇ ਹੀ ਧਾਰਮਿਕ ਸਥਾਨ ਦੇ ਅੰਦਰ ਆਪਣੀ ਕਮਿਊਨਿਟੀ ਨੂੰ ਧਮਕਾ ਰਿਹਾ, ਉਹ ਬਾਕੀਆਂ ਲਈ ਵੀ ਖਤਰਾ ਬਣ ਸਕਦਾ ਹੈ। ਇਸੇ ਲਈ ਇਟਲੀ ਵਰਗੇ ਕਈ ਦੇਸ਼ਾਂ ਨੇ ਕਿਰਪਾਨ ਪਹਿਨਣ 'ਤੇ ਪਾਬੰਦੀ ਲਗਾ ਦਿੱਤੀ ਹੈ। ਅਸੀਂ ਏਅਰਪਪੋਰਟਾਂ 'ਤੇ ਆਪਣੇ ਧਾਰਮਿਕ ਚਿੰਨ੍ਹਾਂ ਨਾਲ ਛੇੜਛਾੜ ਹੋਣ 'ਤੇ ਇਤਰਾਜ਼ ਕਰਦੇ ਹਾਂ ਪਰ ਧਾਰਮਿਕ ਸਥਾਨਾਂ ਅੰਦਰ ਖੁਦ ਹੀ ਉਹਨਾਂ ਚਿੰਨਾਂ ਦੀ ਬੇਜ਼ੱਤੀ ਕਰਕੇ ਆਪਣਾ ਮਜ਼ਾਕ ਬਣਾਉਂਦੇ ਹਾਂ।

ਨਵੀਂ ਪੀੜ੍ਹੀ ਤਾਂ ਪਹਿਲਾਂ ਹੀ ਧਰਮ ਤੋਂ ਦੂਰ ਜਾ ਰਹੀ ਹੈ। ਬੱਚੇ ਜਦੋਂ ਅਜਿਹੀ ਮਾਰਧਾੜ ਅਤੇ ਘਟੀਆਂ ਹਰਕਤਾਂ ਵੇਖਦੇ ਹਨ ਤਾਂ ਧਾਰਮਿਕ ਸਥਾਨਾਂ ਵੱਲ ਦੁਬਾਰਾ ਮੂੰਹ ਨਹੀਂ ਕਰਦੇ।

ਪੰਜਾਬ ਦੇ ਹਰੇਕ ਜਿਲ੍ਹੇ ਵਿੱਚ ਕਿਸੇ ਨਾ ਕਿਸੇ ਧਰਮ ਸਥਾਨ ਦਾ ਰਾਮ ਰੌਲਾ ਚੱਲ ਰਿਹਾ ਹੈ। ਧਰਮ ਸਥਾਨ ਵੀ ਜ਼ਾਤਾਂ, ਗੋਤਾਂ ਅਤੇ ਪੱਤੀਆਂ-ਮੁਹੱਲਿਆਂ ਅਦਿ ਦੇ ਨਾਮ 'ਤੇ ਹਜ਼ਾਰਾਂ ਦੀ ਗਿਣਤੀ ਵਿੱਚ ਬਣੇ ਹੋਏ ਹਨ। ਕਈ ਡੇਰੇਦਾਰਾਂ ਨੇ ਤਾਂ ਆਪਣੇ ਮਰਹੂਮ ਬਾਬੇ ਦੇ ਕਿਸੇ ਰਿਸ਼ਤੇਦਾਰ ਦਾ ਪਿੰਡ ਨਹੀਂ ਬਖਸ਼ਿਆ ਜਿੱਥੇ ਡੇਰਾ ਨਾ ਬਣਾਇਆ ਹੋਵੇ। ਹਰੇਕ ਸਥਾਨ 'ਤੇ ਵਧੀਆ ਚੜ੍ਹਾਵਾ ਚੜ੍ਹਦਾ ਹੈ ਤੇ ਵਿਹਲੜ ਸਾਧਾਂ ਦੀਆਂ ਹੇੜਾਂ ਫਿਰਦੀਆਂ ਹਨ। ਵਿਹਲਾ ਮਨ ਸ਼ੈਤਾਨ ਦਾ ਘਰ। ਜਦੋਂ ਪੈਸਾ ਕਮਾਉਣ ਤੇ ਸਿਰ ਤੋਂ ਛੱਤ ਦਾ ਫਿਕਰ ਮੁੱਕ ਜਾਵੇ ਤਾਂ ਫਿਰ ਸਾਧਾਂ ਨੇ ਕੀ ਕਰਨਾ ਹੈ? ਜਾਂ ਬਦਮਾਸ਼ੀਆਂ ਕਰਨਗੇ ਜਾਂ ਲੜਾਈ। ਪੰਜਾਬ ਦੇ ਕਈ ਮਸ਼ਹੂਰ ਡੇਰਿਆਂ ਵਿੱਚ ਤਾਂ ਵੱਡੇ ਸਾਧ ਦੇ ਮਰਨ ਤੋਂ ਬਾਅਦ ਚਾਰ-ਚਾਰ ਬਾਬੇ ਗੱਦੀ ਜਮਾ ਕੇ ਬੈਠੇ ਹਨ। ਅਨੇਕਾਂ ਥਾਵਾਂ 'ਤੇ ਲੋਕਾਂ 'ਤੇ ਕ੍ਰਿਪਾ ਕਰ ਕੇ ਵਰਦਾਨ ਦੇਣ ਵਾਲੇ ਬਾਬੇ ਡੇਰੇ 'ਤੇ ਕਬਜ਼ਾ ਕਰਾਉਣ ਲਈ ਅਫਸਰਾਂ ਦੀਆਂ ਲੇਹਲੜੀਆਂ ਕੱਢਦੇ ਹਨ। ਇੱਕ ਡੇਰੇ ਦੇ ਕਬਜ਼ੇ ਸਮੇਂ ਲੋਕਾਂ ਨੂੰ ਸ਼ਰਾਬ ਮੀਟ ਛੁਡਵਾਉਣ ਲਈ ਪ੍ਰਸਿੱਧਸਾਧ ਸ਼ਾਮ ਨੂੰ ਪੁਲਿਸ ਵਾਸਤੇ ਉਖਾਣ ਪੀਣ"ਦਾ ਪ੍ਰਬੰਧ ਵੀ ਕਰ ਦੇਂਦਾ ਸੀ।

ਧਾਰਮਿਕ ਸਥਾਨਾਂ ਤੋਂ ਅਜਿਹੀਆਂ ਅਨਾਊਸਮੈਂਟਾਂ ਤਾਂ ਸਭ ਨੇ ਸੁਣੀਆਂ ਹੋਣਗੀਆਂ ਕਿ ਅੱਜ ਸਾਰੇ ਮਾਈ ਭਾਈ ਡੇਰੇ ਆਉ ਪੰਜਵੀਂ ਮੰਜ਼ਲ ਦਾ ਲੈਂਟਰ ਪੈਣਾ ਹੈ, ਅੱਜ ਮਾਈਆਂ ਬੀਬੀਆਂ ਸਵੇਰੇ ਪੰਜ ਵਜੇ ਪਹੁੰਚਣ ਸੰਗਤਾਂ ਲਈ ਲੰਗਰ ਤਿਆਰ ਕਰਨਾ ਹੈ, ਅੱਜ ਡੇਰੇ ਦੀ ਜ਼ਮੀਨ 'ਚੋਂ ਕਣਕ ਝੋਨਾ ਵੱਢਣਾ ਹੈ, ਅੱਜ ਵੱਡੇ ਹਾਲ ਵਿੱਚ ਮਿੱਟੀ ਪਾਉਣੀ ਹੈ ਆਦਿ-ਆਦਿ। ਪਰ ਕਦੇ ਕਿਸੇ ਨੇ ਅਜਿਹੀ ਅਨਾਊਂਸਮੈਂਟ ਨਹੀਂ ਸੁਣੀ ਹੋਣੀ ਕਿ ਅੱਜ ਸਾਰਾ ਨਗਰ ਖੇੜਾ ਡੇਰੇ ਆਉ, ਗੋਲਕ ਦੀ ਮਾਇਆ ਗਿਣਨੀ ਹੈ।ਲੋਕ ਆਪਣੇ ਜਰੂਰੀ ਕੰਮ ਛੱਡ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਧਰਮ ਸਥਾਨਾਂ ਦੀ ਯਾਤਰਾ 'ਤੇ ਜਾਂਦੇ ਹਨ। ਥੋੜ੍ਹਾ-ਥੋੜ੍ਹਾ ਦਾਨ ਦੇ ਕੇ ਵੀ ਸਾਧ ਨੂੰ ਕਰੋੜਾਂਪਤੀ ਬਣਾ ਦੇਂਦੇ ਹਨ। ਜ਼ਾਤ-ਪਾਤ ਦੀਆਂ ਫੌਲਾਦੀ ਬੇੜੀਆਂ ਵਿੱਚ ਜਕੜੇ ਇਸ ਦੇਸ਼ ਦੇ ਕਿਸੇ ਧਰਮ ਸਥਾਨ ਨੇ ਅੱਜ ਤੱਕ ਕਿਸੇ ਛੋਟੀ ਜ਼ਾਤ ਵਾਲੇ ਦਾ ਦਾਨ ਲੈਣ ਤੋਂ ਇਨਕਾਰ ਕੀਤਾ ਹੈ? ਅਸਲ ਵਿੱਚ ਸਾਰਾ ਮਸਲਾ ਆਣ ਕੇ ਪੈਸੇ 'ਤੇ ਹੀ ਮੁੱਕਦਾ ਹੈ।ਧਰਮ ਸਥਾਨ ਦੀ ਉਸਾਰੀ ਲਈ ਦਿਲ ਖੋਲ੍ਹ ਕੇ (ਚਾਹੇ ਉਧਾਰ ਚੁੱਕ ਕੇ) ਗੱਫੇ ਦੇਣ ਵਾਲੇ ਸਿਆਣੇ ਪਿੰਡ ਦੇ ਸਕੂਲ ਦੇ ਕਮਰੇ ਵਾਸਤੇ ਦੁਆਨੀ ਨਹੀਂ ਦੇਂਦੇ।

ਕਈ ਧਰਮਾਂ ਵਿੱਚ ਅਸੂਲ ਹੈ ਕਿ ਭਗਤ ਅਤੇ ਭਗਵਾਨ ਦੇ ਵਿਚਕਾਰ ਗੋਲਕ ਨਹੀਂ ਰੱਖੀ ਜਾਂਦੀ। ਇਸ ਲਈ ਉਥੇ ਕਬਜ਼ਿਆਂ ਲਈ ਝਗੜੇ ਵੀ ਨਹੀਂ ਹੁੰਦੇ। ਜਿੰਨੀ ਦੇਰ ਰੱਬ ਜਨਤਾ ਨੂੰ ਸੱਚ ਝੂਠ ਪਰਖਣ ਦੀ ਸੁਮੱਤ ਨਹੀਂ ਬਖਸ਼ਦਾ, ਪਾਖੰਡੀਆਂ ਦੀ ਦੁਕਾਨਦਾਰੀ ਇਸੇ ਤਰਾਂ ਚੱਲਦੀ ਰਹੇਗੀ।

ਅਸਲ ਵਿੱਚ ਸਾਧ ਕਦੇ ਵੀ ਨਹੀਂ ਚਾਹੁੰਦੇ ਕਿ ਅਵਾਮ ਨੂੰ ਅਕਲ ਆਵੇ ਤੇ ਉਹ ਉਹਨਾਂ ਤੋਂ ਸਵਾਲ ਪੁੱਛਣ। ਇਸ ਲਈ ਸਕੂਲ ਕਾਲਜ ਉਸਾਰਨ ਦੀ ਬਜਾਏ ਆਲੀਸ਼ਾਨ ਧਰਮ ਸਥਾਨ ਖੜ੍ਹੇ ਕੀਤੇ ਜਾ ਰਹੇ ਹਨ।ਕਬਜ਼ੇਬਾਜ਼ਾਂ ਦੀ ਲੜਾਈ ਵਿੱਚਬੇਵਕੂਫ ਚੇਲੇ ਭੰਗ ਦੇ ਭਾੜੇ ਆਪਣੀ ਜਾਨ ਗਵਾ ਬੈਠਦੇ ਹਨ। ਉਹ ਇਹ ਨਹੀਂ ਸੋਚਦੇ ਕਿ ਸਾਧ ਨੂੰ ਤਾਂ ਕਰੋੜਾਂ ਦੀ ਜਾਇਦਾਦ ਮਿਲਣੀ ਹੈ, ਹਮਾਇਤੀਆਂ ਨੂੰ ਕੀ ਮਿਲਣਾ ਹੈ? ਸਾਧ ਮੁੜ ਕੇ ਮਰੇ ਦੇ ਭੋਗ 'ਤੇ ਵੀ ਨਹੀਂ ਜਾਂਦਾ। ਇਹਨਾਂ ਕਬਜ਼ਿਆਂ ਲਈ ਹੋ ਰਹੇ ਲੜਾਈ ਝਗੜਿਆਂ ਕਾਰਨ ਅਸੀਂ ਬਾਕੀ ਕੌਮਾਂ ਵਾਸਤੇ ਮਜ਼ਾਕ ਦਾ ਪਾਤਰ ਬਣ ਰਹੇ ਹਾਂ।

ਸੂਝਵਾਨਾਂ ਦਾ ਧਾਰਮਿਕ ਸਥਾਨਾਂ ਵੱਲੋਂ ਮੋਹ ਭੰਗ ਹੋ ਰਿਹਾ ਹੈ। ਜੇ ਕਿਸੇ ਨੇ ਮਨੁੱਖਤਾ ਦੀ ਸੇਵਾ ਕਰਨੀ ਹੋਵੇ ਤਾਂ ਉਸ ਲਈ ਕਿਸੇ ਧਰਮ ਸਥਾਨ 'ਤੇ ਕਬਜ਼ਾ ਕਰ ਕੇ ਬੈਠਣਾ ਜਰੂਰੀ ਨਹੀਂ। ਸੇਵਾ ਤਾਂ ਘਰ ਪਰਿਵਾਰ ਵਿੱਚ ਬੈਠ ਕੇ ਵੀ ਹੋ ਸਕਦੀ ਹੈ। ਕਬਜ਼ਾ ਤਾਂ ਸਿਰਫ ਬੀਬੀਆਂ ਤੋਂ ਗੋਡੀਂ ਹੱਥ ਲਵਾਉਣ ਅਤੇ ਮਾਇਆ 'ਤੇ ਨਾਗ ਬਣ ਕੇ ਬੈਠਣ ਲਈ ਕੀਤਾ ਜਾਂਦਾ ਹੈ।

# ਸਿੱਖ ਕੌਮ ਦੀ ਸ਼ਕਤੀ ਬਿਖਰਦੀ ਕਿਉਂ ਜਾ ਰਹੀ ਹੈ?



ਕੁਲਵੰਤ ਸਿੰਘ ਢੇਸੀ

ਕੌਮਾਂ ਉਹ ਹੀ ਜਿੰਦਾ ਰਹਿ ਸਕਦੀਆਂ ਹਨ ਜੋ ਸਮੇਂ ਦੀਆਂ ਚਣੌਤੀਆਂ ਨੂੰ ਸਵੀਕਾਰਦੀਆਂ ਹਨ। ਸੰਨ 1984 ਦੇ ਦੁਖਾਂਤ ਦਾ ਅਸਲ ਮੁੱਢ ਸੰਨ 1978 ਵਿਚ ਉਸ ਸਮੇਂ ਬੱਝਿਆ ਜਦੋਂ ਸਰਕਾਰ ਦੀ ਸ਼ਹਿ ਤੇ ਨਿਰੰਕਾਰੀ ਗੁਰੂ ਡੰਮ ਦੇ ਮੁਖੀ ਗੁਰਬਚਨੇ ਨੇ ਸਿੱਖ ਕੌਮ ਨੂੰ ਕੌਮ ਦੇ ਘਰ ਆ ਕੇ ਲਲਕਾਰਿਆ। ਇਹ ਸਮਾਂ 1978 ਦੀ ਵਿਸਾਖੀ ਦਾ ਸੀ। ਜਾਂ ਬਾਜ਼ ਰਾਖਾ ਦੇ ਕਰਤਾ ਏ ਕੇ ਦਰਸ਼ੀ ਨੇ ਭਾਰਤ ਸਰਕਾਰ ਵਲੋਂ ਕੀਤੇ ਵਿਸਾਹ ਘਾਤ ਦਾ ਜਿਕਰ ਕਰਦਿਆਂ ਸਰਕਾਰ ਦੇ ਪਾਲਤੂ ਗੁਰੂ ਡੰਮ ਦੀ ਸਾਜਿਸ਼ ਦਾ ਭਾਂਡਾ ਵਿਸਤਾਰ ਨਾਲ ਭੰਨਿਆਂ ਹੈ। ਇਹ ਉਹ ਸਮਾਂ ਸੀ ਜਦੋਂ ਜਥੇਦਾਰ ਭਾਈ ਫੌਜਾ ਸਿੰਘ ਦੀ ਅਗਵਾਈ ਵਿਚ ਅਵਤਾਰ ਬਾਣੀ ਦੇ ਕੂੜ ਨੂੰ ਰੋਕਣ ਗਏ 13 ਸਿੰਘਾਂ ਨੇ ਸ਼ਹਾਦਤ ਦਾ ਜਾਮ ਪੀਤਾ। ਇਸ ਤੋਂ ਮਗਰੋ ਪੰਥਕ ਰੋਹ ਬਕਾਇਦਾ ਇੱਕ ਖਾੜਕੂ ਲਹਿਰ ਦਾ ਰੂਪ ਧਾਰਨ ਕਰ ਗਿਆ ।ਇਸ ਲਹਿਰ ਵਿਚ ਸਿਰ ਤਲੀ ਤੇ ਧਰ ਕੇ ਗੁਰੂ ਦੇ ਲਾਡਲੇ ਜੂਝੇ। ਗੁਰੂ ਦੇ ਇਹਨਾ ਸਿਦਕੀ ਸਿੰਘਾਂ ਨੇ ਕੁਰਬਾਨੀਆਂ ਦੇ ਪੁਰਾਤਨ ਇਤਹਾਸ ਨੂੰ ਮੁੜ ਦੁਹਰਾਇਆ।



ਕੇਂਦਰ ਨੇ ਪੰਜਾਬ ਨੂੰ ਕੋਹਣ ਲਈ ਟਾਡਾ, ਪੋਟਾ ਅਤੇ ਮੀਸਾ ਵਰਗੇ ਕਾਲੇ ਕਾਨੂੰਨ ਲਾਗੂ ਕਰ ਕੇ ਅਪੀਲ ਦਲੀਲ ਅਤੇ ਵਕੀਲ ਦੇ ਸਾਰੇ ਰਾਹ ਬੰਦ ਕਰ ਦਿੱਤੇ। ਗੋਬਿੰਦ ਰਾਮ, ਇਜ਼ਹਾਰ ਆਲਮ, ਰਿਬੈਰੋ, ਕੇ ਪੀ ਐਸ ਗਿੱਲ ਵਰਗੇ ਬੁੱਚੜ ਪੁਲਸੀਏ ਅਤੇ ਇਹਨਾ ਦੇ ਸਿਰ ਤੇ ਜਕਰੀਆ ਖਾਨ ਦੀ ਬਿਰਤੀ ਵਾਲੇ ਬਿਅੰਤ ਸਿੰਘ ਵਰਗੇ ਰਾਜ ਨੇਤਾਵਾਂ ਨੇ ਸਿੱਖ ਨੌਜਵਾਨਾਂ ਦਾ ਸਰਬਨਾਸ਼ ਕਰਨ ਲਈ ਟਿੱਲ ਲਾ ਦਿੱਤਾ। ਹਾਲਾਤ ਇਸ ਹੱਦ ਤਕ ਨਿੱਘਰ ਗਏ ਕਿ ਸ; ਜਸਵੰਤ ਸਿੰਘ ਖਾਲੜਾ ਵਰਗੇ ਮਨੁੱਖੀ ਅਧਿਕਾਰਾਂ ਦੀ ਪਾਲਣਾ ਕਰਨ ਵਾਲੇ ਕਾਰਕੁੰਨਾਂ ਨੂੰ ਵੀ ਤਸੀਹੇ ਘਰਾਂ ਵਿਚ ਲਿਜਾ ਕੇ ਸਰਕਾਰੀ ਬਰਦੀ ਵਾਲੇ ਕਸਾਈਆਂ ਨੇ ਕੋਹ ਦਿਤਾ। ਇਹਨਾ ਤਸੀਹੇ ਘਰਾਂ ਵਿਚ ਸਿੰਘਾਂ ਨੂੰ ਪੁੱਠੇ ਲਟਕ-ਾਉਣਾ, ਘੋਟਣੇ ਫੇਰਨੇ, ਨਿਰਵਸਤਰ ਕਰਕੇ ਜਲੀਲ ਕਰਨਾ, ਅੱਖਾਂ ਵਿਚ ਜਾਂ ਗੁੱਦੇ ਵਿਚ ਮਿਰਚਾਂ ਭਰਨੀਆਂ, ਪਾਣੀ ਵਿਚ ਸਿਰ ਡੋਬਣੇ, ਪੇਟ ਵਿਚ ਜਾਂ ਪਿੱਠਾਂ ਵਿਚ ਗਰਮ ਸਰੀਏ ਧੱਕਣੇ, ਪਾਣੀ ਵਿਚ ਉਬਾਲਣਾ, ਨਹੁੰ ਪੁੱਟਣੇ, ਜਮੂਰਾਂ ਨਾਲ ਮਾਸ ਤੋੜਣਾ ਅਤੇ ਅਨੇਕਾਂ ਹੀ ਅਕਹਿ ਅਤੇ ਅਸਹਿ ਥਰਡ ਡਿਗਰੀ ਟਾਰਚਰ ਦਿੱਤੇ ਗਏ। ਅਨੇਕਾਂ ਹੀ ਸਿਦਕੀ ਸਿੰਘਾਂ ਨੇ ਪੁਰਾਤਨ ਸਿੰਘਾਂ ਦੇ ਇਤਹਾਸ ਨੂੰ ਮੁੜ ਤਾਜਾ ਕੀਤਾ। ਖਾੜਕੂਆਂ ਦੇ ਪਰਿਵਾਰਾਂ ਅਤੇ ਬੀਬੀਆਂ ਭੈਣਾਂ ਨੂੰ ਪੁਲਿਸ ਨੇ ਕਿਸ ਹੱਦ ਤਕ ਜ਼ਲੀਲ ਕੀਤਾ ਅਤੇ ਤਸਿਹੇ ਦਿੱਤੇ ਉਸ ਦਾ ਜਿਕਰ ਕਰਦਿਆਂ ਕਲਮ ਕੰਬਦੀ ਹੈ।

ਪੰਜਾਬ ਦੀ ਅਣਗਿਣਤ ਜਵਾਨੀ ਨੂੰ ਲੇਖੇ ਲਾਉਣ ਤੋਂ ਪਿੱਛੋਂ ਅੱਜ ਵੀ ਪੰਜਾਬ ਵਿਚ ਉਹੀ ਰਾਜਸੀ ਆਗੂ ਹਾਵੀ ਹਨ ਜਿਹਨਾ ਜੋ ਕਿ ਇਸ ਦੁਖਾਂਤ ਦੇ ਜਨਮ ਦਾਤਾ ਸਨ। ਨਾਮ

(ਬਾਕੀ ਸਫਾ 22 ਤੇ)


ALIEN TRANSPORT LLC YUBA CITY ਨੂੰ ਟਰੱਕ ਡਰਾਈਵਰਾਂ ਦੀ ਲੋੜ

ਟਰੱਕ ਡਰਾਈਵਰ ਵੀਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਾਨੂੰ long haul ਲਈ ਟਰੱਕ ਡਰਾਈਵਰਾਂ ਦੀ ਲੋੜ ਹੈ ਜੋ Midwest, Detroit, Michigan ਤੱਕ ਜਾ ਸਕਦੇ ਹੋਣ।

ਚੰਗੀ ਕਮਾਈ ਅਤੇ 38 ਸੈਂਟ ਪ੍ਰਤੀ ਮਾਈਲ ਲੈਣ ਦੇ ਲਈ ਅਵਤਾਰ ਸਿੰਘ ਸਹੋਤਾ (ਤਾਰੀ ਸਹੋਤਾ) ਨਾਲ ਸੰਪਰਕ ਕਰੋ: 800-596-6407






KANG TRANSPORT

Kang Transport LLC
3391 Industrial Drive
Yuba City, CA 95993

Cell
530-682-0781

Kangtransport@gmail.com

# ਸਹੁਰਿਆਂ ਦੇ ਸ਼ਿਕਵਿਆਂ ਦਾ ਸਿਲਸਿਲਾ


ਤਰਲੋਚਨ ਸਿੰਘ ਦੁਪਾਲਪੁਰ

ਝਾਕੀ ਪਹਿਲੀ: ਮੇਰੀ ਮਾਂ ਨੇ ਦੇਖਿਆ ਕਿ ਬਾਪੂ (ਉਸ ਦਾ ਸਹੁਰਾ) ਪਸ਼ੂ ਖੋਲ੍ਹ ਕੇ ਚਰਾਉਣ ਲਈ ਬਾਹਰ ਲੈ ਗਿਆ ਹੈ ਤਾਂ ਉਸ ਨੇ ਨਹਾਤੇ ਹੋਏ ਕੇਸ ਮੋਢਿਆਂ 'ਤੇ ਖਿਲਾਰ ਲਏ ਅਤੇ ਦੁਪੱਟਾ ਉਤੇ ਲੈ ਲਿਆ। ਇੰਜ ਸਿਰ ਵੀ ਨੰਗਾ ਨਾ ਰਿਹਾ ਅਤੇ ਖੁੱਲ੍ਹੇ ਕੇਸਾਂ ਨੂੰ ਧੁੱਪ-ਹਵਾ ਵੀ ਲੱਗਣ ਲੱਗ ਪਈ। ਸਹੁਰਾ ਸਾਹਿਬ ਦੀ ਗੈਰ ਹਾਜ਼ਰੀ ਸਦਕਾ ਉਹ ਵਿਹੜੇ ਵਿਚ ਘੁੰਮ ਫਿਰ ਕੇ ਆਪਣੇ ਕੇਸ ਸੁਕਾਉਂਦੀ ਹੋਈ ਘਰੇਲੂ ਕੰਮ-ਕਾਰ ਕਰਦੀ ਰਹੀ।

ਸ਼ਾਮ ਨੂੰ ਪਸ਼ੂ ਚਰਾ ਕੇ ਘਰੇ ਵਾਪਸ ਆਏ ਬਾਪੂ ਦੇ ਮੱਥੇ 'ਤੇ ਪਈਆਂ ਤਿਊੜੀਆਂ ਦੇਖ ਕੇ ਮੇਰੀ ਮਾਂ ਨੇ ਅੰਦਾਜ਼ਾ ਲਾਇਆ ਕਿ ਬੁੜ੍ਹਾ ਬਾਹਰ ਹੀ ਕਿਸੇ ਨਾਲ ਲੜਿਆ-ਖਹਿਬੜਿਆ ਹੋਵੇਗਾ, ਪਰ ਰਾਤ ਦੇ ਰੋਟੀ-ਟੁੱਕ ਤੋਂ ਬਾਅਦ ਜਦ ਮੇਰੀ ਦਾਦੀ ਨੇ ਮੇਰੀ ਮਾਂ ਨੂੰ ਦੱਬਵੀਂ ਜਿਹੀ ਜੀਭੇ ਕਿਹਾ, 'ਬਹੂ, ਮੇਰੀ ਗੱਲ ਸੁਣੀ ਜ਼ਰਾ ਕੁੜੇ!' ਤਾਂ ਮੇਰੀ ਮਾਂ ਦਾ ਮੱਥਾ ਠਣਕਿਆ। ਦਿਲ ਹੀ ਦਿਲ ਉਸ ਨੂੰ ਸਹੁਰੇ ਦੇ ਮੱਥੇ ਦੀਆਂ ਤਿਊੜੀਆਂ ਦਾ ਕਾਰਨ ਆਪਣੀ ਕਿਸੇ ਅਣਗਹਿਲੀ ਜਾਂ ਗਲਤੀ ਦਾ ਹੋਣਾ ਜਾਪਣ ਲੱਗਿਆ। ਉਹੀ ਗੱਲ ਹੋਈ, ਜਦੋਂ ਸਾਡੀ ਦਾਦੀ ਉਸ ਨੂੰ ਅੰਦਰ ਲਿਜਾ ਕੇ ਕਹਿਣ ਲੱਗੀ ਕਿ ਧੀਏ ਤੇਰਾ ਬਾਪੂ ਖਿਝਦਾ ਸੀ ਕਿ।

ਅਸਲ ਵਿਚ ਮੇਰੀ ਮਾਂ ਨੇ ਸਮਝਿਆ ਸੀ ਕਿ ਬਾਪੂ ਪਸ਼ੂ ਚਰਾਉਣ ਕਿਤੇ ਦੂਰ ਗਿਆ ਹੋਵੇਗਾ, ਪਰ ਉਹ ਉਸ ਦਿਨ ਲਾਗਲੇ ਉਚੇ ਟਿੱਬੇ 'ਤੇ ਪਸ਼ੂ ਲੈ ਗਿਆ ਸੀ ਜਿਥੋਂ ਸਾਡੇ ਘਰ ਦਾ ਵਿਹੜਾ ਸਾਫ ਦਿਖਾਈ ਦਿੰਦਾ ਸੀ। ਉਸ ਨੇ ਦੂਰੋਂ ਹੀ ਦੇਖ ਲਿਆ ਕਿ ਕਿਵੇਂ ਨੂੰਹ 'ਨੰਗੇ ਮੂੰਹ' ਵਿਹੜੇ ਵਿਚ ਤੁਰੀ ਫਿਰਦੀ ਹੈ। ਉਸ ਨੂੰ ਇਹ 'ਅਨਰਥ' ਦੇਖ ਕੇ ਗੁੱਸਾ ਚੜ੍ਹ ਗਿਆ। ਕਹਿਰਾਂ ਦੇ ਕੱਬੇ ਸੁਭਾਅ ਵਾਲੇ ਸਾਡੇ ਬਾਬੇ ਨੇ 'ਜ਼ਮਾਨੇ ਦੀ ਤਬਦੀਲੀ' ਦਾ ਕੁੱਝ ਲਿਹਾਜ਼ ਕਰਦਿਆਂ ਸਿੱਧਾ ਸਾਡੀ ਮਾਂ ਨੂੰ ਤਾਂ ਕੁੱਝ ਨਾ ਕਿਹਾ, ਪਰ ਦਾਦੀ ਦੀ ਜ਼ੁਬਾਨੇ ਆਪਣਾ 'ਸਖਤ ਆਦੇਸ਼' ਸਣੇ ਉਲਾਂਭੇ, ਸਾਡੀ ਮਾਂ ਤੱਕ ਪਹੁੰਚਾ ਦਿੱਤਾ। ਅਖੇ, ਇਹ ਇਹਦੇ ਪੇਕਿਆਂ ਦਾ ਘਰ ਐ ਭਲਾ? ਇਹਨੂੰ ਪਤਾ ਨਹੀਂ ਕਿ ਸਹੁਰੇ ਘਰ ਕਿਵੇਂ ਰਹੀਦਾ? ਧੀ-ਪੁੱਤ ਦਾ ਕੰਮ ਐ ਕਿ ਆਪਣੇ ਪਰਦੇ ਦਾ ਖਿਆਲ ਰੱਖੇ 'ਇਸ ਤਰ੍ਹਾਂ ਕਰ ਕੇ' (ਸਾਡੇ ਬਾਬੇ ਦਾ ਤਕੀਆ ਕਲਾਮ) ਅੱਗੇ ਵਾਸਤੇ ਭਾਈ ਆਪਣੇ ਲਿਬਾਸ ਦਾ ਬਹੁਤ ਖਿਆਲ ਰੱਖਣਾ ਚਾਹੀਦੈ ਨੂੰਹਾਂ ਧੀਆਂ ਨੂੰ! ਝਾਕੀ ਦੂਜੀ: ਫਿਰ ਸਾਡੇ ਬਾਬੇ ਦਾ ਪੁੱਤ, ਯਾਨਿ ਮੇਰਾ ਬਾਪ ਮੇਰੀ ਘਰਵਾਲੀ ਦਾ ਸਹੁਰਾ ਬਣਿਆ। ਇਹ ਸੰਨ ਉਣਾਸੀ ਦੀ ਗੱਲ ਹੈ। ਚਲਦੇ ਰਿਵਾਜ ਅਨੁਸਾਰ ਮੇਰੀ ਪਤਨੀ ਆਪਣੇ ਸਹੁਰੇ ਅਤੇ ਗਲੀ-ਗੁਆਂਢ ਦੇ ਹੋਰ ਬਜ਼ੁਰਗਾਂ ਤੋਂ ਘੁੰਡ ਕੱਢਣ ਲੱਗੀ। ਘੁੰਡ ਦੇ ਕਜੀਏ ਤੋਂ ਛੁਟਕਾਰਾ ਪਾਉਣਾ ਤਾਂ ਉਹ ਵੀ ਚਾਹੁੰਦੀ ਸੀ, ਪਰ ਨਵੀਂ ਨਵੀਂ ਆਈ ਹੋਣ ਕਰ ਕੇ ਉਸ ਨੇ ਹਾਲੇ ਸਹੁਰੇ ਘਰ ਦੇ ਜੀਆਂ ਦਾ 'ਭੇਤ' ਨਹੀਂ ਸੀ ਪਾਇਆ; ਇਸ ਕਰ ਕੇ ਘੁੰਡ ਚੁੱਕਣ ਦਾ ਉਹਦਾ ਹਿਆ ਨਹੀਂ ਸੀ ਪੈਂਦਾ।



ਵਿਆਹ ਤੋਂ ਡੇਢ ਕੁ ਮਹੀਨੇ ਬਾਅਦ ਹੀ ਅਮਰੀਕਾ ਤੋਂ ਵੱਡੀ ਭੈਣ ਨੇ ਨਵੀਂ ਵਹੁਟੀ ਦਾ ਘੁੰਡ ਚੁਕਾਉਣ ਵਾਲਾ 'ਮਤਾ' ਚਿੱਠੀ ਰਾਹੀਂ ਸਾਡੇ ਘਰ ਲਿਖ ਭੇਜਿਆ। ਪੰਜਾਬ ਵਸਦੀਆਂ ਤਿੰਨਾਂ ਭੈਣਾਂ ਨੇ ਬੜੀ ਫੁਰਤੀ ਨਾਲ 'ਘੁੰਡ ਚੁਕਾਊ ਮਤੇ' ਦੀ ਤਾਈਦ ਕਰ ਦਿੱਤੀ ਅਤੇ ਮੇਰੀ ਨਵ-ਵਿਆਹੀ ਵਹੁਟੀ ਸਹੁਰੇ ਘਰ ਵਿਚ ਕੁੜੀਆਂ ਵਾਂਗ ਵਿਚਰਨ ਲੱਗ ਪਈ।

ਉਪਰੋਂ ਉਪਰੋਂ ਤਾਂ ਮੇਰੇ ਬਾਪ ਨੇ ਇਸ 'ਤੇ ਕੋਈ ਉਜਰ ਨਾ ਕੀਤਾ, ਪਰ ਇਕ ਦਿਨ ਉਹ ਪਿੰਡ ਵਿਚ ਘੁੰਮ ਘਿਰ ਕੇ ਘਰੇ ਆਏ ਮੇਰੀ ਮਾਤਾ ਨੂੰ ਕਹਿਣ ਲੱਗੇ, "ਸੁਣਦੀ ਐਂ ਲੋਕਾਂ ਦੀਆਂ ਗੱਲਾਂ?" ਆਪਣੇ ਬਚਪਨ ਦੇ ਸਾਥੀ ਉਤਮ ਬੁੜ੍ਹੇ ਦਾ ਨਾਂ ਲੈ ਕੇ ਹੱਸਦਿਆਂ ਕਹਿੰਦੇ, "ਉਤਮ ਮੈਨੂੰ ਕਹਿੰਦਾ ਕਿ ਗਿਆਨੀ ਜੀ, ਹੁਣ ਸਾਨੂੰ ਸਹੁਰਿਆਂ-ਪਤਿਆਹੁਰਿਆਂ ਨੂੰ ਹੀ ਕੋਈ ਖੇਸੀ, ਚਾਦਰ ਮੋਢੇ 'ਤੇ ਰੱਖਣੀ ਪੈਣੀ ਐਂ। ਜਦ ਕੋਈ ਬਹੂ ਸਾਹਮਣੇ ਆਇਆ ਕਰੂ, ਅਸੀਂ ਆਪਣੇ ਮੂੰਹ 'ਤੇ ਖੇਸੀ ਦਾ ਲੜ ਲੈ ਲਿਆ ਕਰਾਂਗੇ।"

ਝਾਕੀ ਤੀਜੀ: ਆਪਣੇ ਬਾਬੇ ਦੀ ਤੀਜੀ ਪੀੜ੍ਹੀ, ਯਾਨਿ ਮੈਂ ਹੁਣ ਆਪਣੀਆਂ ਦੋ ਨੂੰਹਾਂ ਦਾ ਸਹੁਰਾ ਬਣਿਆ ਅਮਰੀਕਾ ਵਿਚ ਰਹਿ ਰਿਹਾ ਹਾਂ। ਇਕ ਦਿਨ ਸ਼ਾਮ ਵੇਲੇ ਦੀ ਚਾਹ ਪੀਣ ਉਪਰੰਤ ਕੀ ਹੋਇਆ ਕਿ ਤੜਕੇ ਪੰਜ ਵਜੇ ਦੀ ਕੰਮ 'ਤੇ ਗਈ ਹੋਈ ਮੇਰੀ ਪਤਨੀ ਥੱਕ-ਟੁੱਟ ਕੇ ਘਰੇ ਆਈ। ਅੱਧਾ ਕੁ ਕੱਪ ਚਾਹ ਦਾ ਪੀ ਕੇ ਉਹ ਥਕਾਵਟ ਲਾਹੁਣ ਲਈ ਬੈਡ 'ਤੇ ਜਾ ਡਿੱਗੀ। ਰਸੋਈ ਦਾ ਸਿੰਕ ਜੂਠੇ ਭਾਂਡਿਆਂ ਨਾਲ ਇਉਂ ਭਰਿਆ ਪਿਆ ਸੀ, ਜਿਵੇਂ ਲੰਗਰ ਦੇ ਜੂਠੇ ਭਾਂਡੇ 'ਕੱਠੇ ਕੀਤੇ ਹੋਏ ਹੋਣ। ਟੂਟੀ ਤੱਕ ਪਹੁੰਚੀ ਹੋਈ ਕੱਪ ਕੌਲੀਆਂ ਪਲੇਟਾਂ ਦੀ ਟੀਸੀ! ਬੈਡ 'ਤੇ ਪਈ ਪਤਨੀ ਦੇ ਘੁਰਾੜੇ ਸੁਣ ਕੇ ਮੈਨੂੰ ਤਰਸ ਆ ਗਿਆ ਕਿ ਇਸ ਨੇ ਘੜੀ ਘੰਟਾ ਸੁਸਤੀ ਲਾਹ ਕੇ ਹੁਣੇ ਰਾਤ ਦੀ ਰੋਟੀ ਦੇ ਆਹਰ ਵਿਚ ਲੱਗ ਜਾਣਾ ਹੈ, ਆਹ ਭਾਂਡਿਆਂ ਦਾ ਟੋਕਰਾ ਵੀ ਇਸੇ ਨੂੰ ਮਾਂਜਣਾ ਪੈਣਾ ਹੈ, ਇਹ ਸੋਚ ਕੇ ਮੈਂ ਫਟਾ-ਫਟ ਬਾਹਾਂ ਦੇ ਕਫ 'ਤਾਂਹ ਨੂੰ ਚੜ੍ਹਾਏ ਤੇ ਭਾਂਡੇ ਮਾਂਜਣ ਲੱਗ ਪਿਆ। ਅਮਰੀਕਨ ਤਰਜ਼ੇ-ਜ਼ਿੰਦਗੀ ਮੁਤਾਬਕ ਪਰਵਾਸੀ ਪਰਿਵਾਰਾਂ ਵਿਚ ਪਤੀਆਂ ਵੱਲੋਂ ਭਾਂਡਿਆਂ ਦੀ ਅਜਿਹੀ ਸੇਵਾ ਕਰਨੀ ਕੋਈ ਅਨੋਖੀ ਜਾਂ ਅਚੰਭੇ ਵਾਲੀ ਗੱਲ ਨਹੀਂ ਹੈ। ਮੈਂ ਕਦੇ ਕਦਾਈਂ ਮੌਕਾ ਬਣੇ 'ਤੇ ਅਜਿਹਾ ਹੱਥ ਵਟਾਉਂਦਾ ਰਹਿੰਦਾ ਹਾਂ, ਪਰ ਇਸ ਵਾਰ ਖੜ੍ਹੇ ਖੜ੍ਹੇ ਭਾਂਡੇ ਮਾਂਜਦਿਆਂ ਮੈਨੂੰ ਆਪਣਾ ਬਾਪ ਬਹੁਤ ਯਾਦ ਆਇਆ ਕਿ ਇਕ ਉਹ ਵੀ ਸਹੁਰਾ ਸੀ ਜਿਸ ਨੇ ਜੂਠੇ ਭਾਂਡੇ ਮਾਂਜਣੇ ਤਾਂ ਕਿਤੇ ਰਹੇ, ਸਗੋਂ ਉਸ ਨੇ ਕਦੇ ਆਪਣੇ ਜੂਠੇ ਬਰਤਨਾਂ ਨੂੰ ਵੀ ਹੱਥ ਨਹੀਂ ਸੀ ਲਾਇਆ। ਪ੍ਰਸ਼ਾਦਾ ਪਾਣੀ ਛਕ ਕੇ 'ਵਾਹਿਗੁਰੂ' ਕਹਿੰਦਾ ਹੋਇਆ ਉਠ ਖੜ੍ਹਦਾ ਸੀ।

ਇਸੇ ਸੋਚ ਲੜੀ ਦੇ ਵਹਿਣ ਵਿਚ ਮੈਂ ਦਾਲਾਂ-ਸਬਜ਼ੀਆਂ ਨਾਲ ਲਿਬੜੇ-ਤਿਬੜੇ ਭਾਂਡੇ ਮਾਂਜਦਾ ਭਾਵੁਕ ਜਿਹਾ ਹੋ ਗਿਆ। ਆਪਣੇ ਬਾਪ-ਦਾਦੇ ਦੇ ਮੁਕਾਬਲੇ ਮੈਨੂੰ ਆਪਣੇ ਸਹੁਰਾ ਹੋਣ 'ਤੇ ਹੀਣਤਾ ਆਉਣ ਲੱਗੀ। ਆਪਣੇ ਪੇਕੀਂ ਮਿਲਣ-ਗਿਲਣ ਗਈਆਂ ਆਪਣੀਆਂ ਦੋਹਾਂ ਨੂੰਹਾਂ ਨੂੰ ਯਾਦ ਕਰ ਕੇ ਮੇਰਾ ਹੋਰ ਵੀ ਦਿਲ ਭਰਨ ਲੱਗਾ। 'ਮਨਾਂ! ਦੋ ਦੋ ਨੂੰਹਾਂ ਦਾ ਸਹੁਰਾ ਹੁੰਦਿਆਂ ਵੀ ਭਾਂਡੇ ਮਾਂਜ ਰਿਹਾਂ?' ਨਵੇਂ ਨਵੇਂ ਅਮਰੀਕਾ ਆਇਆਂ 'ਤੇ ਵੱਡੀ ਭੈਣ ਦੇ ਘਰ ਰਹਿੰਦਿਆਂ ਮੈਂ ਇਕ ਵਾਰ ਆਪਣੀਆਂ ਜੂਠੀਆਂ ਕੌਲੀਆਂ ਧੋਣ ਲੱਗਾ ਸੀ ਤਾਂ ਮੇਰੀ ਭਾਣਜ ਨੂੰਹ ਨੇ ਮੇਰੇ ਹੱਥ ਫੜ ਲਏ ਸੀ, ਇਹ ਕਹਿੰਦਿਆਂ, ਕਿ ਮਾਮਾ ਜੀ, ਆਪਣੇ ਘਰੇ ਜਾ ਕੇ ਬੇਸ਼ੱਕ ਮਾਂਜ ਲਿਓ ਭਾਂਡੇ, ਪਰ ਅਸੀਂ ਨਹੀਂ ਇਹ ਕੰਮ ਕਰਨ ਦੇਣਾ ਤੁਹਾਨੂੰ!

ਸਹੁਰਿਆਂ ਦੇ ਸ਼ਿਕਵਿਆਂ ਦਾ ਇਹ ਸਿਲਸਿਲਾ ਚਲਦੇ ਚਲਦੇ ਭਾਂਡੇ ਨਿਬੇੜ ਕੇ, ਦਿਲ ਹੋਧਰੇ ਪਾਉਣ ਲਈ ਮੈਂ ਚਾਰਜਰ 'ਤੇ ਲਾਇਆ ਆਪਣਾ ਫੋਨ ਚੁੱਕ ਲਿਆ। ਪੇਕੀਂ ਗਈ ਹੋਈ ਇਕ ਨੂੰਹ ਦਾ 'ਵਟਸਐਪ 'ਤੇ ਮੈਨੂੰ ਤਾਜ਼ਾ ਤਾਜ਼ਾ ਮੈਸਿਜ ਆਇਆ ਹੋਇਆ ਸੀ, 'ਡੈਡੀ ਜੀ ਹੈਪੀ ਫਾਦਰ'ਜ਼ ਡੇ।' ਮੇਰਾ 'ਵੈਰਾਗ' ਹਾਸੇ ਵਿਚ ਬਦਲ ਗਿਆ!

## ਵਡਾਰੂਆਂ ਦਾ ਅਪਮਾਨ?

ਕਲਾ ਲਿਖਣ ਦੀ ਜਾਨਣੇ ਵਾਲਿਉ ਜੀ
ਕਾਲੇ ਲਿਖ ਨਾ ਬੈਠਿਉ ਲੇਖ ਯਾਰੋ।

ਕੌੜੇ ਸ਼ਬਦਾਂ ਦੀ ਪੀੜ ਮਹਿਸੂਸ ਹੋਵੇ
ਜਿਵੇਂ ਵੱਜਦੀ ਸੀਨੇ ਵਿਚ ਮੇਖ ਯਾਰੋ।

ਚੱਲੇ ਕਲਮ ਮਨੁੱਖਤਾ ਵਾਸਤੇ ਹੀ
ਹੋਵੇ ਬਾਹਰਲਾ ਕੈਸਾ ਵੀ ਭੇਖ ਯਾਰੋ।

ਕਿਸਦੇ ਵਾਸਦੇ ਕੀ ਮੈਂ ਲਿਖਣ ਲੱਗਾਂ
ਸਿਆਣਾ ਲੇਖਕ ਇਹ ਲੈਂਦਾ ਏ ਦੇਖ ਯਾਰੋ।

ਜਾਂਦਾ ਨੇੜੇ ਅਣਜਾਣ ਨਾ ਪਾਣੀਆਂ ਦੇ
ਡਰ ਡੁੱਬਣ ਦਾ ਹੁੰਦਾ ਏ ਤਾਰੂਆਂ ਦਾ।

ਸਮਝੋ ਡੁੱਬਿਆ ਉਹ ਵੀ ਹੰਕਾਰ ਅੰਦਰ
ਜਿਹੜਾ ਕਰੇ ਅਪਮਾਨ ਵਡਾਰੂਆਂ ਦਾ!

**-ਤਰਲੋਚਨ ਸਿੰਘ 'ਦੁਪਾਲਪੁਰ**
**001-408-915-1268**




Quick Lube & Smog
We rent U-HAUL
OIL CHANGE & SMOG CHECK STATION
SUKHWINDER BHELLA
gogibhella@gmail.com
691 W. Tennyson Rd
Hayward, CA 94544
PH 510-757-6775
FAX 510-292-0330

ਫਰੀ ਡਿਲੀਵਰੀ
Haller's PHARMACY
Since 1957
* Free Delivery * Open 7 days a week
* $5 credit on over-the-counter products for newly transferred patients
* ਅਸੀਂ ਫਰੀਮਾਂਟ, ਯੂਨੀਅਨ ਸਿਟੀ ਤੇ ਨਿਊਆਰਕ ਸ਼ਹਿਰਾਂ 'ਚ ਦਵਾਈਆਂ ਘਰੋ-ਘਰੀ ਵੀ ਪਹੁੰਚਾ ਸਕਦੇ ਹਾਂ।
* ਕਿਸੇ ਹੋਰ ਫਾਰਮੇਸੀ ਦੀ ਬਜਾਏ ਸਾਡੇ ਕੋਲ ਦਵਾਈਆਂ ਦੀ ਪਰਚੀ ਲਿਆਉਣ ਲਈ ਤੁਸੀਂ ਸਿਰਫ ਸਾਨੂੰ ਫੋਨ ਕਰੋ, ਅਸੀਂਆਪ ਹੀ ਤੁਹਾਡਾ ਖਾਤਾ ਇੱਥੇ ਲੈ ਆਵਾਂਗੇ।
* ਦਵਾਈਆਂ ਨਕਦ ਲੈਣ ਸਮੇਂ ਦੂਸਰੀਆਂ ਫਾਰਮੇਸੀਆਂ, ਜਿੰਨਾ ਹੀ ਰੇਟ ਅਸੀਂ ਵੀ ਮੈਚ ਕਰਾਂਗੇ।
ਇਕ ਵਾਰ ਮੌਕਾ ਜ਼ਰੂਰ ਦਿਓ, ਤੁਹਾਡੇ ਪੰਜਾਬੀ ਦੀ ਆਪਣੀ ਫਾਰਮੇਸੀ
ਹੋਰ ਜਾਣਕਾਰੀ ਲਈ ਸੰਪਰਕ ਕਰੋ: (510) 797-2772
37323 Fremont Blvd, Fremont, CA 94536

# ਪੰਜਾਬ ਦੇ ਪਾਣੀ ਅਤੇ ਬਿਜਲੀ ਪ੍ਰਾਜੈਕਟਾਂ ਵਿੱਚ ਹਰਿਆਣਾ ਤੇ ਰਾਜਸਥਾਨ ਨੂੰ ਹਿੱਸੇਦਾਰ ਬਣਾਉਣਾ ਗੈਰ ਸੰਵਿਧਾਨਿਕ



ਸਿਮਰਜੀਤ ਸਿੰਘ ਬੈਂਸ (ਵਿਧਾਇਕ)

ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ ਉੱਤੇ ਹਰ ਪੜਾਅ ਦੀ ਕਾਨੂੰਨੀ ਜੰਗ ਪੰਜਾਬ ਹਾਰ ਚੁੱਕਾ ਹੈ। ਭਾਵੇਂ ਇਸ ਸਬੰਧੀ ਰਸਮੀ ਫੈਸਲਾ ਆਉਣਾ ਬਾਕੀ ਹੈ, ਪਰ ਸੁਪਰੀਮ ਕੋਰਟ ਦੇ ਬੈਂਚ ਨੇ ਪਿਛਲੀਆਂ ਤਰੀਕਾਂ 'ਤੇ ਸਪੱਸ਼ਟ ਆਖ ਦਿੱਤਾ ਹੈ ਕਿ ਪੰਜਾਬ ਨੂੰ ਨਹਿਰ ਹਰ ਹੀਲੇ ਪੁੱਟਣੀ ਪੈਣੀ ਹੈ, ਹੁਣ ਤੁਸੀਂ ਅਗਲੀ ਤਰੀਕ ਉੱਤੇ ਦੱਸੋ ਕਿ ਤੁਹਾਡੀ ਇਸ ਬਾਰੇ ਕੀ ਸਲਾਹ ਹੈ? ਇਸ ਲਈ ਜਿਥੇ ਕੇਂਦਰ ਦੀ ਪੰਜਾਬ ਨਾਲ ਧੱਕੇਸ਼ਾਹੀ ਜ਼ਿੰਮੇਵਾਰ ਹੈ, ਉਥੇ ਪੰਜਾਬ ਦੀਆਂ ਮੌਕੇ ਦਰ ਮੌਕੇ ਦੀਆਂ ਸਰਕਾਰਾਂ ਵੀ ਓਨੀਆਂ ਹੀ ਜ਼ਿੰਮੇਵਾਰ ਹਨ। ਪੰਜਾਬ ਦੀ ਕਿਸੇ ਵੀ ਸਰਕਾਰ ਨੇ ਪੰਜਾਬ ਦਾ ਕੇਸ ਸਹੀ ਸਟੈਂਡ 'ਤੇ ਖੜੋ ਕੇ ਨਹੀਂ ਲੜਿਆ।

ਪੰਜਾਬ ਦਾ ਪਾਣੀ ਬਚਾਉਣ ਦੇ ਆਖਰੀ ਹੀਲੇ ਵਜੋਂ ਲੋਕ ਇਨਸਾਫ ਪਾਰਟੀ ਨੇ ਪੰਜਾਬ ਵਿਧਾਨ ਸਭਾ ਦੇ ਵਿੱਚ ਇਕ ਪ੍ਰਾਈਵੇਟ ਬਿੱਲ ਆਉਂਦੇ ਬਜਟ ਸੈਸ਼ਨ ਵਿੱਚ ਲਿਆਉਣ ਦਾ ਫੈਸਲਾ ਕੀਤਾ ਹੈ। ਜੇ ਇਹ ਬਿੱਲ ਵਿਧਾਨ ਸਭਾ ਵਿੱਚ ਪਾਸ ਹੋ ਜਾਂਦਾ ਹੈ ਤਾਂ ਇਹ ਜਿਥੇ ਸਤਲੁਜ-ਯਮੁਨਾ ਲਿੰਕ ਨਹਿਰ ਨੂੰ ਰੋਕਣ ਵਿੱਚ ਕਾਮਯਾਬ ਹੋ ਸਕਦਾ ਹੈ, ਉਥੇ ਇਸ ਨਾਲ ਪੰਜਾਬ ਦੇ ਕੁੱਲ ਪਾਣੀ ਦਾ 75 ਫੀਸਦੀ ਬਾਹਰਲੇ ਸੂਬਿਆਂ ਨੂੰ ਜਾਂਦਾ ਪਾਣੀ ਰੁਕ ਸਕਦਾ ਹੈ। ਜੇ ਦੇਣਾ ਹੋਵੇ ਤਾਂ ਇਸ ਨਾਲ ਪੰਜਾਬ ਨੂੰ ਸਲਾਨਾ ਲੱਖਾਂ ਕਰੋੜ ਰੁਪਏ ਦੀ ਕਮਾਈ ਹੋ ਸਕਦੀ ਹੈ। ਬੀਤੇ ਪੰਜਾਹ ਸਾਲਾਂ ਤੋਂ ਰਾਜਸਥਾਨ ਵੱਲੋਂ ਪੰਜਾਬ ਦੇ ਲਏ ਜਾਂਦੇ ਪਾਣੀ ਦੀ ਕੀਮਤ 16 ਲੱਖ ਕਰੋੜ ਰੁਪਏ ਬਣਦੀ ਹੈ।

ਪੰਜਾਬ ਹਰਿਆਣਾ ਵਿਚਕਾਰ ਦਰਿਆਈ ਪਾਣੀਆਂ ਦੇ ਝਗੜੇ ਨੂੰ ਆਮ ਤੌਰ ਉੱਤੇ ਪਾਣੀ ਦੀ ਵੰਡ ਦਾ ਝਗੜਾ ਸਮਝਿਆ ਜਾਂਦਾ ਹੈ ਤੇ ਪੰਜਾਬ ਦੀਆਂ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਇਸ ਝਗੜੇ ਨੂੰ ਵੰਡ ਦੇ ਝਗੜੇ ਵਾਲੇ ਸਟੈਂਡ 'ਤੇ ਖੜੋ ਕੇ ਲੜਾਈ ਲੜੀ ਗਈ ਹੈ। ਪੰਜਾਬ ਹਰਿਆਣਾ ਦੇ ਝਗੜੇ ਨੂੰ ਅਸਲ ਵਿੱਚ ਮਾਲਕੀ ਦੇ ਝਗੜੇ ਵਜੋਂ ਲੈਂਦਿਆਂ ਇਸੇ ਸਟੈਂਡ ਉੱਤੇ ਖੜ ਕੇ ਪੰਜਾਬ ਨੂੰ ਲੜਾਈ ਲੜਨੀ ਚਾਹੀਦੀ ਸੀ। ਸੰਵਿਧਾਨ ਮੁਤਾਬਕ ਹਰਿਆਣਾ ਪੰਜਾਬ ਦੇ ਦਰਿਆਵਾਂ ਦੀ ਮਾਲਕੀ ਵਿੱਚ ਹਿੱਸੇਦਾਰ ਹੋ ਹੀ ਨਹੀਂ ਸਕਦਾ। ਗੈਰ ਸੰਵਿਧਾਨਿਕ ਤਰੀਕੇ ਨਾਲ ਪੰਜਾਬ ਹਰਿਆਣੇ ਦੀ ਵੰਡ ਮੌਕੇ ਬਣੇ ਪੰਜਾਬ ਪੁਨਰਗਠਨ ਐਕਟ 1966 ਦੀ ਦਫਾ 78 ਰਾਹੀਂ ਹਰਿਆਣਾ ਨੂੰ ਹਿੱਸੇਦਾਰ ਬਣਾਇਆ ਗਿਆ ਹੈ। ਪੰਜਾਬ ਨੂੰ ਚਾਹੀਦਾ ਸੀ ਕਿ ਉਹ ਹਰਿਆਣੇ ਦੀ ਮਾਲਕੀ ਵਿੱਚ ਹਿੱਸੇਦਾਰੀ ਕਾਇਮ ਕਰਨ ਵਾਲੀ ਪੰਜਾਬ ਪੁਨਰ ਗਠਨ ਦੀ ਧਾਰਾ 78 ਨੂੰ ਰੱਦ ਕਰਾਉਣ ਦੀ ਲੜਾਈ ਲੜਦਾ। ਜੇ ਉਹਦੀ ਪਾਣੀਆਂ 'ਚ ਹਿੱਸੇਦਾਰੀ ਖਤਮ ਹੋ ਜਾਵੇ ਤਾਂ ਪਿੱਛੋਂ ਵੰਡ ਦਾ ਕੋਈ ਝਗੜਾ ਹੀ ਨਹੀਂ ਰਹਿੰਦਾ। ਸਮੇਂ-ਸਮੇਂ ਆਏ ਪੰਜਾਬ ਦੇ ਸਾਰੇ ਮੁੱਖ ਮੰਤਰੀ ਹਮੇਸ਼ਾ ਇਹੀ ਦਲੀਲ ਦਿੰਦੇ ਰਹੇ ਹਨ ਕਿ ਸਾਡੇ ਕੋਲ ਵਾਧੂ ਪਾਣੀ ਨਹੀਂ ਹੈ। ਇਹ ਦਲੀਲ ਕਿਸੇ ਤਰਕ ਦੀ ਕਸੌਟੀ 'ਤੇ ਨਹੀਂ ਸੀ ਖੜੋਦੀ। ਬਲਕਿ ਪੰਜਾਬ ਦਾ ਸਟੈਂਡ ਇਹ ਹੋਣਾ ਚਾਹੀਦਾ ਸੀ ਕਿ ਹਰਿਆਣੇ ਦੀ ਪੰਜਾਬ ਦੇ ਪਾਣੀ ਵਿੱਚੋਂ ਕੋਈ ਹਿੱਸੇਦਾਰੀ ਨਹੀਂ ਬਣਦੀ।

**ਮਸਲੇ ਦੀ ਜੜ੍ਹ 78 ਗੈਰ-ਸੰਵਿਧਾਨਕ ਕਿਵੇਂ**

ਭਾਰਤੀ ਸੰਵਿਧਾਨ ਦੇ ਸੱਤਵੇਂ ਸ਼ੈਡਿਊਲ (ਸਟੇਟ ਲਿਸਟ) ਦੀ 17ਵੀਂ ਐਂਟਰੀ ਮੁਤਾਬਕ ਗੈਰ ਅੰਤਰਰਾਜੀ ਦਰਿਆਵਾਂ ਅਤੇ ਇਨ੍ਹਾਂ ਉੱਤੇ ਬਣਨ ਵਾਲੇ ਪਣ ਬਿਜਲੀ ਪ੍ਰਾਜੈਕਟਾਂ ਦੀ ਮੁਕੰਮਲ ਮਾਲਕੀ ਉਨ੍ਹਾਂ ਰਾਜਾਂ ਦੀ ਹੈ, ਜਿਨ੍ਹਾਂ ਵਿਚ ਦੀ ਇਹ ਦਰਿਆ ਲੰਘਦੇ ਹੋਣ। ਕੇਂਦਰ ਇਨ੍ਹਾਂ ਬਾਰੇ ਕੋਈ ਕਾਨੂੰਨ ਨਹੀਂ ਬਣਾ ਸਕਦਾ। ਭਾਰਤੀ ਸੰਵਿਧਾਨ ਦੇ ਸੱਤਵੇਂ ਸ਼ੈਡਿਊਲ ਦੀ (ਯੂਨੀਅਨ ਲਿਸਟ) ਦੀ ਐਂਟਰੀ ਨੰਬਰ 56 ਹੇਠ ਕੇਂਦਰ ਦੀ ਸਰਕਾਰ ਸਿਰਫ ਅੰਤਰ ਰਾਜੀ ਦਰਿਆਵਾਂ ਸਬੰਧੀ ਕਾਨੂੰਨ ਬਣਾ ਸਕਦੀ ਹੈ। ਹਰਿਆਣਾ ਤੇ ਰਾਜਸਥਾਨ ਦਾ ਪੰਜਾਬ ਦੇ ਦਰਿਆਵਾਂ ਨਾਲ ਕੋਈ ਲਾਗਾ ਦੇਗਾ ਨਹੀਂ, ਭਾਵ ਪੰਜਾਬ ਦੇ ਦਰਿਆਵਾਂ ਦਾ ਹਰਿਆਣਾ ਤੇ ਰਾਜਸਥਾਨ ਨਾਲ ਕੋਈ ਅੰਤਰਰਾਜੀ ਸੰਬੰਧ ਨਹੀਂ ਬਣਦਾ। ਸੰਵਿਧਾਨ ਦੇ ਉਕਤ ਹਵਾਲਿਆਂ ਮੁਤਾਬਕ ਕੇਂਦਰ ਕੋਲ ਅਜਿਹਾ ਕਾਨੂੰਨ ਬਣਾਉਣ ਦਾ ਅਧਿਕਾਰ ਨਹੀਂ ਜੋ ਪੰਜਾਬ ਦੇ ਦਰਿਆਵਾਂ ਨਾਲ ਹਰਿਆਣਾ ਤੇ ਰਾਜਸਥਾਨ ਦਾ ਕੋਈ ਸਬੰਧ ਜੋੜਦਾ ਹੋਵੇ। ਇਸ ਤਰ੍ਹਾਂ ਪੰਜਾਬ ਰੀਆਰਗੇਨਾਈਜ਼ੇਸ਼ਨ ਐਕਟ ਦੇ ਰਾਹੀਂ ਪੰਜਾਬ ਦੇ ਪਾਣੀ ਅਤੇ ਪਣ-ਬਿਜਲੀ ਪ੍ਰਾਜੈਕਟਾਂ ਵਿੱਚ ਹਰਿਆਣਾ ਤੇ ਰਾਜਸਥਾਨ ਨੂੰ ਹਿੱਸੇਦਾਰ ਬਣਾਉਂਦੀਆਂ ਦਫਾ 78, 79 ਅਤੇ 80 ਗੈਰ ਸੰਵਿਧਾਨਿਕ ਹਨ।

**ਦਫਾ 78 ਨੂੰ ਰੱਦ ਕਰਾਉਣ ਦਾ ਰਾਹ ਬੰਦ**

ਦਫਾ 78 ਨੂੰ ਰੱਦ ਕਰਾਉਣ ਲਈ ਪੰਜਾਬ ਦੋ ਵਾਰ ਕੋਸ਼ਿਸ਼ ਕਰ ਚੁੱਕਾ ਹੈ। ਪਹਿਲੀ ਕੋਸ਼ਿਸ਼ ਵਿੱਚ ਪ੍ਰਕਾਸ਼ ਸਿੰਘ ਬਾਦਲ ਨੇ 11 ਜੁਲਾਈ 1979 ਨੂੰ ਸੁਪਰੀਮ ਕੋਰਟ ਵਿੱਚ ਦਫਾ 78 ਨੂੰ ਰੱਦ ਕਰਾਉਣ ਖਾਤਰ ਪਟੀਸ਼ਨ ਪਾਈ ਸੀ। ਮੁੱਖ ਮੰਤਰੀ ਦਰਬਾਰਾ ਸਿੰਘ ਨੇ 12 ਫਰਵਰੀ 1982 ਵਿੱਚ ਇਹ ਪਟੀਸ਼ਨ ਵਾਪਸ ਲੈ ਲਈ। ਕੈਪਟਨ ਅਮਰਿੰਦਰ ਸਿੰਘ ਨੇ 13 ਜਨਵਰੀ 2003 ਦੇ ਦਿਨ ਸੁਪਰੀਮ ਕੋਰਟ ਵਿੱਚ ਦਫਾ 78 ਨੂੰ ਮੁੜ ਚੈਲਿੰਜ ਕੀਤਾ। ਚਾਰ ਜੂਨ 2004 ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਵਾਲੇ ਫੈਸਲੇ ਦੇ ਨਾਲ ਸੁਪਰੀਮ ਕੋਰਟ ਨੇ ਆਖਿਆ ਕਿ ਕਿਉਂਕਿ ਪੰਜਾਬ ਨੇ ਜਦੋਂ ਇਕ ਵਾਰ ਦਫਾ 78 ਦੀ ਪਟੀਸ਼ਨ ਵਾਪਸ ਲੈ ਲਈ ਹੈ ਤਾਂ ਪੰਜਾਬ ਮੁੜ ਉਹੀ ਕੇਸ ਦੂਜੀ ਵਾਰ ਸੁਪਰੀਮ ਕੋਰਟ ਵਿੱਚ ਨਹੀਂ ਲਿਆ ਸਕਦਾ। ਇਸ ਬਾਰੇ 1966 ਦੇ ਸੁਪਰੀਮ ਕੋਰਟ ਦੇ ਰੂਲ ਛੇ ਹੇਠ ਜਾਰੀ ਹੋਏ ਆਡਰ ਨੇ 23 ਦਾ ਹਵਾਲਾ ਦਿੱਤਾ ਗਿਆ। ਸੁਪਰੀਮ ਕੋਰਟ ਦੇ ਇਸ ਫੈਸਲੇ ਤੋਂ ਪਹਿਲਾਂ ਹੀ ਪੰਜਾਬ ਨੇ ਉਕਤ ਰੂਲਜ਼ ਨੂੰ ਵੀ ਸੁਪਰੀਮ ਕੋਰਟ ਵਿੱਚ ਚੈਲਿੰਜ ਕੀਤਾ ਜਿਥੇ ਪੰਜਾਬ ਦੀ ਇਹ ਦਰਖਾਸਤ ਮੁੱਢਲੇ ਪੜਾਅ 'ਤੇ ਹੀ ਰੱਦ ਹੋ ਗਈ।



**ਚਲਾਕੀ ਭਰਿਆ ਤਰੀਕਾ**

ਕੈਪਟਨ ਅਮਰਿੰਦਰ ਸਿੰਘ ਨੇ ਪਾਣੀਆਂ ਬਾਰੇ ਸਮਝੌਤਾ ਤੋੜੂ ਐਕਟ 2004 ਪਾਸ ਕਰਕੇ ਸਤਲੁਜ ਯਮੁਨਾ ਲਿੰਕ ਨਹਿਰ ਰੋਕਣ ਦੀ ਕੱਚੀ ਕੋਸ਼ਿਸ਼ ਕੀਤੀ ਸੀ। ਕਿਉਂਕਿ ਪੰਜਾਬ ਨੇ ਹਰਿਆਣੇ ਨੂੰ ਪਾਣੀ ਕਿਸੇ ਸਮਝੌਤੇ ਤਹਿਤ ਨਹੀਂ ਸੀ ਦੇਣਾ, ਬਲਕਿ ਇਹ ਉਸ ਨੂੰ ਦਫਾ 78 ਹੇਠ ਮਿਲੇ ਹੱਕ ਦੇਣ ਖਾਤਰ ਹੀ ਹੋਏ ਸਨ। ਇਸ ਐਕਟ ਬਾਰੇ ਕੇਂਦਰ ਸਰਕਾਰ ਨੇ ਰਾਸ਼ਟਰਪਤੀ ਰਾਹੀਂ ਜਿਹੜੀ ਸੁਪਰੀਮ ਕੋਰਟ ਤੋਂ ਰਾਏ ਪੁੱਛੀ, ਉਹਦਾ ਸਵਾਲਨਾਮਾ ਇਸ ਤਰੀਕੇ ਨਾਲ ਬਣਾਇਆ ਗਿਆ ਕਿ ਇਹ ਰਾਏ ਪੰਜਾਬ ਦੇ ਖਿਲਾਫ ਹੀ ਆਵੇ। ਕੇਂਦਰ ਨੇ ਰਾਸ਼ਟਰਪਤੀ ਰਾਹੀਂ ਸੁਪਰੀਮ ਕੋਰਟ ਤੋਂ ਹੇਠ ਲਿਖੇ ਨੁਕਤਿਆਂ 'ਤੇ ਰਾਇ ਮੰਗੀ ਸੀ।

1. ਕੀ ਪੰਜਾਬ ਦਾ ਇਹ ਕਾਨੂੰਨ ਸੰਵਿਧਾਨ ਦੇ ਮੁਤਾਬਕ ਹੈ?

2. ਕੀ ਇਹ ਅਮਲ ਅੰਤਰ ਰਾਜੀ ਝਗੜਿਆਂ ਬਾਰੇ 1956 ਦੇ ਐਕਟ ਦੀ ਦਫਾ 14 ਦੀ ਉਲੰਘਣਾ ਤਾਂ ਨਹੀਂ? (ਬੀ) ਕੀ ਇਹ ਐਕਟ ਪੰਜਾਬ ਪੁਨਰਗਠਨ ਐਕਟ 1966 ਦੀ ਦਫਾ 78 ਦੀ ਉਲੰਘਣਾ ਤਾਂ ਨਹੀਂ? (ਸੀ) ਅਤੇ ਇਹ ਐਕਟ 24 ਮਾਰਚ 1976 ਨੂੰ ਜਾਰੀ ਕੀਤੇ ਨੋਟੀਫਿਕੇਸ਼ਨ ਦੀ ਉਲੰਘਣਾ ਤਾਂ ਨਹੀਂ?

ਰਾਸ਼ਟਰਪਤੀ ਦੀ ਦੂਜੀ ਪੁੱਛ ਦੇ ਤਿੰਨੇ ਨੁਕਤਿਆਂ ਉੱਤੇ ਪੰਜਾਬ ਦਾ ਕਾਨੂੰਨ ਉਲੰਘਣਾ ਕਰਦਾ ਜਾਪਦਾ ਹੈ, ਕਿਉਂਕਿ ਉਕਤ ਤਿੰਨੇ ਨੁਕਤਿਆਂ ਵਾਲੇ ਕਾਨੂੰਨ ਅਤੇ ਨੋਟੀਫਿਕੇਸ਼ਨ ਰਾਵੀ-ਬਿਆਸ ਦਾ ਪਾਣੀ ਹਰਿਆਣਾ ਨੂੰ ਦੇ ਰਹੇ ਹਨ ਤਾਂ ਪੰਜਾਬ ਦਾ ਐਕਟ ਇਸ ਗੱਲ ਨੂੰ ਰੋਕ ਰਿਹਾ ਹੈ, ਜੋ ਕਿ ਸਿੱਧੀ ਉਲੰਘਣਾ ਹੈ।

3. ਕੀ ਪੰਜਾਬ ਦਾ ਐਕਟ ਪੰਜਾਬ ਵੱਲੋਂ 31 ਦਸੰਬਰ 1981 ਨੂੰ ਪਾਣੀਆਂ ਬਾਰੇ ਕੀਤੇ ਸਮਝੌਤੇ ਦੀ ਉਲੰਘਣਾ ਹੈ?

4. ਕੀ ਪੰਜਾਬ ਨੇ ਸੁਪਰੀਮ ਕੋਰਟ ਵੱਲੋਂ ਐਸ ਵਾਈ ਐਲ ਨਹਿਰ ਦੀ ਪੁਟਾਈ ਕਰਨ ਲਈ ਸੁਪਰੀਮ ਕੋਰਟ ਵੱਲੋਂ ਜਾਰੀ ਕੀਤੇ ਹੁਕਮਾਂ ਦੀ ਪਾਲਣਾ ਕਰਨ ਖਾਤਰ ਆਪਣੇ ਫਰਜ਼ ਨਿਭਾਏ ਹਨ? ਉਪਰੋਕਤ ਸਾਰੇ ਨੁਕਤਿਆਂ 'ਤੇ ਰਾਏ ਪੰਜਾਬ ਦੇ ਖਿਲਾਫ ਜਾਣੀ ਸੀ ਅਤੇ ਗਈ। ਪੰਜਾਬ ਦਾ ਇਹ ਐਕਟ ਪੁਨਰ ਗਠਨ ਐਕਟ 1966 ਦੀ ਦਫਾ 78 ਅਤੇ 1956 ਵਾਲੇ ਐਕਟ ਦੀ ਉਲੰਘਣਾ ਕਰਦਾ ਹੀ ਸੀ। ਤੇ ਨਾਲੋਂ-ਨਾਲ 24 ਮਾਰਚ 1976 ਦੇ ਨੋਟੀਫਿਕੇਸ਼ਨ ਅਤੇ 31 ਦਸੰਬਰ 1981 ਵਾਲੇ ਸਮਝੌਤੇ ਦੀ ਵੀ ਉਲੰਘਣਾ ਸੀ।

**ਕਿੱਥੇ ਖੁੰਝਿਆ ਪੰਜਾਬ**

ਪੰਜਾਬ ਸਰਕਾਰ ਨੂੰ ਚਾਹੀਦਾ ਸੀ ਕਿ ਰਾਸ਼ਟਰਪਤੀ ਵੱਲੋਂ ਸੁਪਰੀਮ ਕੋਰਟ ਤੋਂ ਪੁੱਛੀ ਸਲਾਹ ਵਿੱਚ ਆਪਣਾ ਪੰਜਵਾਂ ਨੁਕਤਾ ਜੁੜਵਾਉਂਦੀ, ਜਿਸ ਵਿੱਚ ਇਹ ਪੁੱਛਿਆ ਜਾਂਦਾ ਕਿ ਕੀ 1966 ਵਾਲੇ ਐਕਟ ਦੀ ਦਫਾ 78 ਤੇ 1956 ਵਾਲੇ ਐਕਟ ਦੀ ਦਫਾ 14 ਸੰਵਿਧਾਨ ਮੁਤਾਬਕ ਸਹੀ ਨੇ? ਜੇ ਇਹ ਨੁਕਤਾ ਜੁੜ ਜਾਂਦਾ ਤਾਂ ਸੁਪਰੀਮ ਕੋਰਟ ਦੀ ਰਾਇ ਪੰਜਾਬ ਦੇ ਹੱਕ ਵਿੱਚ ਹੋਣੀ ਸੀ। ਦਫਾ 78 ਅਤੇ ਦਫਾ 14 ਦੋਵੇਂ ਹੀ ਸੰਵਿਧਾਨ ਮੁਤਾਬਕ ਗਲਤ ਹਨ। 1976 ਵਾਲਾ ਨੋਟੀਫਿਕੇਸ਼ਨ ਤੇ 1981 ਵਾਲਾ ਸਮਝੌਤਾ ਵੀ ਦਫਾ 78 ਮੁਤਾਬਕ ਹੋਇਆ ਸੀ। ਇਸ ਲਈ ਉਪਰੋਕਤ ਨੋਟੀਫਿਕੇਸ਼ਨ ਅਤੇ ਸਮਝੌਤੇ ਵੀ ਖੁਦ ਬਖੁਦ ਰੱਦ ਹੋ ਜਾਣੇ ਸਨ, ਪਰ 2012 ਤੋਂ ਲੈ ਕੇ 2016 ਤੱਕ ਲਗਭਗ ਚਾਰ ਸਾਲ ਪੰਜਾਬ ਸਰਕਾਰ ਨੇ ਇਸ ਵੱਲ ਧਿਆਨ ਨਹੀਂ ਦਿੱਤਾ।

ਕਿਸੇ ਖੇਤ ਦੇ ਮਾਲਕੀ ਦੇ ਕਾਗਜ਼ਾਂ ਨੂੰ ਫਰਦ ਜਮ੍ਹਾਂਬੰਦੀ ਆਖਿਆ ਜਾਂਦਾ ਹੈ। ਇਸ ਵਿੱਚ ਇਕ ਕਾਲਮ ਮਾਲਕੀ ਦਾ ਹੁੰਦਾ ਹੈ, ਜਿਸ ਵਿੱਚ ਖੇਤ ਦੇ ਮਾਲਕ ਜਾਂ ਮਾਲਕਾਂ ਦਾ ਨਾਂਅ ਦਰਜ ਹੁੰਦਾ ਹੈ ਤੇ ਮਾਲਕੀ ਵਿੱਚ ਉਸ ਦੀ ਹਿੱਸੇਦਾਰੀ ਵੀ ਹੁੰਦੀ ਹੈ। ਜੇ ਕੋਈ ਚਲਾਕ ਬੰਦਾ ਮਹਿਕਮੇ ਦੇ ਅਫਸਰਾਂ ਦੀ ਮਿਲੀਭੁਗਤ ਨਾਲ ਖਾਨਾ ਮਾਲਕੀ ਵਿੱਚ ਆਪਣਾ ਨਾਂਅ ਦਰਜ ਕਰਵਾ ਦੇਵੇ ਤਾਂ ਉਹ ਖੇਤ ਦੀ ਮਾਲਕੀ ਵਿੱਚ ਹਿੱਸੇਦਾਰ ਬਣ ਜਾਂਦਾ ਹੈ। ਅਜਿਹੇ ਮੌਕੇ ਅਸਲ ਮਾਲਕ ਖੇਤ ਵਿੱਚ ਨਾਜਾਇਜ਼ ਤੌਰ 'ਤੇ ਹਿੱਸੇਦਾਰ ਬਣੇ ਵਿਅਕਤੀ ਨੂੰ ਇਹ ਕਹਿ ਕੇ ਹਿੱਸਾ ਦੇਣ ਤੋਂ ਇਨਕਾਰੀ ਨਹੀਂ ਹੋ ਸਕਦਾ ਕਿ ਮੇਰੇ ਕੋਲ ਤਾਂ ਪਹਿਲਾਂ ਹੀ ਜ਼ਮੀਨ ਬੜੀ ਥੋੜ੍ਹੀ ਹੈ। ਅਸਲ ਮਾਲਕ ਇਸ ਤਰ੍ਹਾਂ ਨਾਜਾਇਜ਼ ਹਿੱਸੇਦਾਰ ਦੀ ਹਿੱਸੇਦਾਰੀ ਨੂੰ ਰੱਦ ਕਰਾਉਣ ਖਾਤਰ ਦਰੁਸਤੀ ਜਾਂ ਜਮ੍ਹਾਂਬੰਦੀ ਦਾ ਮੁਕਦਮਾ ਦਾਇਰ ਕਰਦਾ ਹੈ। ਜੇ ਕੋਈ ਭੋਲਾ ਮਾਲਕ ਜਮ੍ਹਾਂਬੰਦੀ ਉੱਤੇ ਕੋਈ ਉਜਰ ਨਾ ਕਰੇ ਅਤੇ ਇਹੀ ਰਟ ਲਾਈ ਰੱਖੇ ਕਿ ਮੇਰੇ ਨਾਲ ਧੱਕਾ ਹੋਇਆ ਹੈ, ਮੇਰੇ ਕੋਲ ਪਹਿਲਾਂ ਜ਼ਮੀਨ ਥੋੜ੍ਹੀ ਹੈ ਤਾਂ ਅਸਲ ਮਾਲਕ ਨੂੰ ਕਿਸੇ ਦਫਤਰ ਤੇ ਕਿਸੇ ਅਦਾਲਤ ਤੋਂ ਇਨਸਾਫ ਦੀ ਉਮੀਦ ਨਹੀਂ ਰੱਖਣੀ ਚਾਹੀਦੀ।

ਇਹੀ ਵਪਾਰਿਆ ਹੈ ਪੰਜਾਬ ਨਾਲ। ਹਰਿਆਣਾ ਤੇ ਰਾਜਸਥਾਨ ਦਫਾ 78 ਰਾਹੀਂ ਨਜਾਇਜ਼ ਤੌਰ 'ਤੇ ਕੇਂਦਰ ਦੀ ਮਿਲੀਭੁਗਤ ਨਾਲ ਪਾਣੀ ਦੇ ਖਾਨਾ ਮਾਲਕੀ ਵਿੱਚ ਧੱਕੇ ਨਾਲ ਆ ਵੜੇ। ਪੰਜਾਬ ਨੇ ਕਦੇ ਵੀ ਦਫਾ 78 ਨੂੰ ਝਗੜੇ ਦਾ ਕੇਂਦਰੀ ਮੁੱਦਾ ਨਹੀਂ ਬਣਾਇਆ। ਪੰਜਾਬ ਨੂੰ ਇਨਸਾਫ ਨਾ ਮਿਲਣ ਦੀ ਵੱਡੀ ਵਜ੍ਹਾ ਇਹੀ ਹੈ। ਜੇ ਸਿੱਧੇ ਤਰੀਕੇ ਨਾਲ ਕਹੀਏ ਤਾਂ ਗੱਲ ਇਹ ਬਣਦੀ ਹੈ ਕਿ ਗਲਤ ਜਮ੍ਹਾਂਬੰਦੀ ਦਿਖਾ ਕੇ ਸੁਪਰੀਮ ਕੋਰਟ ਤੋਂ ਇਹ ਪੁੱਛਿਆ ਗਿਆ ਕਿ ਕੀ ਜਮ੍ਹਾਂਬੰਦੀ ਮੁਤਾਬਕ ਹਰਿਆਣੇ ਦਾ ਹੱਕ ਬਣਦਾ ਹੈ ਜਿਹਦੇ 'ਤੇ ਸੁਪਰੀਮ ਕੋਰਟ ਨੇ ਆਖ ਦਿੱਤਾ ਕਿ ਬਣਦਾ ਹੈ। ਇਸ ਦੀ ਥਾਂ ਜੇ ਇਹ ਪੁੱਛਿਆ ਜਾਂਦਾ ਕੇ ਕੀ ਜਮ੍ਹਾਂਬੰਦੀ ਸਹੀ ਹੈ ਤਾਂ ਸੁਪਰੀਮ ਕੋਰਟ ਜਮ੍ਹਾਂਬੰਦੀ ਨੂੰ ਠੀਕ ਨਹੀਂ ਸੀ ਆਖ ਸਕਦਾ ਤੇ ਹਰਿਆਣੇ ਦਾ ਹੱਕ ਜਮ੍ਹਾਂਬੰਦੀ ਦੇ ਨਾਲ ਰੱਦ ਹੋ ਜਾਣਾ ਸੀ।

**ਕੀ ਹੈ ਸਾਡਾ ਬਿੱਲ**

ਪੰਜਾਬ ਲਈ ਦਫਾ 78 ਨੂੰ ਅਦਾਲਤੀ ਚਾਰਾਜੋਈ ਕਰਨ ਦੇ ਸਾਰੇ ਰਾਹ ਬੰਦ ਹੋਏ ਪਏ ਨੇ, ਪਰ ਰਾਸ਼ਟਰਪਤੀ ਕੋਲ ਇਹ ਅਧਿਕਾਰ ਹੈ ਕਿ ਉਹ ਸੁਪਰੀਮ ਕੋਰਟ ਤੋਂ ਦਫਾ 78 ਬਾਰੇ ਰਾਇ ਲੈ ਸਕਦੇ ਨੇ। ਸਾਡੇ ਵੱਲੋਂ ਵਿਧਾਨ ਸਭਾ ਵਿੱਚ ਪੇਸ਼ ਕੀਤਾ ਜਾਣ ਵਾਲਾ ਬਿੱਲ ਇਹ ਹੈ ਕਿ ਵਿਧਾਨ ਸਭਾ ਇਕ ਬਿੱਲ ਪਾਸ ਕਰਕੇ ਕੇਂਦਰ ਸਰਕਾਰ ਨੂੰ ਘੱਲੇ ਕਿ ਉਹ ਰਾਸ਼ਟਰਪਤੀ ਰਾਹੀਂ ਸੁਪਰੀਮ ਕੋਰਟ ਤੋਂ ਪਹਿਲਾਂ ਮੰਗੇ ਪ੍ਰੈਜ਼ੀਡੈਂਸ਼ੀਅਲ ਰੈਫਰੈਂਸ 2004 ਰਾਹੀਂ ਮੰਗੀ ਰਾਇ ਦੇ ਚਾਰ ਨੁਕਾਤੀ ਸਵਾਲਨਾਮੇ ਵਿੱਚ ਇਕ ਸਪਲੀਮੈਂਟਰੀ ਸਵਾਲ ਹੋਰ ਜੋੜ ਕੇ ਇਹ ਪੁੱਛੇ ਕਿ ਕੀ ਦਫਾ 78 ਅਤੇ 1956 ਦੀ ਦਫਾ 14 ਭਾਰਤੀ ਸੰਵਿਧਾਨ ਮੁਤਾਬਕ ਜਾਇਜ਼ ਹੈ? ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਸੁਪਰੀਮ ਕੋਰਟ ਦਫਾ 78 ਨੂੰ ਸੰਵਿਧਾਨ ਦੀ ਰੋਸ਼ਨੀ ਵਿੱਚ ਰੱਦ ਕਰੇਗੀ। ਇਹੀ ਪੰਜਾਬ ਨਾਲ ਹੋਈ ਬੇਇਨਸਾਫੀ ਦੂਰ ਕਰਨ ਦਾ ਇਕੋ-ਇਕ ਤੇ ਆਖਰੀ ਰਾਹ ਹੈ। ਪੰਜਾਬ ਵਿਧਾਨ ਸਭਾ ਵਿੱਚ ਬੈਠੇ ਦੋ ਪ੍ਰਮੁੱਖ ਧਿਰਾਂ ਦੇ ਆਗੂ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਦਫਾ 78 ਨੂੰ ਰੱਦ ਕਰਾਉਣ ਲਈ ਸੁਪਰੀਮ ਕੋਰਟ ਜਾ ਚੁੱਕੇ ਨੇ। ਇਸ ਤਰ੍ਹਾਂ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀਆਂ ਇਸ ਬਾਰੇ ਕੀਤੀਆਂ ਪਹਿਲੀਆਂ ਕੋਸ਼ਿਸ਼ਾਂ ਨੂੰ ਕਾਮਯਾਬ ਕਰਨ ਖਾਤਰ ਮਾਰੇ ਜਾ ਰਹੇ ਇਸ ਆਖਰੀ ਹੰਭਲੇ ਵਿੱਚ ਸਹਿਯੋਗ ਦੇਣ। ਆਮ ਆਦਮੀ ਪਾਰਟੀ ਪਹਿਲਾਂ ਹੀ ਇਸ ਬਿੱਲ ਨੂੰ ਹਮਾਇਤ ਦੇ ਚੁੱਕੀ ਹੈ। ਸਾਡੇ ਵੱਲੋਂ ਸਰਕਾਰ ਨੂੰ ਅਪੀਲ ਹੈ ਕਿ ਜੇ ਉਹ ਆਪਣੇ ਵੱਲੋਂ ਕਿਸੇ ਵੀ ਹੋਰ ਤਰੀਕੇ ਨਾਲ ਇਹ ਬਿੱਲ ਪਾਸ ਕਰਾਉਣਾ ਚਾਹੇ ਤਾਂ ਵੀ ਅਸੀਂ ਰਾਜੀ ਹਾਂ। ਮਾਮਲਾ ਸਿਹਰਾ ਲੈਣ ਦਾ ਨਹੀਂ, ਬਲਕਿ ਪੰਜਾਬ ਦਾ ਪਾਣੀ ਬਚਾਉਣ ਦਾ ਹੈ।

# ਪੁਲਿਸ ਵਰਦੀ ਨੋਟ ਕਮਾਉਣ ਦਾ ਵਸੀਲਾ ਨਾ ਬਣੇ ਤੇ ਥਾਣਿਆਂ ਵਿੱਚ ਸ਼ਰੀਫਾਂ ਨੂੰ ਨਮੋਸ਼ੀ ਨਾ ਮਿਲੇ



ਲਕਸ਼ਮੀ ਕਾਂਤਾ ਚਾਵਲਾ

ਭਾਰਤ ਨੂੰ ਆਜ਼ਾਦ ਹੋਏ 70 ਵਰ੍ਹੇ ਹੋ ਚੁੱਕੇ ਹਨ। ਦੇਸ਼ ਦੇ ਪ੍ਰਧਾਨ ਮੰਤਰੀ ਹੁਣ ਸੁਪਨਾ ਦੇਖ ਰਹੇ ਹਨ ਕਿ ਆਜ਼ਾਦੀ ਦੀ ਡਾਇਮੰਡ ਜੁਬਲੀ ਅਰਥਾਤ 75 ਵਰ੍ਹੇ ਪੂਰੇ ਹੋਣ 'ਤੇ ਦੇਸ਼ ਦਾ ਕੋਈ ਵਿਅਕਤੀ ਸੜਕ 'ਤੇ ਨਾ ਰਹੇ, ਸਭਨਾਂ ਨੂੰ ਆਪਣਾ ਮਕਾਨ ਮਿਲੇ। ਕੋਈ ਵੀ ਖੁੱਲ੍ਹੇ ਵਿੱਚ ਪਖਾਨੇ ਆਦਿ ਲਈ ਨਾ ਜਾਏ ਅਤੇ ਹਰ ਘਰ ਵਿੱਚ ਪਖਾਨਾ ਬਣੇ। ਇਹ ਵੀ ਚਰਚਾ ਹੋ ਰਹੀ ਹੈ ਕਿ ਕੁਪੋਸ਼ਣ ਦਾ ਸ਼ਿਕਾਰ ਬੱਚਿਆਂ ਨੂੰ ਭੋਜਨ ਮਿਲੇ। ਇਹ ਵਿਚਾਰ ਚੰਗੇ ਹਨ, ਪਰ ਜੋ ਕੋਈ ਸੁਪਨਾ ਦੇਸ਼ ਦੇ ਮੌਜੂਦਾ ਤੇ ਸਾਬਕਾ ਸ਼ਾਸਕਾਂ ਵੱਲੋਂ ਨਹੀਂ ਦੇਖਿਆ ਗਿਆ ਤਾਂ ਉਹ ਹੈ ਜਨਤਾ ਨੂੰ ਪੁਲਸ ਦੇ ਡੰਡੇ ਤੋਂ ਆਜ਼ਾਦ ਕਰਨ ਦਾ। ਮੇਰਾ ਮੰਨਣਾ ਹੈ ਕਿ ਕਾਨੂੰਨ ਦੀ ਪਾਲਣਾ ਕਰਨ ਵਾਲਿਆਂ ਨੂੰ ਪੁਲਸ ਵੱਲੋਂ ਨਾਜਾਇਜ਼ ਪ੍ਰੇਸ਼ਾਨ ਕੀਤੇ ਜਾਣਾ ਬੰਦ ਹੋਵੇ। ਦੇਸ਼ ਦੇ ਗ੍ਰਹਿ ਮੰਤਰੀ, ਪ੍ਰਧਾਨ ਮੰਤਰੀ, ਰਾਸ਼ਟਰਪਤੀ ਤੇ ਹੋਰ ਆਗੂਆਂ ਵਿੱਚੋਂ ਕਿਸੇ ਨੇ ਵੀ ਹੁਣ ਤੱਕ ਇਹ ਸੁਪਨਾ ਨਹੀਂ ਦੇਖਿਆ ਅਤੇ ਨਾ ਐਲਾਨ ਕੀਤਾ ਹੈ ਕਿ ਅਸੀਂ ਭਾਰਤ ਦੀ ਜਨਤਾ ਨੂੰ ਪੁਲਸ ਦੇ ਨਾਜਾਇਜ਼ ਅਤੇ ਗੈਰਕਾਨੂੰਨੀ ਤਸ਼ੱਦਦ ਤੋਂ ਮੁਕਤ ਕਰਾਂਗੇ।

ਹਾਲ ਹੀ ਵਿੱਚ ਇਕ ਟੀ ਵੀ ਚੈਨਲ ਨੇ ਉੱਤਰ ਪ੍ਰਦੇਸ਼ ਦੇ ਐਂਟੀ ਰੋਮੀਓ ਸਕੁਐਡ ਦੇ ਅਧਿਕਾਰੀਆਂ ਦੀ ਪੋਲ ਖੋਲ੍ਹੀ ਹੈ ਅਤੇ ਉਨ੍ਹਾਂ ਦਾ ਇਕ ਭਿਆਨਕ ਚਿਹਰਾ ਦੇਸ਼ ਦੀ ਜਨਤਾ ਸਾਹਮਣੇ ਲਿਆਂਦਾ। ਮੇਰਠ ਦੇ ਐਂਟੀ ਰੋਮੀਓ ਥਾਣੇ ਦੇ ਸਬ ਇੰਸਪੈਕਟਰ ਓਂਕਾਰ ਨਾਥ, ਆਗਰਾ ਦੇ ਵੇਦ ਪ੍ਰਕਾਸ਼ ਅਤੇ ਦਿੱਲੀ ਦੇ ਨੇੜਲੇ ਇਲਾਕੇ ਉੱਤਰ ਪ੍ਰਦੇਸ਼ ਦੇ ਲੋਧੀ ਥਾਣੇ ਦੇ ਬਾਬੂਦੀਨ ਦੇ ਕਾਰਨਾਮੇ ਲੋਕਾਂ ਨੂੰ ਦਿਖਾਏ। ਇਸ ਤੋਂ ਇਲਾਵਾ ਕੁਝ ਥਾਣਿਆਂ 'ਤੇ ਵੀ ਲੁਕਵੇਂ ਕੈਮਰਿਆਂ ਨਾਲ ਲੜਕੀਆਂ ਦੀ ਸੁਰੱਖਿਆ ਦੇ ਨਾਂ 'ਤੇ ਜਿਹੜੇ ਜ਼ੁਲਮ ਕੀਤੇ ਜਾ ਰਹੇ ਹਨ, ਉਸ ਨੂੰ ਦੇਸ਼ ਅਤੇ ਦੇਸ਼ ਦੀ ਜਨਤਾ ਸਾਹਮਣੇ ਲਿਆਂਦਾ ਹੈ। ਕਿਤੇ ਪੰਜਾਹ ਹਜ਼ਾਰ ਰੁਪਏ ਲੈ ਕੇ ਪੁਲਸ ਅਧਿਕਾਰੀ ਇਕ ਮਾਸੂਮ ਨੂੰ ਚੁੱਕ ਕੇ ਅਪਮਾਨਤ ਕਰਨ, ਕੁੱਟਣ ਅਤੇ ਜੇਲ ਭੇਜਣ ਦਾ ਦਬਕਾ ਮਾਰਦਾ ਹੈ। ਦੂਜਾ ਤਿੰਨ ਲੱਖ ਵਿੱਚ ਝੂਠੇ ਕੇਸ ਵਿੱਚ ਫਸਾਉਣ, ਕੱਟਾ ਰੱਖਣ ਜਾਂ ਨਸ਼ੀਲੇ ਪਦਾਰਥ ਦਾ ਕੇਸ ਬਣਾ ਕੇ ਪੰਜ ਵਰ੍ਹਿਆਂ ਤੱਕ ਜੇਲ ਵਿੱਚ ਬੰਦ ਰੱਖਣ ਦਾ ਭਰੋਸਾ ਦਿੰਦਾ ਹੈ। ਕੁੱਟਣ ਤੇ ਅਪਮਾਨਤ ਕਰਨ ਦੀ ਗਾਰੰਟੀ ਵੀ ਦਿੱਤੀ ਜਾਂਦੀ ਹੈ। ਹੈਰਾਨੀ ਵਾਲੀ ਗੱਲ ਹੈ ਕਿ ਮੇਰਠ ਰੇਂਜ ਦੇ ਆਈ ਜੀ ਅਤੇ ਉੱਤਰ ਪ੍ਰਦੇਸ਼ ਦੇ ਡੀ ਜੀ ਪੀ ਕੈਮਰੇ ਉੱਤੇ ਦੇਖੀ ਘਟਨਾ ਦੇ ਆਧਾਰ 'ਤੇ ਕਾਰਵਾਈ ਦੀ ਗੱਲ ਕਹਿ ਰਹੇ ਹਨ। ਉਨ੍ਹਾਂ ਨੇ ਸਬ ਇੰਸਪੈਕਟਰ ਨੂੰ ਮੁਅੱਤਲ ਵੀ ਕਰ ਦਿੱਤਾ, ਪਰ ਇਹ ਨਹੀਂ ਮੰਨਿਆ ਕਿ ਇਸ ਤੋਂ ਪਹਿਲਾਂ ਵੀ ਅਜਿਹੀਆਂ ਘਟਨਾਵਾਂ ਦੀ ਜਾਣਕਾਰੀ ਸੀ।

ਥਾਣਿਆਂ ਵਿੱਚ ਦਿਨ ਰਾਤ ਕੀ ਹੁੰਦਾ ਹੈ, ਇਸ ਦੀ ਜਾਣਕਾਰੀ ਇਲਾਕੇ ਦੇ ਮੁਖੀ ਨੂੰ ਹੋਣੀ ਚਾਹੀਦੀ ਹੈ। ਇਹ ਸਿਰਫ ਇਕ ਮਿਸਾਲ ਹੈ ਜਿਹੜੀ ਜਾਗਰੁਕ ਪੱਤਰਕਾਰਾਂ ਨੇ ਦਿਖਾਈ। ਇਸ ਤੋਂ ਇਲਾਵਾ ਪੂਰੇ ਉੱਤਰ ਪ੍ਰਦੇਸ਼ ਤੇ ਮੁਲਕ ਵਿੱਚ ਪੁਲਸ ਕੀ ਕਰਦੀ ਹੈ, ਕੀ ਕੋਈ ਨਹੀਂ ਜਾਣਦਾ? ਹਰ ਦੂਜੇ ਦਿਨ ਟੀ ਵੀ ਚੈਨਲ ਪੁਲਸ ਦੀਆਂ ਵਧੀਕੀਆਂ ਅਤੇ ਬੇਗੁਨਾਹਾਂ ਦੀ ਕੁੱਟਮਾਰ ਤੇ ਅਣਮਨੁੱਖੀ ਤਸ਼ੱਦਦ ਦੇ ਦ੍ਰਿਸ਼ ਦਿਖਾਉਂਦੇ ਹਨ। ਅੱਜ ਹਾਲਾਤ ਇਹ ਹਨ ਕਿ ਜੇ ਕੋਈ ਵੀਡੀਓ ਸਾਹਮਣੇ ਆਵੇ ਤਾਂ ਪੁਲਸ ਕਾਰਵਾਈ ਲਈ ਤਿਆਰ ਹੋ ਜਾਂਦੀ ਹੈ, ਨਹੀਂ ਤਾਂ ਪੀੜਤ ਵਿਅਕਤੀ ਇਹ ਸਾਬਤ ਹੀ ਨਹੀਂ ਕਰ ਪਾਉਂਦਾ ਕਿ ਉਸ 'ਤੇ ਜ਼ੁਲਮ ਹੋਇਆ ਹੈ।

ਕੁਝ ਮਹੀਨੇ ਪਹਿਲਾਂ ਮੈਂ ਇਕ ਪੱਤਰ ਮੁਲਕ ਦੇ ਸਭਨਾਂ ਡੀ ਜੀ ਪੀਜ਼ ਨੂੰ ਭੇਜਿਆ ਤੇ ਉਨ੍ਹਾਂ ਤੋਂ ਪੁੱਛਿਆ ਸੀ ਕਿ ਕੀ ਲੰਮੇ ਸਮੇਂ ਤੱਕ ਪੁਲਸ ਵਿੱਚ ਸੇਵਾ ਨਿਭਾਉਣ ਤੋਂ ਬਾਅਦ ਉਹ ਇਸ ਗੱਲ ਤੋਂ ਸੰਤੁਸ਼ਟ ਹਨ ਕਿ ਪੁਲਸ, ਜਨਤਾ ਨੂੰ ਸਹਿਯੋਗ ਦੇਣ ਲਈ ਅਤੇ ਜਨਤਾ ਦੀ ਸੇਵਾ ਲਈ ਹੈ? ਮੈਂ ਇਹ ਵੀ ਪੁੱਛਿਆ ਸੀ ਕਿ ਇਕ ਆਮ ਨਾਗਰਿਕ, ਬੇ-ਗੁਨਾਹ ਵਿਅਕਤੀ ਜਾਂ ਕਾਨੂੰਨ ਦੀ ਪਾਲਣਾ ਕਰਨ ਵਾਲਾ ਵਿਅਕਤੀ ਕੀ ਪੁਲਸ ਨੂੰ ਦੇਖ ਕੇ ਘਬਰਾਉਂਦਾ ਨਹੀਂ? ਜਾਂ ਉਸ ਨੂੰ ਇਹ ਡਰ ਸਤਾਉਂਦਾ ਨਹੀਂ ਕਿ ਪਤਾ ਨਹੀਂ ਉਸ ਨੂੰ ਕਦੋਂ ਚੁੱਕ ਲਿਆ ਜਾਵੇ ਜਾਂ ਉਸ 'ਤੇ ਕੋਈ ਕੇਸ ਪਾ ਦਿੱਤਾ ਜਾਵੇ। ਮੈਨੂੰ ਕੋਈ ਜਵਾਬ ਨਹੀਂ ਮਿਲਿਆ। ਦੇਸ਼ ਦੇ ਗ੍ਰਹਿ ਮੰਤਰੀ, ਪੁਲਸ ਜਿਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਆਉਂਦੀ ਹੈ, ਨੂੰ ਵੀ ਬੇਨਤੀ ਕੀਤੀ ਕਿ ਪੁਲਸ 'ਤੇ ਕੰਟਰੋਲ ਰੱਖਿਆ ਜਾਵੇ। ਸ਼ਾਇਦ ਉਨ੍ਹਾਂ ਦੀ ਮਸਰੂਫੀਅਤ ਕਾਰਨ ਜਨਤਾ ਦਾ ਦਰਦ ਉਨ੍ਹਾਂ ਤੱਕ ਨਹੀਂ ਪਹੁੰਚ ਸਕਿਆ।

ਸਪੱਸ਼ਟ ਗੱਲ ਇਹ ਹੈ ਕਿ ਪਰਨਾਲਾ ਉਥੇ ਦਾ ਉਥੇ ਹੈ। ਜਨਤਾ ਦਾ ਸ਼ੋਸ਼ਣ ਹੁੰਦਾ ਹੈ, ਲੋਕਾਂ 'ਤੇ ਤਸ਼ੱਦਦ ਢਾਹੇ ਜਾਂਦੇ ਹਨ ਅਤੇ ਸ਼ਾਇਦ ਇਸੇ ਤੋਂ ਭੜਕ ਕੇ ਜਾਂ ਮੌਜੂਦਾ ਅੰਨ੍ਹੇ ਸਿਸਟਮ ਤੋਂ ਨਿਰਾਸ਼ ਹੋ ਕੇ ਲੋਕ ਸੜਕਾਂ 'ਤੇ ਆਉਂਦੇ ਹਨ, ਰਾਹ ਰੋਕਦੇ ਹਨ, ਪੁਲਸ ਦੀ ਖਿੱਚ ਧੂਹ ਕਰਦੇ ਹਨ ਅਤੇ ਕਦੇ-ਕਦੇ ਹਿੰਸਕ ਵੀ ਹੋ ਜਾਂਦੇ ਹਨ।

ਜੇ ਜਨਤਾ ਦੀ ਆਵਾਜ਼ ਉਨ੍ਹਾਂ ਵੱਲੋਂ ਚੁਣੇ ਪ੍ਰਤੀਨਿਧਾਂ ਅਤੇ ਪ੍ਰਤੀਨਿਧਾਂ ਵੱਲੋਂ ਚਲਾਈ ਜਾ ਰਹੀ ਸਰਕਾਰ ਤੇ ਸਰਕਾਰੀ ਅਧਿਕਾਰੀ ਨਹੀਂ ਸੁਣਨਗੇ ਤਾਂ ਲੋਕ ਕਿੱਥੇ

(ਬਾਕੀ ਸਫਾ 22 ਤੇ)

# ਪੰਜਾਬ ਵਿਧਾਨ ਸਭਾ ਵਿਚਲੀਆਂ ਤਿੰਨਾਂ ਵੱਡੀਆਂ ਧਿਰਾਂ ਨੂੰ ਨਜ਼ਾਕਤ ਸਮਝ ਕੇ ਚੱਲਣਾ ਪਵੇਗਾ



ਜਤਿੰਦਰ ਪਨੂੰ

ਲੋਕਤੰਤਰ ਦੇ ਪੰਜਾਬ ਵਾਲੇ ਅਖਾੜੇ ਵਿਚ ਬੜਾ ਕੁੱਝ ਏਦਾਂ ਦਾ ਵਾਪਰ ਰਿਹਾ ਹੈ, ਜੋ ਅਸੀ ਲੋਕ ਪਹਿਲੀ ਵਾਰ ਵਾਪਰਦਾ ਵੇਖ ਰਹੇ ਹਾਂ। ਇਹ ਪਹਿਲੀ ਵਾਰ ਹੋਇਆ ਕਿ ਚਾਰ ਕੁ ਸਾਲ ਪਹਿਲਾਂ ਬਣੀ ਇੱਕ ਸਿਆਸੀ ਪਾਰਟੀ ਨੇ ਇਸ ਰਾਜ ਦੀ ਸੱਤਾ ਸੰਭਾਲਣ ਦੀ ਦੌੜ ਲਾਈ ਤੇ ਉਸ ਵਿਚ ਭਾਵੇਂ ਉਹ ਸਫਲ ਨਹੀਂ ਸੀ ਹੋਈ, ਵਿਧਾਨ ਸਭਾ ਦੀ ਵਿਰੋਧੀ ਧਿਰ ਦੀ ਮੁੱਖ ਪਾਰਟੀ ਦਾ ਦਰਜਾ ਲੈਣ ਜੋਗੀ ਹੋ ਗਈ। ਦੋ ਕੁ ਸਾਲ ਪਹਿਲਾਂ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇੱਕ ਐਨ ਆਰ ਆਈ ਪਰਿਵਾਰ ਦੇ ਸਮਾਗਮ ਵਿਚ ਇਹ ਗੱਲ ਕਹੀ ਸੀ ਕਿ ਭਾਰਤ ਦੇ ਜਿਹੜੇ ਵੀ ਰਾਜ ਵਿਚ ਕਾਂਗਰਸ ਪਾਰਟੀ ਲਗਾਤਾਰ ਦੋ ਵਾਰੀ ਹਾਰ ਜਾਂਦੀ ਰਹੀ ਹੈ, ਫਿਰ ਰਾਜ ਕਰਨ ਦੇ ਕਾਬਲ ਨਹੀਂ ਹੋ ਸਕੀ ਤੇ ਪੰਜਾਬ ਵਿਚ ਵੀ ਨਹੀਂ ਹੋ ਸਕਣੀ। ਉਸ ਸਮਾਗਮ ਵਿਚ ਅਸੀਂ ਹਾਜ਼ਰ ਸਾਂ ਤੇ ਸੁਖਬੀਰ ਸਿੰਘ ਨੇ ਇਹ ਗੱਲ ਉਦੋਂ ਸੱਚੀ ਕਹੀ ਸੀ, ਪਰ ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਕਾਂਗਰਸ ਪਾਰਟੀ ਲਗਾਤਾਰ ਦੋ ਵਾਰ ਹਾਰਨ ਪਿੱਛੋਂ ਕਦੇ ਕਿਸੇ ਰਾਜ ਵਿਚ ਮੁੜ ਕੇ ਅੱਗੇ ਨਾ ਆਉਣ ਦਾ ਫੱਟਾ ਪੁੱਟ ਕੇ ਪੰਜਾਬ ਦੀ ਰਾਜ ਸਾਂਭਣ ਵਾਲੀ ਬਣੀ ਹੈ। ਪਹਿਲੀ ਵਾਰ ਇਹ ਵੀ ਹੋਇਆ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ, ਤੇ ਪੰਜ ਵਾਰੀਆਂ ਦੇ ਮੁੱਖ ਮੰਤਰੀ, ਪ੍ਰਕਾਸ਼ ਸਿੰਘ ਬਾਦਲ ਦਾ ਵਿਧਾਇਕ ਦੀ ਸਹੁੰ ਚੁੱਕਣ ਲਈ ਵਿਧਾਨ ਸਭਾ ਵੱਲ ਜਾਣ ਦਾ ਹੀਆ ਨਾ ਪਿਆ ਅਤੇ ਉਹ ਸਪੀਕਰ ਦੇ ਚੈਂਬਰ ਵਿਚ ਏਨੀ ਕਾਰਵਾਈ ਪਾਉਣ ਮਗਰੋਂ ਅਜੇ ਤੱਕ ਵਿਧਾਨ ਸਭਾ ਵਿਚ ਜਾਣ ਲਈ ਮਾਨਸਿਕ ਪੱਖੋਂ ਤਿਆਰ ਨਹੀਂ ਹੋਏ। ਇਹ ਗੱਲ ਵੀ ਪਹਿਲੀ ਵਾਰੀ ਹੋਈ, ਤੇ ਇਸ ਦਾ 'ਸਿਹਰਾ' ਸੁਖਬੀਰ ਸਿੰਘ ਬਾਦਲ ਅਤੇ ਉਸ ਦੀ ਟੀਮ ਦੀ 'ਮਿਹਨਤ' ਦੇ ਸਿਰ ਬੱਝਦਾ ਹੈ ਕਿ ਕਰੀਬ ਇੱਕ ਸਦੀ ਉਮਰ ਵਾਲਾ ਅਕਾਲੀ ਦਲ, ਇਨ੍ਹਾਂ ਚੋਣਾਂ ਵਿਚ ਏਨੀਆਂ ਸੀਟਾਂ ਤੱਕ ਸਿਮਟ ਗਿਆ ਕਿ ਸਾਬਕਾ ਮੁੱਖ ਮੰਤਰੀ ਤੇ ਸਾਬਕਾ ਡਿਪਟੀ ਮੁੱਖ ਮੰਤਰੀ ਦੋਵਾਂ ਨੂੰ ਵਿਧਾਨ ਸਭਾ ਵਿਚ ਆਪਣੇ ਵਿਧਾਇਕਾਂ ਦੀ ਅਗਵਾਈ ਕਰਨੀ ਚੰਗੀ ਨਹੀਂ ਲੱਗ ਸਕੀ। ਅਜੀਤ ਸਿੰਘ ਕੁਹਾੜ ਦਾ ਨੌਂਗਾ ਉਵੇਂ ਹੀ ਪਿਆ ਹੈ, ਜਿਵੇਂ ਆਜ਼ਾਦੀ ਪਿੱਛੋਂ 70 ਵਿਚੋਂ 54 ਸਾਲ ਰਾਜ ਕਰ ਚੁੱਕੀ ਕਾਂਗਰਸ ਦੇ ਸਿਰਫ 44 ਪਾਰਲੀਮੈਂਟ ਮੈਂਬਰ ਆਏ ਵੇਖ ਕੇ ਸੋਨੀਆ ਗਾਂਧੀ ਨੇ ਆਪਣੀ ਥਾਂ ਮਲਿਕਾਰਜੁਨ ਖੜਗੇ ਦੇ ਸਿਰ ਲੀਡਰੀ ਦਾ ਫਰਲਾ ਟੰਗ ਦਿੱਤਾ ਸੀ।

ਜਿਸ ਪੰਜਾਬ ਵਿਚ ਏਨੀਆਂ ਗੱਲਾਂ ਪਹਿਲੀ ਵਾਰ ਹੋਈਆਂ ਹਨ, ਉਸ ਨੇ ਇਸ ਹਫਤੇ ਅਸੈਂਬਲੀ ਵਿਚ ਧਮੱਚੜ ਪਾਉਣ ਦਾ ਉਹ ਰਿਕਾਰਡ ਵੀ ਬਣਦਾ ਵੇਖ ਲਿਆ, ਜੋ ਪਹਿਲੀ ਵਾਰ ਪਿਆ ਹੈ, ਅੱਗੇ ਕਦੇ ਨਹੀਂ ਪਿਆ। ਇਹ ਵੀ ਪਹਿਲੀ ਵਾਰ ਹੋਇਆ ਕਿ ਵਿਧਾਨ ਸਭਾ ਦੇ ਸਪੀਕਰ ਦੇ ਖਿਲਾਫ ਕੁੱਝ ਦੋਸ਼ ਸਿੱਧੇ ਲਾਏ ਗਏ ਹਨ, ਭਾਵੇਂ ਉਨ੍ਹਾਂ ਦਾ ਉਸ ਨਾਲ ਆਪਣਾ ਸਬੰਧ ਨਹੀਂ, ਉਸ ਦੇ ਜਵਾਈ ਦਾ ਮਾਮਲਾ ਹੈ ਤੇ ਪਰਿਵਾਰ ਦੇ ਜੀਆਂ ਦੇ ਕੀਤੇ ਦੀ ਜ਼ਿੰਮੇਵਾਰੀ ਕਾਨੂੰਨੀ ਤੌਰ ਉਤੇ ਕਿਸੇ ਨੇਤਾ ਦੀ ਨਹੀਂ ਬਣਦੀ। ਫਿਰ ਵੀ ਇਹ ਦੋਸ਼ ਅਕਾਲੀਆਂ ਨਹੀਂ ਲਾਏ, ਸਗੋਂ ਆਮ ਆਦਮੀ ਪਾਰਟੀ ਦੇ ਸੁਖਪਾਲ ਸਿੰਘ ਖਹਿਰਾ ਨੇ ਲਾਏ ਹਨ, ਜਿਸ ਕੋਲ ਕਾਂਗਰਸੀਆਂ-ਅਕਾਲੀਆਂ ਦੋਵਾਂ ਦੇ ਖਿਲਾਫ ਦਸਤਾਵੇਜ਼ਾਂ ਦੇ ਥੱਬੇ ਪਏ ਸੁਣੀਂਦੇ ਹਨ। ਖਹਿਰਾ ਦੋਸ਼ ਲਾਉਂਦਾ ਸੀ ਤਾਂ ਸਪੀਕਰ ਨੂੰ ਕਾਨੂੰਨ ਪੱਖੋਂ ਜਵਾਬ ਦੇਣਾ ਚਾਹੀਦਾ ਸੀ, ਪਰ ਉਨ੍ਹਾਂ ਨੇ ਖਹਿਰਾ ਅਤੇ ਲੁਧਿਆਣੇ ਵਾਲੇ ਦੋ ਬੈਂਸ ਭਰਾ ਵਿਧਾਇਕਾਂ ਨੂੰ ਸਿਰਫ ਸਦਨ ਤੋਂ ਨਹੀਂ, ਸਮੁੱਚੇ ਵਿਧਾਨ ਸਭਾ ਭਵਨ ਤੋਂ ਹੀ ਬਾਹਰ ਕਰਨ ਦਾ ਉਹ ਹੁਕਮ ਦੇ ਦਿੱਤਾ, ਜੋ ਪਹਿਲੀ ਵਾਰੀ ਹੋਇਆ ਸਮਝਿਆ ਜਾਂਦਾ ਹੈ।

ਇਹ ਉਹ ਹਾਲਾਤ ਸਨ, ਜਿਨ੍ਹਾਂ ਪਿੱਛੋਂ 22 ਜੂਨ ਨੂੰ ਵਿਧਾਨ ਸਭਾ ਵਿਚ ਅਣਕਿਆਸੇ ਰੱਫੜ ਪੈਣ ਦੇ ਬਾਅਦ ਮਾਰਸ਼ਲਾਂ ਨੇ ਵਿਧਾਇਕਾਂ ਨੂੰ ਚੁੱਕ ਕੇ ਅਤੇ ਕੁੱਝ ਹੱਦ ਤੱਕ ਘੜੀਸ ਕੇ ਬਾਹਰ ਕੱਢਿਆ। ਭੇਤ ਕਾਂਗਰਸੀ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਵਿਚਾਲੇ ਸੀ, ਅਕਾਲੀ ਇਸ ਵਿਚ ਇਸ ਲਈ ਕੁੱਦ ਪਏ ਕਿ ਇਸ ਸਰਗਰਮੀ ਨਾਲ ਆਮ ਆਦਮੀ ਪਾਰਟੀ ਹੌਲੀ-ਹੌਲੀ ਆਮ ਲੋਕਾਂ ਦੀ ਨਜ਼ਰ ਵਿਚ ਕਾਂਗਰਸ ਦਾ ਰਾਹ ਰੋਕਣ ਵਾਲੀ ਅਸਲੀ ਧਿਰ ਵਾਲਾ ਅਕਸ ਬਣਾਈ ਜਾਂਦੀ ਤੇ ਅਕਾਲੀ ਪਛੜਦੇ ਜਾਂਦੇ ਹਨ। ਇਸ ਪਿੱਛੋਂ ਸੁਖਬੀਰ ਸਿੰਘ ਬਾਦਲ ਨੇ ਢੰਗ ਦੀ ਲੜਾਈ ਨਹੀਂ ਲੜੀ, ਸਗੋਂ ਆਪ ਵਾਲਿਆਂ ਦੀ ਹਮਦਰਦੀ ਕਰਨ ਦੇ ਬਹਾਨੇ ਇਹ ਮੁੱਦਾ ਚੁੱਕ ਲਿਆ ਕਿ ਵਿਧਾਇਕਾਂ ਦੀ ਬੇਇਜ਼ਤੀ ਹੋਈ ਹੈ। ਏਦਾਂ ਦੀ ਬੇਇਜ਼ਤੀ ਉਨ੍ਹਾਂ ਦੇ ਆਪਣੇ ਰਾਜ ਵਿਚ ਕਈ ਵਾਰੀ ਵਿਰੋਧੀ ਧਿਰ ਦੇ ਵਿਧਾਇਕਾਂ ਦੀ ਹੋ ਚੁਕੀ ਸੀ ਤੇ ਜੇ ਇਸ ਦਾ ਗੁੱਸਾ ਸੀ ਤਾਂ ਬੇਇਜ਼ਤੀ ਦੇ ਜਵਾਬ ਵਿਚ ਬੇਇਜ਼ਤੀ ਕਰਨ ਦਾ ਰਾਹ ਨਹੀਂ ਸੀ ਚੁਣਨਾ ਚਾਹੀਦਾ। ਉਨ੍ਹਾਂ ਨੇ ਵਿਧਾਨ ਸਭਾ ਦੇ ਸਪੀਕਰ ਲਈ 'ਗੁੰਡਾ' ਸ਼ਬਦ ਦੀ ਵਰਤੋਂ ਕੀਤੀ ਤੇ ਇਸ ਨਾਲ ਵਿਧਾਨ ਸਭਾ ਦੀ ਸ਼ਬਦਾਵਲੀ ਦੇ ਸ਼ਬਦ-ਕੋਸ਼ ਵਿਚ ਉਹ ਨਵਾਂ ਵਾਧਾ ਕਰ ਦਿੱਤਾ, ਜੋ ਪਹਿਲੀ ਵਾਰ ਹੋਇਆ ਹੈ। ਭਵਿੱਖ ਦੀਆਂ ਬਹਿਸਾਂ ਦੌਰਾਨ ਮੁੜ-ਮੁੜ ਕੇ ਵਿਧਾਇਕਾਂ ਦੇ ਆਪਸੀ ਚੁੰਝ-ਭਿੜਾਈ ਵੇਲੇ 'ਕੰਮ ਆਉਂਦਾ' ਰਹੇਗਾ।



ਵਿਧਾਨ ਸਭਾ ਸਮਾਗਮ ਸ਼ੁਰੂ ਹੋਣ ਤੋਂ ਲੈ ਕੇ ਘਟੀਆ ਘਟਨਾਵਾਂ ਵਾਪਰਨ ਦੀ ਘੜੀ ਪੁੱਜਣ ਤੱਕ ਪੂਰਾ ਸਮਾਂ ਉਥੇ ਹੋਈਆਂ ਬਹਿਸਾਂ ਨੂੰ ਅਸੀਂ ਧਿਆਨ ਨਾਲ ਵਾਚਿਆ ਸੀ ਅਤੇ ਇਸ ਆਧਾਰ ਉਤੇ ਕਹਿ ਸਕਦੇ ਹਾਂ ਕਿ ਸਾਰਾ ਦੋਸ਼ ਵਿਰੋਧੀ ਧਿਰ ਦਾ ਨਹੀਂ। ਹਾਕਮ ਧਿਰ ਦੇ ਨਵਜੋਤ ਸਿੰਘ ਸਿੱਧੂ ਵਰਗੇ ਕੁੱਝ ਲੋਕ ਵੀ ਹਰ ਗੱਲ ਮਿਹਣੇਬਾਜ਼ੀ ਅਤੇ ਚੂੰਢੀਆਂ ਵੱਢਣ ਦੀ ਭਾਸ਼ਾ ਵਿਚ ਕਰਦੇ ਸਨ। ਪਾਰਲੀਮੈਂਟ ਵਿਚ ਏਦਾਂ ਦੇ ਇੱਕ ਮੌਕੇ ਸਾਬਕਾ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਨੇ ਦੋ ਬੇਗਾਨੀਆਂ ਧਿਰਾਂ ਦੀ ਲੜਾਈ ਵਿਚ ਦਖਲ ਦੇ ਕੇ ਕਿਹਾ ਸੀ ਕਿ ਹਾਕਮ ਤੇ ਵਿਰੋਧੀ ਧਿਰ ਵਾਲੇ ਜਿਹੜੀ ਭਾਸ਼ਾ ਵਰਤਣ ਦੇ ਰਾਹ ਪੈ ਗਏ ਹਨ, ਭਲਕ ਨੂੰ ਨਵੇਂ ਆਏ ਮੈਂਬਰ ਉਹੋ ਭਾਸ਼ਾ ਇਸ ਦੇਸ਼ ਦੇ ਸਤਿਕਾਰਤ ਆਗੂਆਂ ਦੇ ਖਿਲਾਫ ਵਰਤਣਗੇ। ਇਹ ਭਾਸ਼ਾ ਸੁਣਨ ਦੀ ਤਿਆਰੀ ਵੀ ਉਹ ਹੁਣੇ ਤੋਂ ਕਰ ਲੈਣ। ਅਗਲੇ ਦਿਨ ਸਭਨਾਂ ਧਿਰਾਂ ਦੇ ਵੱਡੇ ਲੀਡਰਾਂ ਦੀ ਮੀਟਿੰਗ ਹੋਈ ਤੇ ਇਸ ਗੱਲ ਦੀ ਸਹਿਮਤੀ ਹੋ ਗਈ ਸੀ ਕਿ ਬੋਲੀ ਦੀ ਮਰਿਆਦਾ ਕਾਇਮ ਰੱਖੀ ਜਾਵੇਗੀ। ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਹੁੰਦਿਆਂ ਇੱਕ ਵਾਰੀ ਹਾਕਮ ਧਿਰ ਦੇ ਮੈਂਬਰਾਂ ਨੇ ਨਵਜੋਤ ਸਿੱਧੂ ਦੇ ਢੰਗ ਨਾਲ ਬੋਲਣਾ ਸ਼ੁਰੂ ਕੀਤਾ ਤਾਂ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਨੇ ਕਹਿ ਦਿੱਤਾ ਸੀ ਕਿ ਜਿੱਦਾਂ ਦਾ ਵਿਹਾਰ ਕਰ ਕੇ ਅੱਜ ਸਾਨੂੰ ਬੋਲਣ ਤੋਂ ਤੁਸੀਂ ਰੋਕਣ ਲੱਗੇ ਹੋਏ ਹੋ, ਯਾਦ ਰੱਖੋ, ਭਲਕੇ ਜਦੋਂ ਬਾਦਲ ਸਾਹਿਬ ਬੋਲਣਗੇ ਤਾਂ ਸਾਡੇ ਮੈਂਬਰ ਵੀ ਇਹੋ ਕਰ ਸਕਦੇ ਹਨ। ਉਸ ਦੇ ਏਨੀ ਗੱਲ ਕਹਿਣ ਨੇ ਮੁੱਦਾ ਸ਼ਾਂਤ ਕਰਨ ਲਈ ਸਾਰਿਆਂ ਨੂੰ ਮਜਬੂਰ ਕਰ ਦਿੱਤਾ ਸੀ ਅਤੇ ਬਾਕੀ ਦਾ ਸਾਰਾ ਸਮਾਗਮ ਆਰਾਮ ਨਾਲ ਚੱਲਦਾ ਰਿਹਾ ਸੀ।

ਇਸ ਵਾਰ ਇਸ ਗੱਲ ਦੀ ਘਾਟ ਮਹਿਸੂਸ ਕੀਤੀ ਗਈ ਹੈ। ਘਾਟ ਬੀਬੀ ਰਾਜਿੰਦਰ ਕੌਰ ਦੇ ਵਿਧਾਇਕ ਨਾ ਹੋਣ ਦੀ ਨਹੀਂ, ਉਹ ਆਪਣੀ ਗਲਤੀ ਨਾਲ ਚੋਣ ਹਾਰ ਗਈ ਹੈ, ਸਗੋਂ ਘਾਟ ਦੋ ਵੱਡੇ ਆਗੂਆਂ ਦੇ ਸਦਨ ਵਿਚ ਨਾ ਹੋਣ ਦੀ ਮਹਿਸੂਸ ਕੀਤੀ ਜਾਂਦੀ ਹੈ। ਮੁੱਖ ਮੰਤਰੀ ਦੇ ਪੈਰ ਉਤੇ ਸੱਟ ਲੱਗੀ ਹੋਣ ਕਾਰਨ ਲਗਾਤਾਰ ਨਹੀਂ ਆ ਸਕਦੇ ਤਾਂ ਉਲਝੇ ਹਾਲਾਤ ਵਿਚ ਅਤੇ ਖਾਸ ਕਰ ਕੇ ਜਦੋਂ ਹਾਕਮ ਧਿਰ ਦਾ ਕੋਈ ਮੈਂਬਰ ਬੇਹੂਦਾ ਬੋਲੀ ਬੋਲਦਾ ਹੈ, ਉਸ ਨੂੰ ਆਪਣੇ ਘਰ ਸੱਦ ਕੇ ਸਮਝਾਉਣ ਦਾ ਕੰਮ ਕਰ ਸਕਦੇ ਸਨ। ਕੈਪਟਨ ਅਮਰਿੰਦਰ ਸਿੰਘ ਨੇ ਇਸ ਪੱਖੋਂ ਕੁੱਝ ਕੀਤਾ ਜਾਂ ਨਹੀਂ, ਸਾਨੂੰ ਇਸ ਬਾਰੇ ਪਤਾ ਨਹੀਂ, ਪਰ ਅਕਾਲੀ ਦਲ ਦੇ ਸਰਪ੍ਰਸਤ ਬਾਪੂ ਬਾਦਲ ਨੂੰ ਵੀ ਛੋਟੇ ਗਰੁੱਪ ਦੀ ਲੀਡਰੀ ਦੀ ਸੰਗ ਛੱਡ ਕੇ ਏਦਾਂ ਦੇ ਵਕਤ ਉਥੇ ਜਾਣਾ ਤੇ ਲੋਕਤੰਤਰੀ ਪਰਿਵਾਰ ਦੇ ਬਜ਼ੁਰਗ ਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਸੀ। ਇਥੇ ਤਾਂ ਕਾਂਗਰਸੀ ਰਾਜ ਹੈ, ਕੇਂਦਰ ਵਿਚ ਰਾਜ ਕਰਦੀ ਭਾਜਪਾ ਦੇ ਆਗੂਆਂ ਨੇ ਖੁਦ ਆਪਣੇ ਬਾਪੂ ਲਾਲ ਕ੍ਰਿਸ਼ਨ ਅਡਵਾਨੀ ਨੂੰ ਕਿਸੇ ਗਿਣਤੀ ਵਿਚ ਨਹੀਂ ਰੱਖਿਆ, ਪਰ ਪਿਛਲੇ ਸਮਾਗਮ ਵਿਚ ਉਸ ਨੇ ਵੀ ਆਪਣੀ ਜ਼ਿੰਮੇਵਾਰੀ ਸਮਝਦਿਆਂ ਇਹ ਗੱਲ ਕਹਿ ਦਿੱਤੀ ਸੀ ਕਿ ਜੋ ਕੁੱਝ ਹੋ ਰਿਹਾ ਹੈ, ਇਹ ਪਾਰਲੀਮੈਂਟ ਦੇ ਪੱਧਰ ਦਾ ਨਹੀਂ। ਅਡਵਾਨੀ ਨੇ ਜਿੰਨੀ ਗੱਲ ਉਥੇ ਕਹੀ, ਉਹੋ ਕਹਿਣ ਵਾਸਤੇ ਬਾਦਲ ਸਾਹਿਬ ਵਿਧਾਨ ਸਭਾ ਜਾ ਸਕਦੇ ਸਨ, ਪਰ ਉਹ ਨਹੀਂ ਗਏ। ਹਸਪਤਾਲ ਵਿਚ ਆਮ ਆਦਮੀ ਪਾਰਟੀ (ਆਪ) ਵਾਲਿਆਂ ਨਾਲ ਹਮਦਰਦੀ ਦਾ ਉਹ ਪ੍ਰਗਟਾਵਾ ਕਰਨ ਚਲੇ ਗਏ, ਜੋ ਉਨ੍ਹਾਂ ਨੇ ਚੌਵੀ ਘੰਟਿਆਂ ਵਿਚ ਠੁਕਰਾ ਦਿੱਤਾ। 'ਆਪ' ਦੇ ਬੁਲਾਰੇ ਨੂੰ ਜਦੋਂ ਪੁੱਛਿਆ ਗਿਆ ਕਿ ਬਾਦਲ ਬਾਪ-ਬੇਟਾ ਤੁਹਾਡੇ ਨਾਲ ਹਮਦਰਦੀ ਕਰਨ ਆਏ ਸਨ ਤਾਂ ਉਸ ਨੇ ਹੱਸ ਕੇ ਕਹਿ ਦਿੱਤਾ ਕਿ ਹਮਦਰਦੀ ਕਰਨ ਨਹੀਂ, ਸਾਡੇ ਕਾਰਨ ਬਣਿਆ ਮੌਕਾ ਵਰਤਣ ਆਏ ਸਨ, ਤੇ ਇਹ ਟੋਟਕਾ ਜੋੜਨ ਤੋਂ ਵੀ ਨਹੀਂ ਖੁੰਝਿਆ ਕਿ 'ਉਹ ਮੌਕਾਪ੍ਰਸਤ ਜੁ ਹੋਏ।'

ਅਖੀਰ ਵਿਚ ਇੱਕ ਗੱਲ 'ਆਪ' ਲੀਡਰਾਂ ਦੇ ਸੋਚਣ ਦੀ ਹੈ। ਉਨ੍ਹਾਂ ਦੇ ਆਗੂ ਅਰਵਿੰਦ ਕੇਜਰੀਵਾਲ ਨੇ ਭੱਲ ਵੀ ਬੜੀ ਖੱਟੀ ਤੇ ਭੱਲ ਤੋਂ ਬਾਅਦ ਭੁੱਲਾਂ ਵੀ ਏਨੀਆਂ ਕੀਤੀਆਂ ਕਿ ਹੁਣ ਦਿੱਲੀ ਵਿਚ ਹਾਲ ਚੰਗਾ ਨਹੀਂ ਕਿਹਾ ਜਾ ਰਿਹਾ। ਚਾਰੇ ਪਾਸਿਓਂ ਹੁੰਦੇ ਸਿਆਸੀ ਹੱਲੇ ਦਾ ਸਾਹਮਣਾ ਕਰਨਾ ਇੱਕ ਗੱਲ ਹੈ, ਰਾਸ਼ਟਰਪਤੀ ਚੋਣ ਵਿਚ ਸਾਰੇ ਦੇਸ਼ ਦੀਆਂ ਹਰ ਰੰਗ ਦੀਆਂ ਧਿਰਾਂ ਨਾਲੋਂ ਏਨਾ ਕੱਟਿਆ ਪਿਆ ਹੈ ਕਿ ਕਿਤੇ ਜ਼ਿਕਰ ਨਹੀਂ ਹੁੰਦਾ। ਮਾਇਆਵਤੀ ਤੇ ਅਰਵਿੰਦ ਕੇਜਰੀਵਾਲ ਦੋ ਅਜਿਹੇ ਆਗੂ ਹਨ, ਜਿਨ੍ਹਾਂ ਨੂੰ ਕੋਈ ਨੇੜੇ ਲਾਉਣ ਨੂੰ ਤਿਆਰ ਨਹੀਂ ਅਤੇ ਇਹ ਦੋਵੇਂ ਵੀ ਇੱਕ ਦੂਸਰੇ ਨਾਲ ਚੱਲਣ ਦਾ ਫੈਸਲਾ ਕਰਨ ਦੀ ਹਿੰਮਤ ਨਹੀਂ ਕਰ ਸਕਦੇ। ਕਿਸੇ ਵਕਤ ਵੱਡੀ ਚੜ੍ਹਤ ਵਾਲੇ ਦੌਰ ਹੰਢਾ ਚੁਕੀ ਬਹੁਜਨ ਸਮਾਜ ਪਾਰਟੀ ਜਿਵੇਂ ਹੁਣ ਕਿਸੇ ਖਾਤੇ ਵਿਚ ਨਹੀਂ ਰਹਿ ਗਈ, ਉਹ ਦੌਰ ਅਗਲੇ ਸਾਲਾਂ ਵਿਚ ਆਪਣੇ ਪੱਲੇ ਪੈਣ ਤੋਂ ਬਚਾਉਣਾ ਹੈ ਤਾਂ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਨੂੰ ਵੀ, ਦਿੱਲੀ ਵਿਚ ਨਾ ਸਹੀ, ਪੰਜਾਬ ਵਿਚ ਸੋਚਣਾ ਪੈਣਾ ਹੈ। ਲੋਕ ਕਿਸੇ ਦੇ ਪਿਛਲੱਗ ਨਹੀਂ ਹੁੰਦੇ। ਪਾਰਲੀਮੈਂਟ ਚੋਣ ਬਹੁਤ ਨੇੜੇ ਹੈ, ਉਦੋਂ ਤੱਕ ਇਸ ਨਵੀਂ ਪਾਰਟੀ ਨੂੰ ਅਕਲ ਨਾਲ ਚੱਲਣ ਬਾਰੇ ਸੋਚਣਾ ਜਾਂ ਫਿਰ ਭਾਣਾ ਮੰਨਣ ਲਈ ਮਾਨਸਿਕ ਤਿਆਰੀ ਸ਼ੁਰੂ ਕਰਨੀ ਹੋਵੇਗੀ।

ਹਾਲਾਤ ਏਦਾਂ ਦੇ ਨਹੀਂ ਕਿ ਕਿਸੇ ਇੱਕ ਧਿਰ ਉਤੇ ਸਾਰਾ ਜ਼ਿੰਮਾ ਸੁੱਟ ਕੇ ਕਿਸੇ ਸੁਧਾਰ ਦੀ ਆਸ ਰੱਖ ਲਈ ਜਾਵੇ, ਪੰਜਾਬ ਦੀ ਵਿਧਾਨ ਸਭਾ ਵਿਚਲੀਆਂ ਤਿੰਨਾਂ ਵੱਡੀਆਂ ਧਿਰਾਂ ਨੂੰ ਨਜ਼ਾਕਤ ਸਮਝ ਕੇ ਚੱਲਣਾ ਪਵੇਗਾ।

# ਕੀ ਸ਼੍ਰੋਮਣੀ ਕਮੇਟੀ ਦੇ ਸਿਆਸਤ ਵੱਲ ਨੂੰ ਪੁੱਟੇ ਕਦਮ ਸਹੀ ਹਨ?



ਭਾਈ ਅਸ਼ੋਕ ਸਿੰਘ ਬਾਗੜੀਆਂ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਖੁੱਲਮ-ਖੁੱਲਾ ਸਿਆਸੀ ਅਖਾੜੇ ਵਿਚ ਆਉਣਾ ਪੰਥ ਪ੍ਰਵਾਨਤ ਮੀਰੀ-ਪੀਰੀ ਦੇ ਉਚੇ ਅਸੂਲ ਨੂੰ ਸਵਾਲੀਆ ਕਟਹਿਰੇ ਵਿਚ ਖੜ੍ਹਾ ਕਰ ਸਕਦਾ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਸਿੱਖ ਵਿਚਾਰਧਾਰਾ ਵਿਚ ਮੀਰੀ-ਪੀਰੀ ਦਾ ਸਿਧਾਂਤ ਗੁਰੂ ਮਹਾਰਾਜ ਦੀ ਆਪਣੀ ਬਖ਼ਸ਼ਿਸ਼ ਹੈ, ਜੋ ਗੁਰਬਾਣੀ ਦੀ ਸੇਧ ਵਿਚ ਹੀ ਉਤਪੰਨ ਹੁੰਦਾ ਹੈ, 'ਤਖ਼ਤ ਬਸੈ ਤਖ਼ਤੇ ਕੇ ਲਾਇਕ।' ਮੀਰੀ ਪੀਰੀ ਦੀਆਂ ਦੋ ਤਲਵਾਰਾਂ ਤਾਂ ਖ਼ੁਦ ਪੰਚਮ ਪਾਤਸ਼ਾਹ ਨੇ ਤਿਆਰ ਕਰਵਾਈਆਂ ਸਨ। ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਕੋ ਜਗ੍ਹਾ ਆਹਮੋ-ਸਾਹਮਣੇ ਹੋਣਾ ਮੀਰੀ ਪੀਰੀ ਦੇ ਸਿਧਾਂਤ ਦਾ ਅਮਲੀ ਰੂਪ ਹੈ। ਪ੍ਰੰਤੂ ਇਨ੍ਹਾਂ ਦੋਵਾਂ ਅਸਥਾਨਾਂ 'ਤੇ ਧਰਮ ਅਤੇ ਸਿਆਸਤ ਦੀਆਂ ਮਰਿਆਦਾਵਾਂ ਵੱਖ-ਵੱਖ ਹਨ। ਰਾਜੇ ਨੂੰ ਤਖ਼ਤ ਦੇ ਲਾਇਕ ਧਰਮ, ਗੁਰਬਾਣੀ ਰਾਹੀਂ ਬਣਾਉਂਦਾ ਹੈ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੂੰ ਜ਼ੁਲਮ ਦੇ ਖ਼ਿਲਾਫ਼ ਖੜ੍ਹਨ ਦੇ ਲਾਇਕ ਬਣਾਉਣ ਲਈ ਸੌ ਸਾਲ ਦਾ ਸਮਾਂ ਗੁਰਬਾਣੀ ਰਾਹੀਂ ਲੱਗਾ।

ਸ੍ਰੀ ਹਰਿਮੰਦਰ ਸਾਹਿਬ ਯਾਨੀ ਧਰਮ ਦੀ ਮਰਿਯਾਦਾ ਅਤੇ ਸ੍ਰੀ ਅਕਾਲ ਤਖ਼ਤ ਯਾਨੀ ਜਥੇਬੰਦੀ ਦੀ ਮਰਿਯਾਦਾ, ਦੋਵੇਂ ਵੱਖ-ਵੱਖ ਹਨ। ਹਰਿਮੰਦਰ ਸਾਹਿਬ ਜੋ ਸਿੱਖ ਧਰਮ ਦਾ ਮਰਕਜ਼ ਹੈ, ਉਥੇ ਕਿਸੇ ਵੀ ਹੋਰ ਧਰਮ ਦੇ ਸ਼ਰਧਾਲੂਆਂ ਦੇ ਆਉਣ 'ਤੇ ਕਿਸੇ ਕਿਸਮ ਦੀ ਰੁਕਾਵਟ ਨਹੀਂ। ਹਰ ਕੋਈ ਸ਼ਰਧਾਲੂ ਕੜਾਹ-ਪ੍ਰਸ਼ਾਦ ਭੇਟ ਕਰ ਸਕਦਾ ਹੈ। ਪ੍ਰੰਤੂ ਸ੍ਰੀ ਅਕਾਲ ਤਖ਼ਤ ਸਾਹਿਬ (ਜਥੇਬੰਦੀ) 'ਤੇ ਅਜਿਹਾ ਨਹੀਂ ਹੁੰਦਾ। ਮਰਿਯਾਦਾ ਅਨੁਸਾਰ ਉਥੇ ਗ਼ੈਰ-ਸਿੱਖ ਜਾਂ ਪਤਿਤ ਸਿੱਖ ਦਾ ਕੜਾਹ ਪ੍ਰਸ਼ਾਦ ਸਵੀਕਾਰ ਨਹੀਂ ਹੁੰਦਾ (ਸੀ) ਮੈਨੂੰ ਯਾਦ ਹੈ ਕਿ ਮੈਨੂੰ ਕਈ ਦਫ਼ਾ ਆਪਣੇ ਪਿਤਾ ਜੀ ਨਾਲ ਅਕਾਲ ਤਖ਼ਤ ਸਾਹਿਬ ਜਾਣ ਦਾ ਮੌਕਾ ਮਿਲਿਆ। ਉਦੋਂ ਅਕਾਲ ਤਖ਼ਤ ਸਾਹਿਬ 'ਤੇ ਪ੍ਰਸ਼ਾਦ ਭੇਟ ਕਰਨ ਵਾਲੇ ਨੂੰ ਪੁੱਛਿਆ ਜਾਂਦਾ ਸੀ ਕੀ ਰਹਿਤ ਹੈ?

ਸ਼੍ਰੋਮਣੀ ਕਮੇਟੀ ਦੇ ਖੁੱਲਮ-ਖੁੱਲਾ ਸਿਆਸੀ ਮੈਦਾਨ ਵਿਚ ਆਉਣ ਨਾਲ ਗੁਰਦੁਆਰਿਆਂ ਵਿਚ ਪੁਲੀਸ ਦੀ ਦਖ਼ਲਅੰਦਾਜ਼ੀ ਦਾ ਰਾਹ ਵੀ ਖੁੱਲ੍ਹ ਗਿਆ ਹੈ। ਗੁਰਦੁਆਰਿਆਂ ਦੀ ਗੋਲਕ ਦੀ ਵਰਤੋਂ ਸਿਰਫ਼ ਪੰਜ ਕਾਰਜਾਂ ਲਈ ਵਰਤੀ ਜਾਣੀ ਚਾਹੀਦੀ ਹੈ, ਭਾਵ ਧਰਮ ਪ੍ਰਚਾਰ, ਵਿੱਦਿਆ, ਸ਼ਫ਼ਾ (ਦਵਾਖ਼ਾਨਾ), ਭੋਜਨ ਅਤੇ ਯਾਤਰੂਆਂ ਲਈ ਆਰਾਮਗਾਹ। ਇਹ ਪੰਜੇ ਬਹੁਤ ਅਹਿਮ ਅਤੇ ਮੁੱਢਲੀਆਂ ਜ਼ਰੂਰਤਾਂ ਹਨ, ਜੋ ਅੱਜ ਦੀ ਸ਼੍ਰੋਮਣੀ ਕਮੇਟੀ ਦੇ ਏਜੰਡੇ ਤੋਂ ਗਾਇਬ ਹਨ। ਇਸ ਦੀ ਬਜਾਏ ਗੁਰਦੁਆਰਿਆਂ ਦੀ ਗੋਲਕ ਦੀ ਵਰਤੋਂ ਸਿਆਸੀ ਮੁਫ਼ਾਦਾਂ ਜਾਂ ਕਮੇਟੀ ਜਾਂ ਗੁਰਦੁਆਰਿਆਂ 'ਤੇ ਪੱਥਰ ਲਾਉਣ ਲਈ ਜ਼ਿਆਦਾ ਹੋ ਰਹੀ ਹੈ। ਗੁਰਦੁਆਰਾ ਸੰਕਲਪ ਦਾ ਮੁੱਖ ਆਦਰਸ਼ ਸਿੱਖ ਸਮਾਜ ਨੂੰ ਗੁਰੂ ਗ੍ਰੰਥ ਸਾਹਿਬ ਦੇ ਤਾਬਿਆਂ ਇਕੱਤਰ ਕਰਨ ਦਾ ਹੈ ਨਾ ਕਿ ਵੰਡਣ ਦਾ। ਗੁਰਦੁਆਰਾ ਸਿਰ ਜੋੜਨ ਵਾਸਤੇ ਹੈ, ਤੋੜਨ ਵਾਸਤੇ ਨਹੀਂ। ਸ਼੍ਰੋਮਣੀ ਕਮੇਟੀ ਦੇ ਸਿਆਸਤ ਵੱਲ ਨੂੰ ਪੁੱਟੇ ਕਦਮ ਨਾਲ ਕੀ ਗ਼ੈਰ-ਅਕਾਲੀ ਸਿੱਖ ਬੇਫ਼ਿਕਰ ਹੋ ਕੇ ਗੁਰਦੁਆਰੇ ਜਾ ਸਕਣਗੇ? ਪਿੱਛੇ ਜਿਹੇ ਛਪੀ ਇੱਕ ਖ਼ਬਰ ਵਿਚ ਮੋਗਾ ਇਲਾਕੇ ਦੇ ਇੱਕ ਗੁਰਦੁਆਰੇ ਦੇ ਕੰਟਰੋਲ ਵਾਸਤੇ ਅਕਾਲੀ-ਕਾਂਗਰਸੀ ਖਿੱਚੋਤਾਣ ਹੋਣ ਦੀ ਖ਼ਬਰ ਛਪੀ ਸੀ। ਮੇਰਾ ਇਹ ਕਹਿਣਾ ਹੈ ਕਿ ਜਿਸ ਸਮੇਂ ਕੋਈ ਵਿਅਕਤੀ ਗੁਰਦੁਆਰੇ ਜਾਂਦਾ ਹੈ, ਅਤੇ ਮੱਥਾ ਟੇਕਦਾ ਹੈ, ਉਸ ਉਤੇ ਸਿਆਸੀ ਜਾਂ ਸਮਾਜਿਕ ਲੇਬਲ ਨਹੀਂ ਹੋਣਾ ਚਾਹੀਦਾ। ਉਹ ਸਿਰਫ਼ ਗੁਰੂ ਦੀ ਸ਼ਰਨ ਵਿਚ ਜਾ ਕੇ ਮਨ ਦੀ ਸ਼ਾਂਤੀ ਲਈ ਗੁਰਦੁਆਰੇ ਨਤਮਸਤਕ ਹੁੰਦਾ ਹੈ। ਸ਼੍ਰੋਮਣੀ ਕਮੇਟੀ ਦਾ ਕਦਮ ਕੀ ਬਹੁ-ਗਿਣਤੀ ਸ਼ਰਧਾਲੂਆਂ ਦੇ ਮਨ ਵਿਚ ਕਿਸੇ ਕਿਸਮ ਦਾ ਅੰਦੇਸ਼ਾ ਜਾਂ ਖ਼ੌਫ਼ ਤਾਂ ਨਹੀਂ ਪੈਦਾ ਕਰੇਗਾ? ਉਂਜ ਵੀ ਅਜਿਹਾ ਕਿਹੜਾ ਨਵਾਂ ਗੰਭੀਰ ਪੰਥਕ ਮਸਲਾ ਪੈਦਾ ਹੋਇਆ, ਜਿਸ ਕਾਰਨ ਸ਼੍ਰੋਮਣੀ ਕਮੇਟੀ ਨੂੰ ਸਿਆਸੀ ਅਖਾੜੇ ਵਿਚ ਉਤਰਨਾ ਪੈ ਰਿਹਾ ਹੈ? ਕਿਤੇ ਅਜਿਹਾ ਨਹੀਂ ਕਿ ਅਕਾਲੀ ਦਲ (ਜੋ ਹੁਣ ਨਿਰੋਲ ਸਿੱਖ ਸਿਆਸੀ ਪਾਰਟੀ ਨਹੀਂ ਰਹੀ) ਸਿਆਸੀ ਮੈਦਾਨ ਵਿਚ ਪਛੜਨ ਕਾਰਨ ਹੁਣ ਧਰਮ ਦੀ ਆੜ ਲੈ ਕੇ ਅਤੇ ਧਰਮ ਨੂੰ ਅੱਗੇ ਕਰਕੇ ਆਪਣਾ ਗੁਆਚਿਆ ਵੱਕਾਰ ਮੁੜ ਤਾਂ ਨਹੀਂ ਲੱਭ ਰਿਹਾ?



ਪਿਛਲੇ ਕੁੱਝ ਸਮੇਂ ਤੋਂ ਬਹੁਤ ਖੁੱਲ੍ਹੇ ਤੌਰ 'ਤੇ ਜੋ ਧਰਮ ਨੂੰ ਸਿਆਸਤ ਵਾਸਤੇ ਵਰਤਿਆ ਜਾ ਰਿਹਾ ਹੈ ਉਸ ਨਾਲ ਪੰਥਕ ਮਰਿਆਦਾ ਅਤੇ ਸਿੱਖ ਕਦਰਾਂ-ਕੀਮਤਾਂ 'ਤੇ ਕਾਫ਼ੀ ਨਾਂਹ-ਪੱਖੀ ਅਸਰ ਪਿਆ ਹੈ। ਇੱਥੇ ਇਹ ਵੀ ਕਹਿ ਸਕਦੇ ਹਾਂ ਕਿ ਗੁਰਦੁਆਰਿਆਂ ਦੇ ਅੰਦਰ ਰਗੜਾ-ਝਗੜਾ ਦੇਖ ਕੇ ਸਾਡੀ ਆਉਣ ਵਾਲੀ ਪੀੜ੍ਹੀ ਗੁਰਦੁਆਰੇ ਜਾਣੋ ਕਤਰਾ ਰਹੀ ਹੈ ਅਤੇ ਸਿੱਖੀ ਤੋਂ ਦੂਰ ਹੋ ਰਹੀ ਹੈ। ਇਸ ਪੁਸ਼ਤ ਨੂੰ ਸਿੱਖੀ ਤੋਂ ਦੂਰ ਕਰਨ ਲਈ ਭਵਿੱਖ ਵਿਚ ਸਾਡੀ ਪੁਸ਼ਤ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਸਿੱਖ ਸਮਾਜਿਕ ਸਟੇਜ 'ਤੇ ਨਰਮਖਿਆਲੀ ਵਿਚਾਰਧਾਰਾ ਨੂੰ ਹੌਲੀ-ਹੌਲੀ ਸਿੱਖੀ ਤੋਂ ਦੂਰ ਕੀਤਾ ਜਾਣਾ ਘਾਤਕ ਸਾਬਤ ਹੋ ਰਿਹਾ ਹੈ। ਜਦੋਂ ਮੌਡਰੇਟ ਜਾਂ ਨਰਮਖਿਆਲੀ ਵਿਚਾਰਧਾਰਾ ਦੀ ਆਵਾਜ਼ ਹੀ ਨਹੀਂ ਸੁਣੀ ਜਾਂਦੀ ਤਾਂ ਕੱਟੜਪੰਥੀ ਅਨਸਰਾਂ ਨੂੰ ਅੱਗੇ ਆ ਜਾਣ ਦਾ ਮੌਕਾ ਮਿਲ ਜਾਂਦਾ ਹੈ। ਇਸ ਦਾ ਨਤੀਜਾ, ਸਾਕਾ ਨੀਲਾ ਤਾਰਾ ਦੇ ਰੂਪ ਵਿਚ ਅਸੀਂ ਪੂਰੀ ਤਰ੍ਹਾਂ ਭੁਗਤ ਚੁੱਕੇ ਹਾਂ।

ਧਰਮ ਤੇ ਤਾਲੀਮ ਸ਼੍ਰੋਮਣੀ ਕਮੇਟੀ ਦੇ ਦੋ ਅਹਿਮ ਕਾਰਜ ਖੇਤਰ ਸਨ। 1947 ਤੋਂ ਬਾਅਦ ਸਮਾਜਿਕ ਉਥਲ-ਪੁਥਲ ਹੋਈ, ਜਿਸ ਨਾਲ ਸਿੱਖ ਵਸੋਂ ਖਿੰਡਰ ਕੇ ਸੌ ਤੋਂ ਵੱਧ ਮੁਲਕਾਂ ਵਿਚ ਕਿਸੇ ਨਾ ਕਿਸੇ ਕਾਰਨ ਜਾ ਵਸੀ ਹੈ। 1947 ਤਕ ਸ਼੍ਰੋਮਣੀ ਕਮੇਟੀ ਸਾਰੇ ਸਿੱਖਾਂ ਦੀ ਨੁਮਾਇੰਦਗੀ ਕਰਦੀ ਸੀ। ਪਰ ਅੱਜ ਸਮਾਂ ਬਦਲ ਚੁੱਕਾ ਹੈ। ਐਸਜੀਪੀਸੀ ਦਾ ਸਰੂਪ ਹੁਣ ਅੰਤਰ-ਰਾਸ਼ਟਰੀ ਹੋਣਾ ਚਾਹੀਦਾ ਹੈ। ਜੇਕਰ ਇਸ ਨੇ ਆਪਣਾ ਇਹ ਰੋਲ ਗੁਰੂ ਨੂੰ ਸਮਰਪਿਤ ਹੋ ਕੇ ਸੰਜੀਦਗੀ ਨਾਲ ਨਿਭਾਉਣਾ ਹੈ (ਜੋ ਚਾਹੀਦਾ ਹੈ) ਤਾਂ ਇਸ ਸੰਸਥਾ ਅਤੇ ਇਸ ਦੇ ਮੈਂਬਰਾਂ ਦੇ ਵਿਚਾਰ ਅਤੇ ਸੋਚ ਦਾ ਦਾਇਰਾ ਵੀ ਵਿਸ਼ਾਲ ਹੋਣਾ ਜ਼ਰੂਰੀ ਹੈ। ਐਸਜੀਪੀਸੀ ਕਿਸੇ ਸਿੱਖ ਨੂੰ ਇਹ ਨਹੀਂ ਕਹਿ ਸਕਦੀ ਕਿ ਉਹ ਕਿਸ ਸਿਆਸੀ ਖਿਆਲ ਨਾਲ ਚੱਲੇ ਜਾਂ ਕਿਸ ਨੂੰ ਵੋਟ ਪਾਏ। ਵੋਟ ਦਾ ਫੈਸਲਾ ਹਰ ਸਿੱਖ ਦੇ ਆਪੋ-ਆਪਣੇ ਅਕੀਦੇ ਵਿਚ ਰਹਿ ਕੇ ਹਾਲਾਤਾਂ ਤੇ ਪਸੰਦ ਮੁਤਾਬਕ ਕਰਨਾ ਹੈ। ਦਰਅਸਲ, ਐਸਜੀਪੀਸੀ ਤਾਂ ਹਰ ਸਿੱਖ ਨੂੰ ਇਹ ਦ੍ਰਿੜ੍ਹ ਕਰਵਾਏ ਕਿ ਜੀਵਨ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਕਰਕੇ ਜਿਊਣਾ ਹੀ ਸਿੱਖ ਦਾ ਧਰਮ ਹੈ। ਬੱਚੇ ਦੀ ਮੁੱਢਲੀ ਤਾਲੀਮ 'ਤੇ ਜ਼ੋਰ ਦੇਣਾ ਸਮੇਂ ਦੀ ਪਹਿਲੀ ਮੰਗ ਹੈ। ਲਿਹਾਜ਼ਾ ਸ਼੍ਰੋਮਣੀ ਕਮੇਟੀ ਨੂੰ ਵੱਡੇ-ਵੱਡੇ ਕਾਲਜ ਜਾਂ ਯੂਨੀਵਰਸਿਟੀਆਂ ਖੋਲ੍ਹਣ ਦੀ ਲੋੜ ਨਹੀਂ ਹੈ। ਜੋ ਸਿੱਖਿਆ ਬੱਚੇ ਨੂੰ ਸਕੂਲ ਵਿਚ ਦਿੱਤੀ ਜਾਂਦੀ ਹੈ, ਉਹ ਸਦਾ ਲਈ ਉਸ ਦੇ ਮਨ-ਮਸਤਕ ਉਥੇ ਛਪ ਜਾਂਦੀ ਹੈ। ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਵਿੱਦਿਆ ਦਾ ਦਾਇਰਾ ਬਹੁਤ ਵਿਸ਼ਾਲ ਹੋ ਜਾਂਦਾ ਹੈ।

ਪੰਜਾਬ ਵਿਚ ਇਸ ਵਕਤ ਦੋ ਮਸਲੇ ਸਿੱਖੀ ਨੂੰ ਦਰਪੇਸ਼ ਹਨ। ਇਨ੍ਹਾਂ ਵਿਚੋਂ ਪਹਿਲਾ ਹੈ ਧਰਮ ਪ੍ਰਚਾਰ ਦਾ ਨਾ

(ਬਾਕੀ ਸਫਾ 21 ਤੇ)

# ਐਮਰਜੈਂਸੀ ਵਿਰੁੱਧ ਅਕਾਲੀਆਂ ਦਾ ਸੰਘਰਸ਼: ਕੀ ਖੱਟਿਆ?



ਜਸਵੰਤ ਸਿੰਘ 'ਅਜੀਤ'

ਬੀਤੇ ਦਿਨੀਂ ਗੁਰਦੁਆਰਾ ਬੰਗਲਾ ਸਾਹਿਬ ਨਵੀਂ ਦਿੱਲੀ ਵਿੱਖੇ ਨੀਲਾ ਤਾਰਾ ਸਾਕੇ ਦੀ ਯਾਦ ਮੰਨਾਉਣ ਲਈ ਹੋਏ ਸਮਾਗਮ ਵਿੱਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਪ੍ਰਦੇਸ਼ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸ. ਮਨਜੀਤ ਸਿੰਘ ਜੀ ਕੇ ਨੇ ਦਾਅਵਾ ਕੀਤਾ ਕਿ ਨੀਲਾ ਤਾਰਾ ਸਾਕਾ ਸਿੱਖਾਂ ਵਿਰੁਧ ਸ਼੍ਰੀਮਤੀ ਇੰਦਰਾ ਗਾਂਧੀ ਦੇ ਦਿਲ ਵਿੱਚ ਪੈਦਾ ਹੋਈ ਉਸ ਬਦਲੇ ਦੀ ਭਾਵਨਾ ਦਾ ਨਤੀਜਾ ਸੀ, ਜੋ ਉਨ੍ਹਾਂ ਵਲੋਂ ਦੇਸ਼ ਵਿੱਚ ਜੂਨ 1975 ਵਿੱਚ ਲਾਈ ਗਈ ਐਮਰਜੈਂਸੀ ਵਿਰੁਧ ਅਕਾਲੀਆਂ ਵਲੋਂ ਲਾਏ ਤੇ ਜਿਤੇ ਗਏ ਮੋਰਚੇ ਦੇ ਫਲਸਰੂਪ ਪੈਦਾ ਹੋਈ ਸੀ। ਇਸ ਵਿੱਚ ਕੋਈ ਸ਼ਕ ਨਹੀਂ ਕਿ ਸ. ਮਨਜੀਤ ਸਿੰਘ ਜੀਕੇ ਵਲੋਂ ਕੀਤੇ ਗਏ ਇਸ ਦਾਅਵੇ ਵਿੱਚ ਸੌ (100) ਪ੍ਰਤੀਸ਼ਤ ਸੱਚਾਈ ਹੈ। ਇਸਦਾ ਕਾਰਣ ਇਹ ਹੈ ਕਿ ਸ਼੍ਰੀਮਤੀ ਇੰਦਰਾ ਗਾਂਧੀ ਵਲੋਂ ਜਦੋਂ ਦੇਸ਼ ਵਿੱਚ ਐਮਰਜੈਂਸੀ ਲਾਈ ਗਈ, ਉਸ ਸਮੇਂ ਉਨ੍ਹਾਂ ਦੇ ਇਸ਼ਾਰੇ ਤੇ ਜਿਥੇ ਸਾਰੇ ਹੀ ਵਿਰੋਧੀ ਨੇਤਾਵਾਂ ਨੂੰ ਪਕੜ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਗਿਆ ਸੀ, ਉਥੇ ਹੀ ਉਨ੍ਹਾਂ ਨੇ ਦਿੱਲੀ ਦੇ ਅਕਾਲੀ ਨੇਤਾ ਜੋ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਸਨ, ਰਾਹੀਂ ਅਕਾਲੀਆਂ ਨੂੰ ਪੇਸ਼ਕਸ਼ ਕੀਤੀ ਜੇ ਉਹ ਐਮਰਜੈਂਸੀ ਦਾ ਵਿਰੋਧ ਨਾ ਕਰਨ ਤਾਂ ਉਹ ਉਨ੍ਹਾਂ ਦੀਆਂ ਸਾਰੀਆਂ ਦੀਆਂ ਸਾਰੀਆਂ ਮੰਗਾਂ ਮੰਨਣ ਲਈ ਤਿਆਰ ਹਨ। ਪਰ ਅਕਾਲੀ ਆਗੂਆਂ ਨੇ ਸ. ਪ੍ਰਕਾਸ਼ ਸਿੰਘ ਬਾਦਲ, ਜੋ ਭਾਜਪਾ ਆਗੂਆਂ ਦੇ ਪ੍ਰਭਾਵ ਹੇਠ ਸਨ, ਦੇ ਦਬਾਉ ਵਿੱਚ ਆ ਪੰਜਾਬ ਅਤੇ ਸਿੱਖਾਂ ਨਾਲ ਸੰਬੰਧਤ ਉਹ ਸਾਰੀਆਂ ਮੰਗਾਂ, ਜਿਨ੍ਹਾਂ ਲਈ ਉਹ ਲੰਮੇਂ ਸਮੇਂ ਤੋਂ ਸੰਘਰਸ਼ ਕਰਦੇ ਚਲੇ ਆ ਰਹੇ ਸਨ ਤੇ ਮੋਰਚੇ ਲਾ ਸਿੱਖਾਂ ਨੂੰ ਜੇਲ੍ਹਾਂ ਵਿੱਚ ਭਿਜਵਾਂਦੇ ਚਲੇ ਆ ਰਹੇ ਸਨ, ਉਨ੍ਹਾਂ ਨੂੰ ਮੰਨਵਾ ਲਏ ਜਾਣ ਦੀ ਬਜਾਏ ਐਮਰਜੈਂਸੀ ਵਿਰੁਧ ਮੋਰਚਾ ਲਾ ਦੇਣ ਨੂੰ ਪਹਿਲ ਦੇ ਦਿੱਤੀ।

ਪਿਛੋਕੜ- ਗੱਲ ਜੂਨ, 1975 ਦੇ ਅਖੀਰ ਦੀ ਹੈ, ਜਦੋਂ ਭਾਰਤ ਦੀ ਉਸ ਸਮੇਂ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਵਲੋਂ, ਦੇਸ਼ ਵਿਚ ਐਮਰਜੈਂਸੀ ਲਾਗੂ ਕਰ ਦਿੱਤੀ ਗਈ ਸੀ। ਐਮਰਜੈਂਸੀ ਦਾ ਐਲਾਨ ਹੁੰਦਿਆਂ ਹੀ ਸ਼੍ਰੀਮਤੀ ਇੰਦਰਾ ਗਾਂਧੀ ਦੇ ਇਸ਼ਾਰੇ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ, ਬਾਕੀ ਲਗਭਗ ਸਾਰੀਆਂ ਕਾਂਗ੍ਰਸ-ਵਿਰੋਧੀ ਪਾਰਟੀਆਂ ਦੇ ਆਗੂਆਂ ਸਮੇਤ ਤਕਰੀਬਨ ਤਿੰਨ ਹਜ਼ਾਰ ਰਾਜਸੀ ਮੁੱਖੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਉਨ੍ਹਾਂ ਹੀ ਦਿਨਾਂ ਵਿਚ ਗੁਰਦੁਆਰਾ ਐਕਟ-1971 ਅਨੁਸਾਰ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪਹਿਲੀਆਂ ਆਮ ਚੋਣਾਂ ਹੋਈਆਂ ਸਨ, ਇਹ ਚੋਣਾਂ ਸ਼੍ਰੋਮਣੀ ਅਕਾਲੀ ਦਲ ਨੇ ਦਿੱਲੀ ਦੇ ਸਿੱਖ ਆਗੂ ਜ. ਸੰਤੋਖ ਸਿੰਘ, ਜੋ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਸਨ, ਦੀ ਅਗਵਾਈ ਵਿਚ ਲੜੀਆਂ। ਇਨ੍ਹਾਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਕਿਸੇ ਵੀ ਤਰ੍ਹਾਂ ਦੀ ਚੁਨੌਤੀ ਦਾ ਸਾਹਮਣਾ ਨਹੀਂ ਸੀ ਕਰਨਾ ਪਿਆ। ਉਹ ਪੂਰੀ ਤਰ੍ਹਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੱਤਾ ਪੁਰ ਕਾਬਜ਼ ਹੋਣ ਵਿੱਚ ਸਫਲ ਹੋ ਗਿਆ। ਸ. ਜਸਵੰਤ ਸਿੰਘ ਕੋਛੜ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਅਤੇ ਜ. ਸੰਤੋਖ ਸਿੰਘ ਗੁਰਦੁਆਰਾ ਕਮੇਟੀ ਦੀ ਅਕਾਲੀ ਪਾਰਟੀ ਦੇ ਨੇਤਾ ਥਾਪੇ ਗਏ। ਜਾਣਕਾਰ ਹਲਕਿਆਂ ਅਨੁਸਾਰ, ਐਮਰਜੈਂਸੀ ਲਾਣ ਤੋਂ ਬਾਅਦ, ਜਿਥੇ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੂੰ ਜੇਲ੍ਹਾਂ ਵਿਚ ਬੰਦ ਕਰ ਦਿਤਾ ਗਿਆ, ਉਥੇ ਹੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਜ. ਸੰਤੋਖ ਸਿੰਘ, ਜੋ ਕਿਸੇ ਸਮੇਂ ਪੰਡਤ ਜਵਾਹਰ ਲਾਲ ਨਹਿਰੂ, ਲਾਲ ਬਹਾਦਰ ਸ਼ਾਸਤ੍ਰੀ ਅਤੇ ਸ਼੍ਰੀਮਤੀ ਇੰਦਰਾ ਗਾਂਧੀ ਦੇ ਨਜ਼ਦੀਕੀ ਰਹੇ ਸਨ, ਰਾਹੀਂ ਅਕਾਲੀ ਆਗੂਆਂ ਨੂੰ ਸੰਦੇਸ਼ ਭੇਜਿਆ ਕਿ ਜੇ ਉਹ ਉਨ੍ਹਾਂ ਦਾ ਸਮਰਥਨ ਕਰਨ ਤਾਂ ਉਹ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਮੰਨਣ ਲਈ ਤਿਆਰ ਹਨ। ਜ. ਸੰਤੋਖ ਸਿੰਘ ਨੇ ਇਸ ਸਬੰਧ ਵਿਚ ਜ. ਗੁਰਚਰਨ ਸਿੰਘ ਟੋਹੜਾ ਨੂੰ ਸਾਰੀ ਗੱਲ ਦਸਦਿਆਂ, ਉਨ੍ਹਾਂ ਨਾਲ ਵਿਸਥਾਰ ਨਾਲ ਗੱਲ ਕੀਤੀ। ਜ. ਟੋਹੜਾ ਨੇ ਸਾਰੀ ਗੱਲ ਸਮਝਦਿਆਂ, ਪਹਿਲਾਂ ਆਪਣੇ ਭਰੋਸੇ ਦੇ ਸਾਥੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਇਸਤੋਂ ਬਾਅਦ ਉਨ੍ਹਾਂ ਜ. ਸੰਤੋਖ ਸਿੰਘ ਨੂੰ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਸਮਰਥਨ ਦੇਣ ਦਾ ਐਲਾਨ ਕਰਨ ਦੀ ਸਲਾਹ ਦੇ ਦਿਤੀ। ਉਨ੍ਹਾਂ ਪਾਸੋਂ ਪ੍ਰਵਾਨਗੀ ਲੈਣ ਤੋਂ ਬਾਅਦ ਜ. ਸੰਤੋਖ ਸਿੰਘ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅਤੇ ਕੁੱਝ ਸਿੱਖ ਪਤਵੰਤਿਆਂ ਨੂੰ ਨਾਲ ਲੈ ਸ਼੍ਰੀਮਤੀ ਇੰਦਰਾ ਗਾਂਧੀ ਦੀ ਕੋਠੀ ਪੁਜੇ ਅਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਉਨ੍ਹਾਂ ਨੂੰ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ। ਹੈਰਾਨੀ ਦੀ ਗੱਲ ਇਹ ਰਹੀ ਕਿ ਜ. ਸੰਤੋਖ ਸਿੰਘ ਨੇ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਸਮਰਥਨ ਦੇਣ ਦਾ ਐਲਾਨ, ਜ. ਗੁਰਚਰਨ ਸਿੰਘ ਟੋਹੜਾ ਨਾਲ ਗੱਲ ਕਰਕੇ ਅਤੇ ਉਨ੍ਹਾਂ ਵਲੋਂ ਆਪਣੇ ਸਾਥੀਆਂ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਕੀਤੀ ਗਈ ਸਹਿਮਤੀ ਦੇ ਆਧਾਰ 'ਤੇ ਕੀਤਾ ਸੀ, ਪਰ ਜਦੋਂ ਸ. ਪ੍ਰਕਾਸ਼ ਸਿੰਘ ਬਾਦਲ ਦੇ ਦਬਾਉ ਹੇਠ ਸ਼੍ਰੋਮਣੀ ਅਕਾਲੀ ਦਲ ਵਲੋਂ ਐਮਰਜੈਂਸੀ ਵਿਰੁਧ ਮੋਰਚਾ ਲਾਉਣ ਦਾ ਫੈਸਲਾ ਕੀਤਾ ਗਿਆ, ਤਾਂ ਇਸਦੇ ਲਈ ਕੇਵਲ ਜ. ਸੰਤੋਖ ਸਿੰਘ ਨੂੰ ਹੀ ਦੋਸ਼ੀ ਗਰਦਾਨ, ਉਨ੍ਹਾਂ ਨੂੰ ਅਕਾਲੀ ਦਲ ਵਿਚੋਂ ਕੱਢ ਦਿੱਤਾ ਗਿਆ।



ਜ. ਸੰਤੋਖ ਸਿੰਘ ਨੇ ਉਸੇ ਸਮੇਂ ਐਮਰਜੈਂਸੀ ਦੇ ਮੁੱਦੇ 'ਤੇ ਸ਼੍ਰੀਮਤੀ ਇੰਦਰਾ ਗਾਂਧੀ ਦਾ ਸਮਰਥਨ ਕੀਤੇ ਜਾਣ ਦੇ ਸਬੰਧ ਵਿਚ ਆਪਣੇ ਸਾਥੀਆਂ ਨੂੰ ਜਾਣਕਾਰੀ ਦਿੰਦਿਆਂ, ਦੱਸਿਆ ਕਿ ਉਨ੍ਹਾਂ ਇਹ ਸਮਰਥਨ ਜ. ਗੁਰਚਰਨ ਸਿੰਘ ਟੋਹੜਾ ਨੂੰ ਭਰੋਸੇ ਵਿਚ ਲੈ ਅਤੇ ਉਨ੍ਹਾਂ ਦੀ ਸਹਿਮਤੀ ਮਿਲਣ ਤੋਂ ਬਾਅਦ ਕੀਤਾ ਹੈ, ਉਨ੍ਹਾਂ ਨੇ ਸਾਥੀਆਂ ਨੂੰ ਇਹ ਵੀ ਦੱਸਿਆ ਕਿ ਅਜਿਹਾ ਕਰਨ ਦਾ ਦੂਸਰਾ ਕਾਰਣ ਇਹ ਸੀ ਕਿ ਜੋ ਕੁੱਝ ਅਕਾਲੀ ਦਲ ਵਲੋਂ ਲੰਮੀਆਂ ਲੜਾਈਆਂ ਲੜ ਕੇ ਵੀ ਹਾਸਲ ਨਹੀਂ ਸੀ ਕੀਤਾ ਜਾ ਰਿਹਾ, ਉਹ ਬਿਨਾ ਕਿਸੇ ਤਰ੍ਹਾਂ ਦੀ ਲੜਾਈ ਦੇ ਹਾਸਲ ਹੋਣ ਦੀ ਵਿਉਂਤ ਬਣ ਰਹੀ ਸੀ। ਇਸ ਸਮੇਂ ਉਨ੍ਹਾਂ ਦੇ ਹੀ ਇਕ ਸਾਥੀ ਨੇ ਪੁੱਛ ਲਿਆ ਕਿ ਕੀ ਸ਼੍ਰੀਮਤੀ ਇੰਦਰਾ ਗਾਂਧੀ ਪੁਰ ਇਹ ਭਰੋਸਾ ਕੀਤਾ ਜਾ ਸਕਦਾ ਹੈ ਕਿ ਉਹ ਆਪਣੇ ਵਲੋਂ ਕੀਤੇ ਜਾ ਰਹੇ ਵਾਇਦੇ ਨੂੰ ਨਿਭਾਣ ਪ੍ਰਤੀ ਇਮਾਨਦਾਰ ਹੋਵੇਗੀ? ਤਾਂ ਜ. ਸੰਤੋਖ ਸਿੰਘ ਨੇ ਉੱਤਰ ਦਿਤਾ ਕਿ ਐਮਰਜੈਂਸੀ ਖਤਮ ਨਹੀਂ ਹੋ ਰਹੀ, ਅਜੇ ਸ਼ੁਰੂ ਹੋਈ ਹੈ। ਜੇ ਸ਼੍ਰੀਮਤੀ ਇੰਦਰਾ ਗਾਂਧੀ ਕੀਤੇ ਵਾਇਦੇ ਤੋਂ ਮੁਕਰਦੀ ਹੈ ਤਾਂ ਉਨ੍ਹਾਂ ਵਿਰੁੱਧ ਮੋਰਚਾ ਲਾਏ ਜਾਣ ਦੇ ਸਬੰਧ ਵਿਚ ਪੰਥ ਪਾਸ ਮਜ਼ਬੂਤ ਅਧਾਰ ਹੋਵੇਗਾ।

ਇਸ ਸਬੰਧ ਵਿਚ ਕੁੱਝ ਸਿੱਖ ਬੁੱਧੀਜੀਵੀਆਂ ਦੀ ਵੀ ਮਾਨਤਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਕਾਹਲ ਵਿਚ ਐਮਰਜੈਂਸੀ ਵਿਰੁਧ ਮੋਰਚਾ ਲਾਉਣ ਦਾ ਫੈਸਲਾ ਨਹੀਂ ਸੀ ਲੈਣਾ ਚਾਹੀਦਾ, ਸਗੋਂ ਸਿੱਖ ਇਤਿਹਾਸ ਤੋਂ ਅਗਵਾਈ ਲੈਂਦਿਆਂ ਹੀ ਕੋਈ ਫੈਸਲਾ ਲੈਣਾ ਚਾਹੀਦਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਜਿਵੇਂ ਗੁਰੂ ਸਾਹਿਬਾਨ ਤੋਂ ਬਾਅਦ ਸੰਘਰਸ਼ ਵਿਚ ਰੁਝੀਆਂ ਸਿੱਖ ਸ਼ਕਤੀਆਂ, ਸਮੇਂ-ਸਮੇਂ ਵਿਰੋਧੀ ਤਾਕਤਾਂ ਨਾਲ ਸਮਝੌਤਾ ਕਰ, ਕੁੱਝ ਸਮੇਂ ਲਈ ਅਜਿਹਾ ਸ਼ਾਂਤੀ ਦਾ ਮਾਹੌਲ ਸਿਰਜ ਲੈਂਦੀਆਂ ਰਹੀਆਂ, ਜਿਸ ਵਿਚ ਉਹ ਨਾ ਕੇਵਲ ਆਪਣੀ ਤਾਕਤ ਨੂੰ ਇਕੱਠਿਆਂ ਕਰਦੀਆਂ, ਸਗੋਂ ਉਸਨੂੰ ਵਧਾਉਂਦੀਆਂ ਵੀ ਸਨ, ਤਾਂ ਜੋ ਮੌਕਾ ਬਣਨ 'ਤੇ ਉਹ ਵਿਰੋਧੀ ਤਾਕਤ ਨੂੰ ਜ਼ਬਰਦਸਤ ਚੁਨੌਤੀ ਦੇ ਸਕਣ।

**ਪਰ ਅਜਿਹਾ ਨਹੀਂ ਹੋ ਸਕਿਆ:** ਸ਼੍ਰੋਮਣੀ ਅਕਾਲੀ ਦਲ ਵਲੋਂ ਇਕ ਸਾਂਝਾ ਐਲਾਨ-ਨਾਮਾ ਜਾਰੀ ਕਰਕੇ ਮੋਰਚਾ ਸ਼ੁਰੂ ਕਰ ਦਿਤਾ ਗਿਆ। ਜ. ਧੰਨਾ ਸਿੰਘ ਗੁਲਸ਼ਨ ਲਿਖਤ ਪੁਸਤਕ 'ਅਜ ਦਾ ਪੰਜਾਬ ਤੇ ਸਿੱਖ ਰਾਜਨੀਤੀ' ਅਨੁਸਾਰ ਇਸ ਐਲਾਨ-ਨਾਮੇ ਵਿਚ ਕਿਹਾ ਗਿਆ, ਕਿ 'ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਤੇ ਸੰਗਰਾਮ ਵਿਚ ਹਰਾਵਲ ਦਸਤੇ ਦਾ ਕੰਮ ਕੀਤਾ ਹੈ। ਸਿੱਖਾਂ ਨੇ ਨਾ ਕੇਵਲ ਮੁਗ਼ਲ ਸਾਮਰਾਜ ਦੇ ਜ਼ੁਲਮ ਵਿਰੁਧ ਟੱਕਰ ਲਈ, ਸਗੋਂ ਅੰਗਰੇਜ਼ੀ ਸਾਮਰਾਜ ਵਿਰੁਧ ਵੀ ਦੇਸ਼ ਦੀ ਆਜ਼ਾਦੀ, ਇਨਸਾਫ ਅਤੇ ਜਮਹੂਰੀਅਤ ਦੀ ਪ੍ਰਾਪਤੀ ਲਈ, ਅਣਗਿਣਤ ਕੁਰਬਾਨੀਆਂ ਕੀਤੀਆਂ, ਅੱਜ ਫਿਰ ਦੇਸ਼ ਉਤੇ ਅਕਾਰਨ 'ਅੰਦਰੂਨੀ ਐਮਰਜੈਂਸੀ' ਠੌਂਸੀ ਹੋਣ ਕਰਕੇ ਦੇਸ਼ ਵਿਚ ਇਕ ਅਜਿਹੀ ਹਾਲਤ ਪੈਦਾ ਹੋ ਗਈ ਹੈ, ਜਿਸਦੇ ਫਲਸਰੂਪ ਲਿਖਣ ਤੇ ਬੋਲਣ ਦੀ ਆਜ਼ਾਦੀ ਨੂੰ ਕੁਚਲ ਕੇ ਰੱਖ ਦਿਤਾ ਗਿਆ ਹੈ ਅਤੇ ਜਨਤਾ ਦੇ ਮੁਢਲੇ ਹੱਕਾਂ ਉਤੇ ਛਾਪਾ ਮਾਰਿਆ ਗਿਆ ਹੈ। ਇੰਜ ਜਾਪਦਾ ਹੈ ਕਿ ਜਿਸ ਮਹਾਨ ਕਾਰਜ ਲਈ ਸਿੱਖਾਂ ਨੇ ਮਹਾਨ ਕੁਰਬਾਨੀਆਂ ਕੀਤੀਆਂ ਸਨ, ਉਨ੍ਹਾਂ ਨੂੰ ਵੀ ਮਲੀਆਮੇਟ ਕੀਤਾ ਜਾ ਚੁਕਾ ਹੈ।ੜ' ਇਸਤੋਂ ਅਗੇ ਉਨ੍ਹਾਂ ਮੰਗਾਂ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਗਿਆ, ਜੋ ਅਕਾਲੀ ਦਲ ਵਲੋਂ ਲੰਮੇਂ ਸਮੇਂ ਤੋਂ ਕੀਤੀਆਂ ਜਾਂਦੀਆਂ ਚਲੀਆਂ ਆ ਰਹੀਆਂ ਸਨ।

ਸ਼੍ਰੋਮਣੀ ਅਕਾਲੀ ਦਲ ਵਲੋਂ ਲਾਏ ਮੋਰਚੇ ਦੇ ਪਹਿਲੇ ਦਿਨ ਹੀ ਸ. ਪ੍ਰਕਾਸ਼ ਸਿੰਘ ਬਾਦਲ, ਜ. ਗੁਰਚਰਨ ਸਿੰਘ ਟੋਹੜਾ, ਜ. ਜਗਦੇਵ ਸਿੰਘ ਤਲਵੰਡੀ, ਸ. ਆਤਮਾ ਸਿੰਘ, ਸ. ਬਸੰਤ ਸਿੰਘ ਖਾਲਸਾ ਆਦਿ ਨੇਤਾ ਆਪਣੇ-ਆਪਨੂੰ ਗ੍ਰਿਫਤਾਰੀ ਲਈ ਪੇਸ਼ ਕਰ, ਅਣਮਿਥੇ ਸਮੇਂ ਲਈ ਜੇਲ੍ਹ ਜਾ ਬਿਰਾਜੇ। ਉਨ੍ਹੀਂ (19) ਮਹੀਨੇ ਚਲੇ ਇਸ ਮੋਰਚੇ ਦੌਰਾਨ ਲਗਭਗ, 43,000 ਸਿੱਖ ਗ੍ਰਿਫਤਾਰ ਹੋਏ।

**ਪ੍ਰਾਪਤੀਆਂ? :** ਇਤਨੀਆਂ ਗ੍ਰਿਫਤਾਰੀਆਂ ਦੇ ਐਮਰਜੈਂਸੀ ਤਾਂ ਖਤਮ ਕਰਵਾ ਲਈ ਗਈ, ਪਰ ਇਸ ਕੁਰਬਾਨੀ ਦਾ ਸਿੱਖ ਕੌਮ ਨੂੰ ਸਿਲਾ ਕੀ ਮਿਲਿਆ? (ਨੀਲਾ ਤਾਰਾ ਸਾਕਾ!) ਇਸਦਾ ਕਦੀ ਵੀ ਨਾ ਤਾਂ ਮੁਲਾਂਕਣ ਕੀਤਾ ਗਿਆ ਅਤੇ ਸ਼ਾਇਦ ਨਾ ਹੀ ਕਦੀ ਭਵਿੱਖ ਵਿੱਚ ਕੀਤਾ ਜਾਇਗਾ। ਐਮਰਜੈਂਸੀ ਖਤਮ ਹੋਣ ਤੋਂ ਬਾਅਦ ਕਈ ਵਾਰ ਪੰਜਾਬ ਸਮੇਤ ਦੇਸ ਦੇ ਵੱਖ-ਵੱਖ ਰਾਜਾਂ ਵਿਚ ਹੀ ਨਹੀਂ, ਸਗੋਂ ਕੇਂਦਰ ਵਿਚ ਵੀ ਗ਼ੈਰ-ਕਾਂਗ੍ਰਸੀ ਸਰਕਾਰਾਂ ਬਣੀਆਂ, ਪੰਜਾਬ ਵਿਚ ਅਕਾਲੀ ਆਪ ਸੱਤਾ ਵਿਚ ਆਏ ਤੇ ਕੇਂਦਰ ਵਿਚ ਵੀ ਉਨ੍ਹਾਂ ਭਾਈਵਾਲੀ ਕੀਤੀ। ਪਰ ਇਸ ਸਮੇਂ ਦੌਰਾਨ ਨਾ ਤਾਂ ਉਨ੍ਹਾਂ ਨੇ ਪੰਜਾਬ ਅਤੇ ਸਿੱਖਾਂ ਦੇ ਨਾਲ ਸਬੰਧਤ ਉਨ੍ਹਾਂ ਮਸੱਲਿਆਂ ਨੂੰ ਹੱਲ ਕਰਵਾਇਆ ਅਤੇ ਨਾ ਹੀ ਉਨ੍ਹਾਂ ਨੂੰ ਹੱਲ ਕਰਵਾਉਣ ਦੇ ਲਈ ਕੋਈ ਆਵਾਜ਼ ਹੀ ਉਠਾਈ, ਜਿਨ੍ਹਾਂ ਨੂੰ ਐਮਰਜੈਂਸੀ ਵਿਰੁੱਧ ਮੋਰਚਾ ਲਾਉਂਦਿਆਂ ਐਲਾਨ-ਨਾਮੇ ਵਿਚ ਸ਼ਾਮਲ ਕੀਤਾ ਗਿਆ ਸੀ ਅਤੇ ਜਿਨ੍ਹਾਂ ਦੇ ਨਾਂ ਤੇ 43 ਹਜ਼ਾਰ ਸਿੱਖ ਜੇਲ੍ਹ ਵਿਚ ਗਏ ਅਤੇ ਕਈ ਜੇਲ੍ਹ ਵਿਚ ਸ਼ਹੀਦ ਵੀ ਹੋਏ। ਜੇ ਇਹ ਕਿਹਾ ਜਾਏ ਕਿ ਇਨ੍ਹਾਂ ਹਜ਼ਾਰਾਂ ਸਿੱਖਾਂ ਦੀ ਕੁਰਬਨੀ ਦੇ ਬਦਲੇ, ਉਨ੍ਹਾਂ ਸਿੱਖ ਤੇ ਗ਼ੈਰ-ਸਿੱਖ ਆਗੂਆਂ ਨੇ ਸੱਤਾ-ਸੁੱਖ ਮਾਣਿਆ, ਜੋ ਮੋਰਚੇ ਨੂੰ ਲਗਾਤਾਰ ਜਾਰੀ ਰੱਖਣ ਕਾਰਣ ਪੈਦਾ ਹੋਣ ਵਾਲੇ ਝੰਝਟਾਂ ਤੋਂ ਬਚਣ ਲਈ ਪਹਿਲੇ ਦਿਨ ਹੀ ਜੇਲ੍ਹ ਜਾ, ਰਾਜਸੀ ਆਗੂ ਹੋਣ ਕਾਰਣ 'ਵਿਸ਼ੇਸ਼ ਵੀਆਈਪੀ' ਸੈੱਲਾਂ ਵਿਚ ਰਹਿ 'ਵਿਸ਼ੇਸ਼ ਸਹੂਲਤਾਂ' ਪ੍ਰਾਪਤ ਕਰਨ ਦੇ ਅਧਿਕਾਰੀ ਬਣੇ ਰਹੇ ਸਨ। ਇਹ ਗੱਲ ਸ਼ਾਇਦ ਹੀ ਕੋਈ ਜਾਣਦਾ ਹੋਵੇ, ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਐਮਰਜੈਂਸੀ ਵਿਰੁੱਧ ਉਸਦੀ ਸਮਾਪਤੀ ਤੱਕ ਲਾਏ ਗਏ ਮੋਰਚੇ ਅਤੇ ਉਸ ਵਿਚ ਸਿੱਖਾਂ ਵਲੋਂ ਕੀਤੀਆਂ ਗਈਆਂ ਕੁਰਬਾਨੀਆਂ ਨੂੰ, ਕਾਂਗ੍ਰਸ-ਵਿਰੋਧੀ ਪਾਰਟੀਆਂ ਨੇ ਰਾਸ਼ਟਰੀ ਪੱਧਰ 'ਤੇ ਕੋਈ ਮਾਨਤਾ ਨਹੀਂ ਦਿਤੀ। ਐਮਰਜੈਂਸੀ ਵਿਰੋਧੀ ਸੰਘਰਸ਼ ਨਾਲ ਸਬੰਧਤ ਗ਼ੈਰ-ਸਿੱਖਾਂ ਵਲੋਂ ਲਿਖਿਆ, ਜੋ ਵੀ ਇਤਿਹਾਸ ਜਾਂ ਸਾਹਿਤ ਰਚਿਆ ਗਿਆ, ਉਸ ਵਿਚ ਉਨ੍ਹਾਂ ਪਾਰਟੀਆਂ ਤੇ ਲੀਡਰਾਂ ਦਾ ਹੀ ਜ਼ਿਕਰ ਬੜੇ ਮਾਣ ਨਾਲ ਕੀਤਾ ਗਿਆ, ਜੋ ਜੇਲ੍ਹ ਵਿਚ ਜਾ ਬੈਠੇ ਸਨ ਜਾਂ ਗ੍ਰਿਫਤਾਰੀਆਂ ਤੋਂ ਡਰਦਿਆਂ ਜਾਂ ਤਾਂ ਰੂਪੋਸ਼ ਹੋ ਗਏ ਸਨ, ਜਾਂ ਮਾਫ਼ੀ ਮੰਗ ਰਾਜਨੀਤੀ ਤੋਂ ਤੋਬਾ ਕਰ ਘਰ ਜਾ ਬੈਠ ਸਨ।

**ਅਤੇ ਅੰਤ ਵਿੱਚ :** ਐਮਰਜੈਂਸੀ ਦੇ ਖਤਮ ਹੋਣ ਤੋਂ ਕੁਝ ਹੀ ਸਮਾਂ ਬਾਅਦ ਭਾਰਤੀ ਜਨਤਾ ਪਾਰਟੀ ਵਲੋਂ 'ਐਮਰਜੈਂਸੀ ਦੀ ਵਰ੍ਹੇਗੰਢ ਬਨਾਮ ਕਾਲਾ ਦਿਵਸ ਤੇ ਸ਼ਕਤੀਸ਼ਾਲੀ ਲੋਕਤੰਤਰ ਦਿਵਸ' ਦੇ ਨਾਂ ਤੇ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਕੌਮੀ ਜਮਹੂਰੀ ਗਠਜੋੜ (ਐਨਡੀਏ) ਦੇ ਕਈ ਮੁੱਖੀ ਸ਼ਾਮਲ ਹੋਏ। 'ਐਮਰਜੈਂਸੀ ਵਿਰੁਧ ਸੰਘਰਸ਼ ਦਾ ਬਿਗੁਲ ਵਜਾਣ' ਵਾਲੇ ਵਜੋਂ ਜੈ ਪ੍ਰਕਾਸ਼ ਨਾਰਾਇਣ ਦਾ ਨਾਂ ਲਿਆ ਗਿਆ ਅਤੇ ਭਾਜਪਾ ਵਲੋਂ ਐਮਰਜੈਂਸੀ ਦਾ ਵਿਰੋਧ ਅਤੇ ਕੀਤੀਆਂ ਗਈਆਂ ਕਥਿਤ ਕੁਰਬਾਨੀਆਂ ਦਾ ਵੱਧ ਚੜ੍ਹ ਕੇ ਗੁਣ-ਗਾਣ ਕਰਦਿਆਂ ਜੇਲ੍ਹ ਜਾਣ ਵਾਲੇ ਲੋਕਾਂ ਨੂੰ ਸਨਮਾਨਤ ਕੀਤਾ ਗਿਆ। ਪਰ ਅਕਾਲੀਆਂ ਨਾਲ ਭਾਈਵਾਲੀ ਕਰ, ਪੰਜਾਬ ਵਿਚ ਸੱਤਾ-ਸੁੱਖ ਮਾਣਦੇ ਰਹੇ ਭਾਜਪਾ ਨੇਤਾਵਾਂ ਨੇ ਐਮਰ-ਜੈਂਸੀ ਵਿਰੁੱਧ ਮੋਰਚਾ ਲਾਣ ਵਾਲੇ ਤੇ ਕੁਰਬਾਨੀਆਂ ਕਰਨ ਦਾ ਦਾਅਵਾ ਕਰਨ ਵਾਲੇ, ਆਪਣੇ ਭਾਈਵਾਲ ਅਕਾਲੀ ਮੁੱਖੀਆਂ ਨੂੰ ਨਾ ਤਾਂ ਬੁਲਾਇਆ, ਨਾ ਪੁੱਛਿਆ ਅਤੇ ਨਾ ਹੀ ਐਮਰਜੈਂਸੀ ਵਿਰੁੱਧ ਉਨ੍ਹਾਂ ਵਲੋਂ ਕੀਤੇ ਸੰਘਰਸ਼ ਦਾ ਜ਼ਿਕਰ ਹੀ ਕੀਤਾ।

# ਕੀ ਸ਼੍ਰੋਮਣੀ ਕਮੇਟੀ ਦੇ ਸਿਆਸਤ ਵੱਲ ਨੂੰ ਪੁੱਟੇ ਕਦਮ ਸਹੀ ਹਨ?

ਹੋਣਾ, ਜਿਸ ਕਰਕੇ ਸਿੱਖ ਧਰਮ ਵਿਚ ਪ੍ਰਚਾਰ ਪੱਖੋਂ ਇੱਕ ਖਲਾਅ ਪੈਦਾ ਹੋ ਗਿਆ ਹੈ। ਇਸ ਖਲਾਅ ਨੂੰ ਭਰਨ ਲਈ ਸਾਧਾਂ-ਸੰਤਾਂ ਦੇ ਡੇਰੇ ਖੁੰਬਾਂ ਵਾਂਗ ਪੁੰਗਰ ਪਏ ਹਨ। ਇਹ ਇੱਕ ਵਿਗਿਆਨਕ ਤੱਥ ਹੈ ਕਿ ਜਿਸ ਜਗ੍ਹਾ ਉਪਰ ਖਲਾਅ ਪੈਦਾ ਹੋ ਜਾਏ, ਉਸ ਨੂੰ ਭਰਨ ਵਾਸਤੇ ਹਲਕੇ ਤੋਂ ਹਲਕੇ ਕਣ ਪਹਿਲਾਂ ਖਿੱਚੇ ਜਾਂਦੇ ਹਨ। ਐਸਜੀਪੀਸੀ ਦੇ ਧਰਮ ਪ੍ਰਚਾਰ ਵਿਚੋਂ ਗ਼ੈਰਹਾਜ਼ਰ ਹੋਣ ਕਰਕੇ ਜੋ ਖਲਾਅ ਸਿੱਖ ਧਰਮ ਪ੍ਰਚਾਰ ਵਿਚ ਪੈਦਾ ਹੋਇਆ ਹੈ, ਉਸ ਨੂੰ ਡੇਰਾਵਾਦ ਨੇ ਕਾਬੂ ਕਰ ਲਿਆ ਹੈ। ਇਸ ਨਾਲ ਜਿੱਥੇ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਨੂੰ ਧੱਕਾ ਲੱਗਾ ਹੈ, ਉਥੇ ਸਮਾਜ ਵਿਚ ਬਦਅਮਨੀ ਦਾ ਮਾਹੌਲ ਵੀ ਪੈਦਾ ਹੋ ਰਿਹਾ ਹੈ। ਧਰਮ ਨੂੰ ਅੱਗੇ ਕਰਨ ਨਾਲ ਅਤੇ ਸਿਆਸਤ ਦਾ ਕਵਚ ਬਣਾਉਣ ਨਾਲ ਅਸੀਂ ਖ਼ੁਦ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਰਾਹ ਖੋਲ੍ਹਣ ਵਿਚ ਭਾਈਵਾਲ ਹਾਂ ਕਿਉਂਕਿ ਵਾਰ ਤਾਂ ਆਖਰ ਕਵਚ 'ਤੇ ਹੀ ਹੁੰਦੇ ਹਨ।

ਦੂਸਰਾ, ਇਤਿਹਾਸ ਤੋਂ ਸਬਕ ਲੈਣਾ ਸਿਰਫ਼ ਦਾਨਿਸ਼ਮੰਦੀ ਹੀ ਨਹੀਂ ਬਲਕਿ ਲਾਜ਼ਮੀ ਹੈ ਕਿ ਪੁਰਾਣੀਆਂ ਗ਼ਲਤੀਆਂ ਨੂੰ ਸੋਧਣ ਦਾ ਅਤੇ ਉਨ੍ਹਾਂ ਤੋਂ ਬਚਣ ਦਾ ਰਾਹ ਸੋਚਿਆ ਜਾ ਸਕੇ। ਜਿਹੜੇ ਲੋਕ, ਜਿਹੜੀਆਂ ਕੌਮਾਂ ਇਤਿਹਾਸ ਤੋਂ ਸਬਕ ਨਹੀਂ ਲੈਂਦੀਆਂ, ਉਹ ਇਤਿਹਾਸਕ ਗ਼ਲਤੀਆਂ ਦੁਹਰਾਉਂਦੀਆਂ ਹਨ। ਅਜਿਹਾ ਹੀ ਅੱਜਕੱਲ੍ਹ ਹੋ ਰਿਹਾ ਹੈ। ਜਦੋਂ ਸਿੱਖ ਲੀਡਰ ਆਪਸੀ ਗੁਟਬੰਦੀ ਦੇ ਕਾਰਨ ਇੱਕ ਦੂਸਰੇ 'ਤੇ ਦੂਸ਼ਣਬਾਜ਼ੀ ਕਰਨ ਵਿਚ ਹੀ ਸਾਰਾ ਸਮਾਂ ਬਰਬਾਦ ਕਰ ਰਹੀ ਹੈ। ਇਸ ਫੁੱਟ ਨੂੰ ਭਾਰਤ ਦੇ ਸਿਆਸਤਦਾਨਾਂ ਨੇ ਬੜੀ ਚਤੁਰਾਈ ਨਾਲ ਵਰਤਿਆ ਅਤੇ ਸਿੱਖਾਂ ਦੇ ਵਿਰੁੱਧ ਹੀ ਵਰਤਿਆ ਅਤੇ ਸਿੱਖਾਂ ਨੂੰ ਬਲੂਸਟਾਰ ਵਰਗਾ ਜ਼ਖ਼ਮ ਦਿੱਤਾ। ਪਰ ਅਜੇ ਵੀ ਸਿੱਖ ਸਿਆਸਤਦਾਨਾਂ ਨੇ ਪੰਜਾਬ ਦੀ ਹਾਲਤ ਸੁਧਾਰਨ ਦੀ ਬਜਾਏ ਵਿਗਾੜਨ ਵੱਲ ਜ਼ਿਆਦਾ ਧਿਆਨ ਦਿੱਤਾ ਹੈ, ਜਿਸ ਕਾਰਨ ਸਿਆਸੀ ਪਲੈਟਫਾਰਮ 'ਤੇ ਜਿੱਥੇ ਕੇਂਦਰ ਵਿਚ ਸਿੱਖ ਲੀਡਰਸ਼ਿਪ ਦਾ ਚੁੱਪ ਰਹਿਣਾ ਜਾਂ ਆਪਣੀ ਚੌਧਰ ਬਣਾਉਣ ਦੇ ਉਦੇਸ਼ ਨਾਲ ਪੰਜਾਬ ਤੇ ਪੰਥ ਦੇ ਹਿੱਤਾਂ ਨੂੰ ਕੁਰਬਾਨ ਕਰਨਾ ਜਾਇਜ਼ ਨਹੀਂ। ਸਿੱਖ ਸਿਆਸਤਦਾਨਾਂ ਨੇ ਪੰਜਾਬ ਅਤੇ ਸਿੱਖਾਂ ਦੀ ਵਿਗੜਦੀ ਹਾਲਤ ਦੇਖ ਕੇ ਇਕੱਠੇ ਹੋਣ ਦਾ ਕੋਈ ਸੰਕੇਤ ਨਹੀਂ ਦਿੱਤਾ। ਇਹ ਗੱਲ ਉਸ ਵਕਤ ਉਘੜ ਕੇ ਸਾਹਮਣੇ ਆਈ ਜਦੋਂ ਦਿੱਲੀ ਸਰਕਾਰ ਨੇ ਸਿੱਖ ਲੀਡਰਸ਼ਿਪ ਨੂੰ ਐਮਰਜੈਂਸੀ ਦੇ ਖ਼ਿਲਾਫ਼ ਐਜੀਟੇਸ਼ਨ ਨਾ ਕਰਨ ਲਈ ਕਿਹਾ ਅਤੇ ਗੱਲਬਾਤ ਦਾ ਸੁਝਾਅ ਰੱਖਿਆ। ਇਸ 'ਤੇ ਅਕਾਲੀਆਂ ਦੀ ਅੰਦਰੂਨੀ ਖਹਿਬਾਜ਼ੀ ਕਾਰਨ ਉਸ ਪ੍ਰਸਤਾਵ 'ਤੇ ਵਿਚਾਰ ਤੱਕ ਨਹੀਂ ਕੀਤਾ ਗਿਆ। ਇਸ ਦਾ ਸਭ ਤੋਂ ਵੱਡਾ ਸਬੂਤ ਹੈ ਕਿ ਐਮਰਜੈਂਸੀ ਲਾਗੂ ਕਰਨ ਵੇਲੇ ਜੋ ਸਭ ਤੋਂ ਪਹਿਲੀਆਂ ਗ੍ਰਿਫ਼ਤਾਰੀਆਂ ਹੋਈਆਂ, ਉਨ੍ਹਾਂ ਵਿਚ ਕੋਈ ਸਿੱਖ ਲੀਡਰ ਦਾ ਗ੍ਰਿਫ਼ਤਾਰ ਹੋਣਾ ਸ਼ਾਮਲ ਨਹੀਂ ਸੀ।

ਸਾਨੂੰ ਦਿੱਲੀ ਦੇ ਬਦਲੇ ਹੋਏ ਸਿਆਸੀ ਮਾਹੌਲ ਨੂੰ ਠੀਕ ਤਰ੍ਹਾਂ ਸਮਝਣਾ, ਘੋਖਣਾ ਅਤੇ ਵਿਚਾਰਨਾ ਚਾਹੀਦਾ ਹੈ। ਨਵੇਂ ਮਾਹੌਲ ਵਿਚ ਘੱਟ ਗਿਣ-ਤੀਆਂ ਦੇ ਖ਼ਿਲਾਫ਼ ਜੋ ਗਰਮ ਹਵਾ ਚੱਲ ਪਈ ਹੈ, ਉਸ ਤੋਂ ਬਚਾਅ ਕਰਨਾ ਸਾਡੇ ਵਾਸਤੇ ਬਹੁਤ ਜ਼ਰੂਰੀ ਹੋ ਗਿਆ ਹੈ। ਪ੍ਰੰਤੂ ਸਾਡੀ ਸੋਚਣੀ ਵਿਚ ਅਜੇ ਵੀ ਬਹੁਤ ਵੱਡੀ ਘਾਟ ਹੈ। ਸਾਨੂੰ ਆਪਣੀ ਬਹੁਤ ਛੋਟੀ ਗਿਣਤੀ ਜੋ ਕੁੱਲ ਕੌਮੀ ਵਸੋਂ ਵਿਚ ਆਟੇ ਵਿਚ ਲੂਣ ਬਰਾਬਰ ਵੀ ਨਹੀਂ, ਜਿਸ ਦਾ ਅਹਿਸਾਸ ਨਹੀਂ ਹੋਇਆ। ਭਾਵੇਂ ਕਿ ਸਾਨੂੰ ਘੱਟ ਗਿਣਤੀ ਹੋਣ ਦਾ ਖਮਿਆਜ਼ਾ ਵਾਰ-ਵਾਰ ਭੁਗਤਣਾ ਪਿਆ। ਸਾਨੂੰ ਆਪਣੇ ਸਭਿਆਚਾਰ, ਜ਼ੁਬਾਨ, ਤਾਲੀਮ, ਸੰਸਥਾਵਾਂ ਅਤੇ ਪਰੰਪਰਾਵਾਂ ਨੂੰ ਬਚਾਉਣਾ ਪਵੇਗਾ ਅਤੇ ਇਸ ਮਾਹੌਲ ਵਿਚ ਸਾਨੂੰ ਸਿੱਖ ਧਰਮ ਦਾ ਇੱਕ ਅਲੱਗ ਅਤੇ ਆਜ਼ਾਦ ਧਰਮ ਵਾਲਾ ਸਰੂਪ ਕਾਇਮ ਰੱਖਣ ਲਈ ਸੰਘਰਸ਼ ਕਰਨਾ ਪਵੇਗਾ। ਕੋਈ ਵੀ ਅਕਲੀਅਤ, ਜੋ ਖ਼ਾਸ ਕਰਕੇ ਆਪਣੇ ਧਰਮ 'ਤੇ ਆਧਾਰਤ ਹੋਵੇ, ਉਹ ਆਪਣੇ ਖਿੱਤੇ ਵਿਚ ਸਿਆਸਤ ਨਹੀਂ ਕਰ ਸਕਦੀ। ਵੱਖ-ਵੱਖ ਸਿਆਸੀ ਪਾਰਟੀਆਂ ਵਿਚ ਰਹਿੰਦੇ ਹੋਏ ਵੀ ਸਿੱਖਾਂ ਨੂੰ ਸਿੱਖੀ ਦੇ ਆਧਾਰ 'ਤੇ ਜੇਕਰ ਕੋਈ ਜਗ੍ਹਾ ਇਕੱਠੀ ਕਰ ਸਕਦੀ ਹੈ ਤਾਂ ਉਹ ਹਨ ਗੁਰਦੁਆਰੇ। ਇਸ ਲਈ ਇਹ ਬਹੁਤ ਲਾਜ਼ਮੀ ਹੋ ਗਿਆ ਹੈ ਕਿ ਸਾਨੂੰ ਹਰ ਹਾਲਤ ਵਿਚ ਆਪਣੇ ਗੁਰਦੁਆਰਿਆਂ ਨੂੰ ਸਿਆਸਤ ਤੋਂ ਬਚਾਉਣਾ ਪਵੇਗਾ।

## 21 ਜੁਲਾਈ ਨੂੰ ਰਿਲੀਜ਼ ਹੋਵੇਗੀ 'ਦਾ ਬਲੈਕ ਪ੍ਰਿੰਸ'

ਨਿਊਯਾਰਕ- ਹਾਲ ਹੀ 'ਚ ਹੋਏ ਆਈਫ਼ਾ ਅਵਾਰਡ ਸਮਾਗਮ 'ਚ ਫ਼ਿਲਮ 'ਦਾ ਬਲੈਕ ਪ੍ਰਿੰਸ' ਦੇ ਅਦਾਕਾਰ ਸਤਿੰਦਰ ਸਰਤਾਜ ਅਤੇ ਉੱਘੀ ਬਾਲੀਵੁੱਡ ਅਦਕਾਰਾ ਸ਼ਬਾਨਾ ਆਜ਼ਮੀ ਨੇ ਆਪਣੀ ਆਉਣ ਵਾਲੀ ਫ਼ਿਲਮ 'ਦਾ ਬਲੈਕ ਪ੍ਰਿੰਸ' ਦੀ ਇਕ ਝਲਕ ਉਥੇ ਮੌਜੂਦ ਫ਼ਨਕਾਰਾਂ ਅਤੇ ਦਰਸ਼ਕਾਂ ਨੂੰ ਦਿਖਾਈ।




ਮੰਚ 'ਤੇ ਮੌਜੂਦ ਫ਼ਿਲਮ ਨਿਰਮਾਤਾ ਕਰਨ ਜੌਹਰ ਨੇ ਜਦੋਂ ਸ਼ਬਾਨਾ ਆਜ਼ਮੀ ਅਤੇ ਸਤਿੰਦਰ ਸਰਤਾਜ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ ਤਾਂ ਸਰਤਾਜ ਨੇ ਉਨ੍ਹਾਂ ਦੇ ਸ਼ੋਅ 'ਕਾਫ਼ੀ ਵਿਦ ਕਰਨ' 'ਚ ਆਉਣ ਦੀ ਇੱਛਾ ਜ਼ਾਹਿਰ ਕੀਤੀ । ਸ਼ਬਾਨਾ ਆਜ਼ਮੀ ਅਤੇ ਸਤਿੰਦਰ ਸਰਤਾਜ ਦੀ ਮੁੱਖ ਭੂਮਿਕਾ ਵਾਲੀ ਫ਼ਿਲਮ 'ਦਾ ਬਲੈਕ ਪ੍ਰਿੰਸ' ਦੀ ਕਹਾਣੀ ਪੰਜਾਬ ਦੇ ਆਖਰੀ ਸ਼ਾਸਕ ਮਹਾਰਾਜਾ ਦਲੀਪ ਸਿੰਘ 'ਤੇ ਆਧਾਰਿਤ ਹੈ । ਇਸ 'ਚ ਉਨ੍ਹਾਂ ਦੇ ਰਾਜ ਨੂੰ ਵਾਪਸ ਪਾਉਣ ਲਈ ਕੀਤੇ ਗਏ ਸੰਘਰਸ਼ ਨੂੰ ਦਿਖਾਇਆ ਗਿਆ ਹੈ । ਦਲੀਪ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਸਨ । ਇੰਨ੍ਹਾਂ ਨੂੰ ਇਤਿਹਾਸ 'ਚ 'ਬਲੈਕ ਪ੍ਰਿੰਸ' ਦੇ ਨਾਂਅ ਨਾਲ ਜਾਣਿਆ ਜਾਂਦਾ ਹੈ । ਇਸ ਫ਼ਿਲਮ ਨੂੰ ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ 'ਚ ਰਿਲੀਜ਼ ਕੀਤਾ ਜਾਵੇਗਾ । ਇਹ 21 ਜੁਲਾਈ ਨੂੰ ਰਿਲੀਜ਼ ਹੋਵੇਗੀ ।

## 'ਮੇਰਾ ਦਲਿਤ' ਬਨਾਮ 'ਤੇਰਾ ਦਲਿਤ' ਦੀ ਖੇਡ ਬਣ ਗਈ ਰਾਸ਼ਟਰਪਤੀ ਦੀ ਚੋਣ

(ਸਫਾ 14 ਦੀ ਬਾਕੀ)

ਸਕਦਾ ਹੈ। ਹੋਰ ਗੱਲਾਂ ਦੇ ਨਾਲ-ਨਾਲ ਉਹ ਹਮੇਸ਼ਾ ਆਪਣੀ ਸਮਝ ਮੁਤਾਬਕ ਫੈਸਲਾ ਲੈ ਸਕਦਾ ਤੇ ਸਰਕਾਰ ਨੂੰ ਕਿਸੇ ਵੀ ਫੈਸਲੇ 'ਤੇ ਮੁੜ ਵਿਚਾਰ ਕਰਨ ਦਾ ਹੁਕਮ ਦੇ ਸਕਦਾ ਹੈ। ਬੇਸ਼ੱਕ ਇਹ ਗੱਲਾਂ ਸੰਵਿਧਾਨ ਵਿੱਚ ਦਰਜ ਹਨ, ਪਰ 2017 ਦਾ ਭਾਰਤ 1947 ਵਾਲੇ ਭਾਰਤ ਨਾਲੋਂ ਬਿਲਕੁਲ ਵੱਖਰਾ ਹੈ। ਇੰਨੀ ਲੰਮੀ ਮਿਆਦ ਦੌਰਾਨ ਪਾਰਲੀਮੈਂਟਰੀ ਲੋਕਤੰਤਰ ਪਤਿਤ ਹੋ ਕੇ ਜਾਗੀਰਦਾਰੀ ਸੱਤਾ ਦਲਾਲਾਂ ਦੀ ਅਮੀਰਸ਼ਾਹੀ ਬਣ ਚੁੱਕਾ ਹੈ। ਫਿਰਕੂਵਾਦ, ਜਾਤਵਾਦ ਤੇ ਭ੍ਰਿਸ਼ਟਾਚਾਰ ਦੇ ਨਾਲ ਨਾਲ ਵਿਵਸਥਾ ਦਾ ਠੱਪ ਹੋਣਾ ਵੀ ਅੱਜ ਦੇ ਨਵੇਂ ਦੌਰ ਦਾ ਪ੍ਰਤੀਕ ਬਣ ਚੁੱਕਾ ਹੈ। ਅਜਿਹੀ ਸਥਿਤੀ ਵਿੱਚ ਰਾਸ਼ਟਰਪਤੀ ਦੀ ਭੂਮਿਕਾ ਇਨ੍ਹਾਂ ਅਰਥਾਂ ਵਿੱਚ ਬਹੁਤ ਅਹਿਮ ਹੋ ਗਈ ਹੈ ਕਿ ਕਿਸੇ ਤਰ੍ਹਾਂ ਦੀਆਂ ਤਾਕਤਾਂ ਲੋਕਤੰਤਰਿਕ ਅਤੇ ਸੰਵਿਧਾਨਕ ਰਾਹ 'ਤੇ ਚੱਲ ਰਹੇ ਭਾਰਤ ਨੂੰ ਅਗਵਾ ਨਾ ਕਰ ਲੈਣ। ਜਦੋਂ ਲੋਕਹਿਤ ਵਿੱਚ ਫੈਸਲੇ ਨਾ ਲਏ ਜਾ ਰਹੇ ਹੋਣ ਤਾਂ ਰਾਸ਼ਟਰਪਤੀ ਨੂੰ ਨੈਤਿਕ ਜ਼ਿੰਮੇਵਾਰੀ ਪੂਰੀ ਕਰਨੀ ਪਵੇਗੀ। ਰਾਮਨਾਥ ਕੋਵਿੰਦ ਨੂੰ ਇਹ ਚੇਤੇ ਰੱਖਣ ਦੀ ਲੋੜ ਹੈ ਕਿ ਉਹ ਦੇਸ਼ ਦੇ ਚੁਣੇ ਹੋਏ ਰਾਸ਼ਟਰ ਪ੍ਰਮੁੱਖ ਹੋਣਗੇ, ਜਿਸ ਦੀ ਭੂਮਿਕਾ ਪੀੜ੍ਹੀ-ਦਰ-ਪੀੜ੍ਹੀ ਚੱਲੇ ਆ ਰਹੇ ਰਾਜਿਆਂ-ਮਹਾਰਾਜਿਆਂ ਨਾਲੋਂ ਕਈ ਗੁਣਾਂ ਵੱਡੀ ਹੁੰਦੀ ਹੈ।

## ਪੁਲਿਸ ਵਰਦੀ ਨੋਟ ਕਮਾਉਣ ਦਾ ਵਸੀਲਾ ਨਾ ਬਣੇ ਤੇ ਥਾਣਿਆਂ ਵਿੱਚ ਸ਼ਰੀਫਾਂ ਨੂੰ ਨਮੋਸ਼ੀ ਨਾ ਮਿਲੇ

(ਸਫਾ 19 ਦੀ ਬਾਕੀ)



ਜਾਣਗੇ? ਦੇਸ਼ ਦੇ ਕਾਨੂੰਨ ਮਾਹਰਾਂ ਤੋਂ ਵੀ ਵਾਰ-ਵਾਰ ਇਹ ਪੁੱਛਿਆ ਜਾਂਦਾ ਹੈ ਕਿ ਪੁਲਸ ਦਾ ਡੰਡਾ ਇੰਨਾ ਕੰਟਰੋਲ ਰਹਿਤ ਕਿਵੇਂ ਹੋ ਗਿਆ। ਪੁਲਸ ਨੂੰ ਸਿਰਫ ਇਕ ਤਰੀਕਾ ਆਉਂਦਾ ਸਖਤੀ ਨਾਲ ਪੁੱਛਗਿੱਛ ਕਰਨ ਦਾ ਉਹ ਹੈ ਤਸ਼ੱਦਦ। ਕਿਸੇ ਨੂੰ ਵੀ ਸ਼ੱਕ ਦੇ ਆਧਾਰ 'ਤੇ ਥਾਣੇ ਵਿੱਚ ਲਿਆ ਕੇ ਅਦਾਲਤ ਤੋਂ ਰਿਮਾਂਡ ਲਏ ਬਿਨਾਂ ਹੀ ਕਾਫੀ ਚਿਰ ਗੈਰ ਕਾਨੂੰਨੀ ਹਿਰਾਸਤ ਵਿੱਚ ਰੱਖਣਾ ਅਤੇ ਇਸੇ ਦਰਮਿਆਨ ਲੈਣ ਦੇਣ ਦਾ ਮੁੱਲ ਤੈਅ ਹੋ ਜਾਣਾ ਹੀ ਦਸਤੂਰ ਬਣ ਚੁੱਕਾ ਹੈ। ਅੱਜ ਤੱਕ ਕੋਈ ਇਹ ਨਹੀਂ ਦੱਸ ਸਕਿਆ ਕਿ ਤਸ਼ੱਦਦ ਦੀ ਇਹ ਡਿਗਰੀਆਂ ਕਿਸਨੇ ਤੈਅ ਕੀਤੀਆਂ ਹਨ। ਪੰਜਾਬ ਸਰਕਾਰ ਤੇ ਦੇਸ਼ ਦੇ ਗ੍ਰਹਿ ਮੰਤਰੀ ਨੂੰ ਮੈਂ ਵਾਰ-ਵਾਰ ਲਿਖਿਆ ਕਿ ਅਕਾਲੀ ਭਾਜਪਾ ਸਰਕਾਰ ਦੇ ਸਮੇਂ ਪੰਜਾਬ ਵਿੱਚ 2012 ਤੋਂ ਬਾਅਦ ਜਿਹੜੀ ਨਸ਼ਾ ਵਿਰੋਧੀ ਮੁਹਿੰਮ ਚਲਾਈ ਗਈ, ਉਸ ਵਿੱਚ ਕਿੰਨੇ ਬੇਗੁਨਾਹਾਂ ਨੂੰ ਜੇਲ ਵਿੱਚ ਡੱਕਿਆ ਗਿਆ ਇਸ ਦੀ ਕੋਈ ਜਾਂਚ ਕਰਵਾਏ। ਅੰਮ੍ਰਿਤਸਰ ਦੀ ਜੇਲ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਾਹਮਣੇ ਸੈਂਕੜੇ ਕੈਦੀਆਂ ਨੇ ਇਹ ਦੁਹਾਈ ਦਿੱਤੀ ਸੀ ਕਿ ਉਹ ਨਸ਼ਾ ਕਰਦੇ ਹਨ, ਪਰ ਨਸ਼ਾ ਨਹੀਂ ਵੇਚਦੇ। ਉਨ੍ਹਾਂ 'ਤੇ ਅਜਿਹੇ ਦੋਸ਼ ਨਾ ਲਾਏ ਜਾਣ, ਜੋ ਨਸ਼ਾ ਵੇਚਣ ਵਾਲਿਆਂ 'ਤੇ ਲੱਗਦੇ ਹਨ।

ਦੇਸ਼ ਦੀ ਜਨਤਾ ਵੀ ਚੋਣਾਂ ਤੋਂ ਪਹਿਲਾਂ ਅਤੇ ਮਗਰੋਂ ਲੋਕ ਪ੍ਰਤੀ-ਨਿਧਾਂ ਸਾਹਮਣੇ ਕਈ ਮੰਗਾਂ ਰੱਖਦੀ ਹੈ, ਪਰ ਪੁਲਸ ਨੂੰ ਕੰਟਰੋਲ ਕਰਨ ਦੀ ਮੰਗ ਵਧੇਰੇ ਚੁੱਕੀ ਹੀ ਨਹੀਂ ਜਾਂਦੀ। ਜਿਸ ਦੀ ਕੁੱਟਮਾਰ ਹੁੰਦੀ ਹੈ, ਉਹੀ ਕੁਰਲਾਉਂਦਾ ਹੈ।

ਮੇਰੀ ਦੇਸ਼ ਦੇ ਸ਼ਾਸਕਾਂ ਨੂੰ ਬੇਨਤੀ ਹੈ ਕਿ ਹੁਣ ਉਹ ਅਜਿਹਾ ਸੁਪਨਾ ਵੇਖਣ ਕਿ 2019 ਤੱਕ ਦੇਸ਼ ਵਿੱਚ ਅਜਿਹਾ ਪੁਲਸ ਪ੍ਰਸ਼ਾਸਨ ਹੋਵੇ ਜਿਸ ਵਿੱਚ ਨਿਆਂ ਹੋਵੇ, ਬੇਗੁਨਾਹਾਂ 'ਤੇ ਤਸ਼ੱਦਦ ਨਹੀਂ। ਵਰਦੀ ਨੋਟ ਕਮਾਉਣ ਦਾ ਵਸੀਲਾ ਨਾ ਬਣੇ ਅਤੇ ਥਾਣਿਆਂ ਵਿੱਚ ਸ਼ਰੀਫਾਂ ਨੂੰ ਮਾਣ ਮਿਲੇ, ਨਮੋਸ਼ੀ ਨਹੀਂ।

# ਸਿੱਖ ਕੌਮ ਦੀ ਸ਼ਕਤੀ ਬਿਖਰਦੀ ਕਿਉਂ ਜਾ ਰਹੀ ਹੈ?

(ਸਫਾ 17 ਦੀ ਬਾਕੀ)

ਨਿਹਾਦ ਸਿੱਖ ਜਥੇਬੰਦੀਆਂ ਵਕਤੀ ਲਾਹੇ ਲਈ ਇਹਨਾ ਰਾਜਨੀਤਕਾਂ ਦੇ ਪੈਰਾਂ ਵਿਚ ਬਹਿ ਗਈਆਂ ਅਤੇ ਅੱਜ ਦੇ ਹਾਲਾਤ ਕੋਈ ਹਰਿਆ ਬੂਟ ਰਹਿਓ ਰੀ ਵਾਲੇ ਹੋ ਗਏ। 1984 ਤੋਂ ਪਹਿਲਾਂ ਸਿੱਖ ਪੰਥ ਤੇ ਜਿੰਨੇ ਵੀ ਘੱਲੂਘਾਰੇ ਆਏ ਉਸ ਨਾਲ ਕੌਮ ਹੋਰ ਵੀ ਕੁੰਦਨ ਬਣ ਕੇ ਦੂਣੀ ਸ਼ਕਤੀ ਨਾਲ ਉਭਰਦੀ ਰਹੀ ਹੈ। ਸੋਚਣ ਵਾਲੀ ਗੱਲ ਹੈ ਕਿ ਸੰਨ ਚੁਰਾਸੀ ਦੇ ਦੁਖਾਂਤ ਮਗਰੋਂ ਕੌਮ ਦੀ ਸ਼ਕਤੀ ਕਿਓਂ ਬਿਖਰਦੀ ਜਾ ਰਹੀ ਹੈ। ਇਸ ਸਬੰਧੀ ਹੇਠ ਲਿਖੇ ਨੁਕਤੇ ਸਮਝਣੇ ਬਹੁਤ ਜਰੂਰੀ ਹਨ--

1. ਜੂਨ 1984 ਵਿਚ ਜੁਝਾਰੂ ਸਿੰਘ ਭਾਰਤੀ ਫੌਜ ਨਾਲ ਜਾਨਾ ਹੂਲ ਕੇ ਲੜੇ ਅਤੇ ਸੰਤ ਭਿੰਡਰਾਂਵਾਲਿਆਂ ਸਮੇਤ ਜਾਂਬਾਜ਼ ਸੂਰਬੀਰਾਂ ਨੇ ਸ਼ਹਾਦਤਾਂ ਦਿੱਤੀਆਂ ਪਰ ਅਫਸੋਸ ਕਿ ਇਸ ਸਾਕੇ ਮਗਰੋਂ ਕੌਮ ਲੀਡਰਲੈਸ ਹੋ ਗਈ। ਸੰਤਾਂ ਦੇ ਉੱਤਰ ਅਧਿਕਾਰੀਆਂ ਤੋਂ ਕੌਮੀ ਅਗਵਾਈ ਦੀ ਉਮੀਦ ਕੀਤੀ ਜਾਂਦੀ ਸੀ ਪਰ ਉਹ ਸਗੋਂ ਸਰਕਾਰ ਨਾਲ ਰਲ ਗਏ। ਸਰਬ ਸਾਂਝੇ ਆਗੂ ਦੀ ਕਮੀ ਕਾਰਨ ਪੰਥਕ ਘੋਲ ਲੜਨ ਵਿਚ ਖੜੋਤ ਆ ਗਈ।

2. ਬੇਸ਼ੱਕ ਸੰਤ ਭਿੰਡਰਾਂਵਾਲੇ ਪ੍ਰਕਾਸ਼ ਸਿੰਘ ਬਾਦਲ ਅਤੇ ਉਸ ਦੇ ਸਾਥੀ ਅਕਾਲੀਆਂ ਨੂੰ ਕਾਲੀ ਕਿਹਾ ਕਰਦੇ ਸਨ ਅਤੇ ਨਿਕਾਰਦੇ ਸਨ ਪਰ ਰਾਜਨੀਤਕ ਤੌਰ ਤੇ ਲੋਕਾਂ ਨੇ ਮੁੜ ਬਾਦਲ ਨੂੰ ਹੀ ਮੁਖ ਮੰਤ੍ਰੀ ਦੀ ਕੁਰਸੀ ਤੇ ਬਿਠਾਇਆ ਜਦ ਕਿ ਖਾਲਿਸਤਾਨੀ ਫੋਰਸਾਂ ਬਾਦਲਾਂ ਦਾ ਬਦਲ ਨਾ ਬਣ ਸਕੀਆਂ।

3. ਖੱਪਤਕਾਰੀ ਸਭਿਆਚਾਰ ਵਿਚ ਆਮ ਵਿਅਕਤੀ ਲਈ ਨਿੱਜੀ ਲੋੜਾਂ ਪਹਿਲੇ ਨੰਬਰ ਤੇ ਆ ਗਈਆਂ ਅਤੇ ਪੰਥ ਕੌਮ ਦੀਆਂ ਗੱਲਾਂ ਦੂਜੇ ਨੰਬਰ ਤੇ। ਜਨ ਸਮੂਹ ਦੇ ਮਨੋਬਲ ਨੇ ਹੀ ਤਕੜੀ ਲੀਡਰਸ਼ਿਪ ਪੈਦਾ ਕਰਨੀ ਹੁੰਦੀ ਹੈ ਜਦ ਕਿ ਜਨ ਸਮੂਹ ਦੇ ਦਿਲਾਂ ਵਿਚ ਧਰਮ ਕੌਮ ਅਤੇ ਪੰਥ ਦੀਆਂ ਗੱਲਾਂ ਦੀ ਹੁਣ ਓਨੀ ਅਹਿਮੀਅਤ ਨਹੀਂ ਰਹੀ ਜਿੰਨੀ ਕਿ ਪਹਿਲਾਂ ਸੀ।

4. ਭਾਰਤੀ ਵਿਧਾਨ ਦੇ ਧਰਮ ਨਿਰਪੱਖੀ ਮਖੌਟੇ ਨੇ ਬਹੁਤੇ ਲੋਕਾਂ ਨੂੰ ਦੇਸ਼ ਦੀਆਂ ਘੱਟਗਿਣਤੀਆਂ ਦੇ ਹੋ ਰਹੇ ਸੋਸ਼ਣ ਨੂੰ ਸਮਝਣ ਵਿਚ ਭੰਬਲਭੂਸਾ ਪੈਦਾ ਕੀਤਾ ਖਾਸ ਕਰਕੇ ਇਸ ਸਮੇਂ ਜਦੋਂ ਕਿ ਗੱਲ ਗੱਲ ਤੇ ਭਗਵੇਂ ਆਗੂ ਹਿੰਦੂ ਰਾਜ ਦਾ ਦਾਬਾ ਮਾਰ ਰਹੇ ਹਨ।

5. ਮਿਸ਼ਨਰੀ ਅਤੇ ਗੈਰ ਮਿਸ਼ਨਰੀ ਦੋ ਧੜਿਆਂ ਵਿਚ ਖਾਲਸਾਈ ਵੰਡ ਨੇ ਏਕਤਾ ਦੇ ਮੁੱਦੇ ਨੂੰ ਹੋਰ ਵਧੇਰੀ ਸੱਟ ਮਾਰਕੇ ਤਾਰ ਤਾਰ ਕਰ ਦਿਤਾ ਅਤੇ ਅੱਜ ਦੀ ਤਾਰੀਖ ਵਿਚ ਖਾਲਸਾ ਫੋਰਸਾਂ ਦੇ ਇਕੱਠਿਆਂ ਹੋਣ ਦੀ ਸੋਚ ਨਾਲੋਂ ਆਪਸੀ ਕਲ੍ਹਾ ਕਲੇਸ਼ ਦਾ ਮੁੱਦਾ ਵਧੇਰੇ ਭਾਰੀ ਹੋ ਗਿਆ ਹੈ।

6. ਪਿਛਲੇ ਇੱਕ ਦਹਾਕੇ ਵਿਚ ਅਕਾਲੀ ਭਾਜਪਾ ਗੱਠਜੋੜ ਦੀ ਸਰਕਾਰ ਨੇ ਉਹਨਾ ਸ਼ਕਤੀਆਂ ਨੂੰ ਆਪਣੇ ਪ੍ਰਭਾਵ ਵਿਚ ਲੈ ਲਿਆ ਜਿਹਨਾ ਤੋਂ ਅਜਾਦੀ ਦੀ ਲੜਾਈ ਲਈ ਸੰਘਰਸ਼ ਦੀ ਆਸ ਰੱਖੀ ਜਾਣੀ ਸੀ। ਖਾਲਸਾਈ ਧਿਰਾਂ ਦੇ ਰਾਜਸੀ ਜੇਬਾਂ ਵਿਚ ਖਿਸਕ ਜਾਣ ਨਾਲ ਆਮ ਸਿੱਖਾਂ ਵਿਚ ਨਿਰਾਸ਼ਾ ਅਤੇ ਭੰਬਲਭੂਸਾ ਪੈਦਾ ਹੋ ਗਿਆ।

7. ਸਰਕਾਰੀ ਜਥੇਦਾਰਾਂ ਤੋਂ ਮੁਕਤੀ ਅਤੇ ਸ਼੍ਰੋਮਣੀ ਕਮੇਟੀ ਦੀ ਅਜਾਦੀ ਲਈ ਸਰਬਤ ਖਾਲਸਾ ਦੇ ਨਾਂਅ ਹੇਠ ਕੀਤੀ ਗਈ ਕੋਸ਼ਿਸ਼ ਕੋਈ ਰੰਗ ਨਾ ਲਿਆ ਸਕੀ ਕਿਓਂਕਿ ਵੱਖ ਵੱਖ ਧਿਰਾਂ ਦੇ ਹਿੱਤ ਸਾਂਝੇ ਨਾ ਹੋ ਸਕੇ। ਸਰਬਤ ਖਾਲਸਾ ਦੇ ਜਥੇਦਾਰ ਭਾਈ ਹਵਾਰਾ ਦਾ ਨਾਮ ਵਰਤ ਕੇ ਇੱਕ ਵਕਤੀ ਹੁਲਾਰੇ ਤੋਂ ਵੱਧ ਹੋਰ ਕੁਝ ਵੀ ਹਾਸਲ ਨਾ ਕਰ ਸਕੇ।

ਬਹੁਤ ਸਾਰੇ ਕਾਰਨਾਂ ਵਿਚੋਂ ਇਹ ਕੁਝ ਇੱਕ ਕਾਰਨ ਹਨ ਜਿਹਨਾ ਕਾਰਨ ਪੰਥਕ ਕਾਫਲਾ ਵੱਖੋ-ਵੱਖ ਦਲਾਂ ਵਿਚ ਬਿਖਰ ਗਿਆ ਅਤੇ ਹੁਣ ਕੁੱਝ ਦਲਾਂ ਦੇ ਆਪੋ ਆਪਣੇ ਹਿੱਤ ਭਿੜਦੇ ਹੋਣ ਕਾਰਨ ਗੁਰਦੁਆਰਿਆਂ ਵਿਚ ਧੱਕਮ-ਧੱਕੇ ਦਾ ਮਹੌਲ ਜਾਰੀ ਹੈ। ਗੁਰਦੁਆਰਿਆਂ ਵਿਚ ਲਹਿੰਦੀਆਂ ਦਸਤਾਰਾਂ ਦੇਖ ਕੇ ਸੰਗਤਾਂ ਖੂਨ ਦੇ ਹੰਝੂ ਰੋਂਦੀਆਂ ਹਨ। ਅੱਜ ਪੰਥ ਦੇ ਅਖੌਤੀ ਹੀਰੋ ਆਪੋ ਆਪਣੀਆਂ ਬਾਂਸਰੀਆਂ ਬਜ-ਾਉਣ ਵਿਚ ਮਸਤ ਹਨ। ਇਹਨਾਂ ਹਾਲਾਤਾਂ ਦੇ ਮੱਦੇ ਨਜ਼ਰ ਇਹ ਹੀ ਗੱਲ ਸਮਝ ਲੱਗਦੀ ਹੈ ਕਿ ਨੇੜ ਭਵਿੱਖ ਵਿਚ ਭਾਰਤ ਵਿਚ ਖਾਲਸਾਈ ਅਜਾਦੀ ਦੀ ਗੱਲ ਤਾਂ ਬਹੁਤ ਦੂਰ ਜੇਕਰ ਖਾਲਸਾਈ ਧਿਰਾਂ ਆਪਸੀ ਟਕਰਾਓ ਅਤੇ ਕਲਾਹ ਕਲੇਸ਼ ਤੋਂ ਬਚ ਜਾਣ ਤਾਂ ਗਨੀਮਤ ਸਮਝੋ। ਇਹਨਾ ਹਾਲਾਤਾਂ ਵਿਚ ਇਹ ਗੱਲ ਹਰ ਪੰਥ ਦਰਦੀ ਦੇ ਮਨਾਂ ਵਿਚ ਆਉਂਦੀ ਹੈ ਕਿ ਕੀ ਫਿਰ ਸ਼ਹੀਦਾਂ ਦਾ ਵਹਾਇਆ ਖੂਨ ਬਿਰਥਾ ਚਲਾ ਜਾਏਗਾ? ਕੀ ਹੁਣ ਖਾਲਸਾ ਪੰਥ ਦਾ ਭਗਵਾਂਕਰਨ ਹੋ ਜਾਵੇਗਾ ਜਾਂ ਕੀ ਸਿੱਖ ਦੁਸ਼ਮਨਾਂ ਦੀ ਚਾਲ ਵਿਚ ਆ ਕੇ ਸੰਪ੍ਰਦਾਈ ਲੋਕ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਤੇ ਹਮਲਾਵਰ ਹੋ ਕੇ ਪੰਥ ਨੂੰ ਗ੍ਰਹਿ ਯੁੱਧ ਵੱਲ ਧੱਕ ਦੇਣਗੇ?

ਬਹੁਤ ਸਾਰੇ ਚਿੰਤਕ ਇਹ ਗੱਲ ਆਮ ਹੀ ਕਹਿ ਰਹੇ ਹਨ ਕਿ ਅੱਜ ਜੋ ਆਪਸੀ ਜੰਗ ਛਿੜ ਗਿਆ ਹੈ ਇਹ ਮੁਗਲਾਂ ਅਤੇ ਅੰਗ੍ਰੇਜ਼ਾਂ ਨਾਲ ਲੜੇ ਜੰਗ ਤੋਂ ਵਧੇਰੇ ਖਤਰਨਾਕ ਹੈ। ਵਿਰੋਧੀ ਤਾਕਤਾਂ ਸਾਮ ਦਾਮ ਦੰਡ ਦੇ ਦਾਅ ਖੇਡਣ ਮਗਰੋਂ ਹੁਣ 'ਭੇਤ' ਦਾ ਆਖਰੀ ਦਾਅ ਖੇਡ ਰਹੀਆਂ ਹਨ ਅਤੇ ਸਿੱਖ ਆਗੂ ਇਸ ਵਿਚ ਫਸਦੇ ਵੀ ਨਜ਼ਰ ਆ ਰਹੇ ਹਨ। ਸਿੱਖ ਆਗੂ ਕੌਮ ਨੂੰ ਕੋਈ ਸਰਬ ਸਾਂਝਾ ਪ੍ਰੋਗ੍ਰਾਮ ਦੇਣ ਦੀ ਬਜਾਏ ਆਪਸੀ ਵਿਰੋਧਾਂ ਅਤੇ ਲਲਕਾਰਾਂ ਵਿਚ ਵਧੇਰੇ ਫਸੇ ਹੋਏ ਹਨ। ਇੱਕ ਗੱਲ ਸਪੱਸ਼ਟ ਹੈ ਕਿ ਭਾਰਤ ਵਿਚ ਭਗਵਾਂਕਰਨ ਦੀ ਲਹਿਰ ਨੇ ਘੱਟਗਿਣਤੀਆਂ ਨੂੰ ਕਰੋ ਜਾਂ ਮਰੋ ਦੇ ਫੈਸਲੇ ਲਈ ਮਜਬੂਰ ਕਰ ਦੇਣਾ ਹੈ।

ਕੇਵਲ ਸਿੱਖ ਕੌਮ ਕੋਲ ਹੀ ਭਗਵੀਂ ਚਣੌਤੀ ਨੂੰ ਕਬੂਲ ਕਰਨ ਦੀ ਹਿੰਮਤ ਹੈ ਪਰ ਅੰਗ੍ਰੇਜ਼ਾਂ ਵਾਂਗ ਭਗਵਿਆਂ ਨੇ ਪਾੜੋ ਅਤੇ ਰਾਜ ਕਰੋ ਦੀ ਨੀਤੀ ਤਹਿਤ ਸਿਰਕਰਦਾ ਧਿਰਾਂ ਨੂੰ ਆਪਣੇ ਪ੍ਰਭਾਵ ਵਿਚ ਲੈ ਲਿਆ ਹੈ ਅਤੇ ਦਿਨੋ ਦਿਨ ਪੰਥ ਭਰਾ ਮਾਰੂ ਜੰਗ ਵੱਲ ਵੱਧ ਰਿਹਾ ਹੈ।

ਵਧੇਰੇ ਅਫਸੋਸ ਦੀ ਗੱਲ ਇਹ ਵੀ ਹੈ ਕਿ ਪੰਜਾਬ ਅਤੇ ਪੰਜਾਬ ਤੋਂ ਬਾਹਰ ਬੈਠੇ ਸਿੱਖ ਆਗੂ ਇਹ ਸਾਰਾ ਕੁੱਝ ਦੇਖ ਵੀ ਅਣਡਿੱਠ ਕਰ ਰਹੇ ਹਨ। ਇਹਨਾ ਫੈਸਲਾਕੁੰਨ ਘੜੀਆਂ ਵਿਚ ਇਹਨਾ ਆਗੂਆਂ ਦਾ ਫਰਜ ਬਣਦਾ ਹੈ ਕਿ ਉਹ ਸੁਹਿਰਦ ਧਿਰਾਂ ਨੂੰ ਇਕੱਠਿਆਂ ਕਰ ਕੇ ਖਾਨਾ ਜੰਗੀ ਨੂੰ ਰੋਕਣ ਅਤੇ ਅਜਾਦੀ ਦੀ ਸ਼ਮਾਂ ਨੂੰ ਜਗਦਿਆਂ ਰੱਖਣ। ਸਾਡੇ ਆਗੂ ਕੇਵਲ ਰੋਸ ਮੁਜਾਹਰੇ ਕਰਕੇ ਆਪਣੇ ਆਪ ਨੂੰ ਸੁਰਖਰੂ ਹੋਏ ਨਾ ਸਮਝਣ।

# ਵਾਹਗੇ ਦੀ ਸਰਹੱਦ ਤੇ ਗੁਟਾਰ ਦਾ ਆਲ੍ਹਣਾ

(ਸਫਾ 8 ਦੀ ਬਾਕੀ)

ਮਸਾਲੇ ਆਦਿ ਦੀਆਂ ਭਰੀਆਂ ਛੋਟੀਆਂ ਟਰਾਲੀਆਂ ਚੇਨਕੁਪੀ ਦੀ ਮੱਦਦ ਨਾਲ ਉਪਰ ਤਕ ਭੇਜੀਆਂ ਜਾ ਰਹੀਆਂ ਸਨ।

ਸਟੇਡੀਅਮ ਵਿਚ ਡੀਜੇ 'ਤੇ ਦੇਸ਼ਭਗਤੀ ਦੇ ਤਰਾਨੇ ਗੂੰਜ ਰਹੇ ਸਨ। ਪੀਟੀ ਵਾਲੀ ਵਰਦੀ ਪਾਈ ਬੀ ਐਸ ਐਫ ਦਾ ਇਕ ਜਵਾਨ ਲੋਕਾਂ ਤੋਂ ਵੱਧ ਤੋਂ ਵੱਧ ਉਚੀ ਆਵਾਜ਼ ਵਿੱਚ ਦੇਸ਼ਭਗਤੀ ਦੇ ਨਾਅਰੇ ਲਗਵਾ ਰਿਹਾ ਸੀ। ਇਸ਼ਾਰਿਆਂ ਹੀ ਇਸ਼ਾਰਿਆਂ ਵਿੱਚ ਉਹ ਕਹਿ ਰਿਹਾ ਸੀ ਕਿ ਇਹ ਨਾਅਰੇ ਇਸਲਾਮਾਬਾਦ ਵਿੱਚ ਬੈਠੀ ਪਾਕਿਸਤਾਨ ਦੀ ਨਵਾਜ਼ ਸ਼ਰੀਫ ਹਕੂਮਤ ਦੇ ਕੰਨ ਗੂੰਜਣ ਲਾ ਦੇਣ। ਲੋਕ ਵੀ ਸੰਘ ਪਾੜਨ ਤਕ ਪੂਰੇ ਜ਼ੋਰ ਨਾਲ ਵੱਧ ਤੋਂ ਵੱਧ ਅਵਾਜ਼ ਵਿੱਚ ਨਾਅਰਿਆਂ ਦਾ ਭਰਵਾਂ ਜੁਆਬ ਦੇ ਰਹੇ ਸਨ। ਮੁੱਕਦੀ ਗੱਲ, ਸਮੁੱਚਾ ਮਾਹੌਲ ਦੇਸ਼ਭਗਤੀ ਦੇ ਜਜ਼ਬੇ ਨਾਲ ਗੜੁੱਚ ਹੋ ਚੁੱਕਿਆ ਸੀ। ਦੇਸ਼ਪ੍ਰੇਮੀ ਤਾਂ ਮੈਂ ਵੀ ਹਾਂ, ਪਰ ਇਥੇ ਮੇਰਾ ਧਿਆਨ ਉਚੀ - ਉਚੀ ਨਾਅਰੇ ਮਾਰਨ ਵੱਲ ਨਹੀਂ ਸੀ। ਮੈਂ ਕੁਝ ਹੋਰ ਹੀ ਦੇਖ ਤੇ ਸੋਚ ਰਿਹਾ ਸੀ। ਉਸਾਰੀ ਦੇ ਚੱਲ ਰਹੇ ਕਾਰਜਾਂ ਲਈ ਸਟੇਡੀਅਮ ਦੀ ਛੱਤ ਦੇ ਹੇਠਲੇ ਪਾਸੇ ਲਗਭਗ ਚਾਰ ਇੰਚ ਚੌੜੀਆਂ ਪਾਈਪਾਂ ਦੀ ਫਿਟਿੰਗ ਕੀਤੀ ਹੋਈ ਸੀ। ਪਾਈਪਾਂ ਨੂੰ ਇਥੇ ਫਿੱਟ ਕਰਨ ਦਾ ਮਕਸਦ ਮੇਰੀ ਸਮਝ ਤੋਂ ਬਾਹਰ ਸੀ।

ਇਕ ਪਾਸੇ ਇਹ ਕਿਹਾ ਜਾਂਦਾ ਹੈ ਕਿ ਇਸ ਸਥਾਨ ਉਪਰ ਬੀਐਸਐਫ ਦੇ ਜਵਾਨਾਂ ਦੀ ਮਰਜੀ ਬਗੈਰ ਪਰਿੰਦਾ ਵੀ ਪਰ ਨਹੀਂ ਮਾਰ ਸਕਦਾ, ਪਰ ਛੱਤ ਹੇਠਲੀਆਂ ਪਾਈਪਾਂ ਵਿੱਚ ਇਕ ਗੁਟਾਰ ਪੂਰੀ ਲਗਨ ਨਾਲ ਆਲ੍ਹਣਾ ਬਣਾਉਣ ਵਿੱਚ ਮਸਰੂਫ ਸੀ। ਉਹ ਆਪਣੀ ਚੁੰਝ ਵਿੱਚ ਇਕ ਡੱਕਾ ਲਿਆਉਂਦੀ, ਪਾਈਪ ਵਿੱਚ ਥਾਂ ਸਿਰ ਰੱਖ ਕੇ ਦੁਬਾਰਾ ਉਡਾਰੀ ਮਾਰ ਜਾਂਦੀ। ਉਹ ਕਦੇ ਸਰਹੱਦ ਦੇ ਇਧਰੋਂ ਡੱਕਾ ਲਿਆਉਂਦੀ ਤੇ ਕਦੇ ਸਰਹੱਦ ਦੇ ਪਾਰੋਂ, ਪਾਕਿਸਤਾਨ ਵਿਚੋਂ। ਨਾਅਰੇ ਮਾਰਦੇ ਭਾਣਜੇ ਦਾ ਧਿਆਨ ਵੀ ਮੈਂ ਘਰ ਬਣਾਉਂਦੀ ਗੁਟਾਰ ਵੱਲ ਕਰਵਾ ਦਿੱਤਾ। "ਮਾਮਾ, ਗੁਟਾਰ ਨੂੰ ਮੌਜ ਆ, ਭਾਵੇਂ ਡੱਕੇ ਉਧਰੋਂ ਲਿਆਵੇ, ਭਾਵੇਂ ਇਧਰੋਂ ਤੇ ਭਾਵੇਂ ਚੋਗਾ ਉਧਰੋਂ ਚੁਗੇ, ਜਾਂ ਇਧਰੋਂ; ਗੁਟਾਰ ਉਪਰ ਕਿਸੇ ਵੀ ਦੇਸ਼ ਜਾਂ ਸਰਕਾਰ ਦੀ ਕੋਈ ਰੋਕ -ਟੋਕ ਹੀ ਨਹੀਂ ਹੈ, ਹੈ ਨਾ''? ਭਾਣਜਾ ਸਹਿਜ -ਸੁਭਾਅ ਅਜਿਹੀਆਂ ਗੱਲਾਂ ਕਰੀ ਗਿਆ। ਪਰ ਮੈਂ ਭਾਣਜੇ ਦੀਆਂ ਗੱਲਾਂ ਵਿੱਚ ਹੁੰਗਾਰਾ ਨਹੀਂ ਭਰ ਸਕਿਆ ਕਿਉਂਕਿ ਮੇਰੇ ਕੋਲ ਉਸ ਦੀਆਂ ਇਨ੍ਹਾਂ ਗੱਲਾਂ ਦਾ ਕੋਈ ਜੁਆਬ ਨਹੀਂ ਸੀ। ਸ਼ਾਇਦ ਭਾਣਜੇ ਦੀਆਂ ਗੱਲਾਂ ਦਾ ਜਵਾਬ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਕੋਲ ਵੀ ਨਹੀਂ।

ਫਿਰ ਵੀ ਮੈਂ ਸੋਚ ਰਿਹਾ ਸੀ ਕਿ ਕੀ ਕਦੇ ਇਹ ਮੌਜਾਂ ਦੋਵੇਂ ਮੁਲਕਾਂ ਦੇ ਬਾਸ਼ਿੰਦਿਆਂ ਦੇ ਜੀਵਨ ਦਾ ਹਿੱਸਾ ਬਣ ਸਕਣਗੀਆਂ? ਕੀ ਕਦੇ ਭਾਰਤ-ਪਾਕਿ ਸਰਕਾਰਾਂ ਦੇ ਮਨਾਂ ਵਿਚਲੀ ਕੌੜਤੁੰਬੇ ਵਰਗੀ ਕੁੜੱਤਣ, ਦੁਆਬੇ ਦੇ ਰਸੇ ਅੰਬਾਂ ਦੇ ਸਵਾਦ ਵਰਗੀ ਮਿੱਠੀ ਹੋ ਸਕੇਗੀ?। ਮੇਰੀ ਸੰਵੇਦਨਾ ਹੱਦਾਂ -ਸਰਹੱਦਾਂ ਤੋਂ ਪਾਰ ਪੰਛੀਆਂ ਦੀਆਂ ਆਉਂਦੀਆਂ -ਜਾਂਦੀਆਂ ਡਾਰਾਂ ਨੂੰ ਮਹਿਸੂਸ ਕਰ ਰਹੀ ਸੀ।

# ਖੇਤੀਬਾੜੀ ਖੇਤਰ ਉੱਤੇ ਜੀ ਐਸ ਟੀ ਦਾ ਪਏਗਾ ਮਾੜਾ ਪ੍ਰਭਾਵ

(ਸਫਾ 6 ਦੀ ਬਾਕੀ)

ਇਨਪੁਟ ਟੈਕਸ ਦਾ ਕਰੈਡਿਟ ਮਿਲ ਜਾਵੇਗਾ, ਫਿਰ ਵੀ ਖੇਤੀ ਉਪਕਰਣਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਣਾ ਲਾਜ਼ਮੀ ਹੈ। ਇਸ ਤਰ੍ਹਾਂ ਇਨ੍ਹਾਂ ਉਪਕਰਣਾਂ ਨੂੰ ਬਣਾਉਣ ਲਈ ਵਰਤੇ ਜਾਂਦੇ ਪੁਰਜ਼ਿਆਂ 'ਤੇ ਪਹਿਲਾਂ ਟੈਕਸ ਤੋਂ ਛੋਟ ਸੀ ਪਰ ਹੁਣ ਕੁੱਝ ਉਪਕਰਣ ਜਿਵੇਂ ਗੇਅਰ-ਬੌਕਸ, ਟਰਾਂਸਮਿਸ਼ਨ ਸਾਫਟ, ਆਦਿ 'ਤੇ ਜੀਐਸਟੀ ਲੱਗਣ ਨਾਲ ਇਨ੍ਹਾਂ ਸੰਦਾਂ ਦੀ ਮੁਰੰਮਤ ਅਤੇ ਰੱਖ-ਰਖਾਵ ਉਪਰ ਖਰਚਾ ਵੀ ਵੱਧ ਜਾਵੇਗਾ। ਇਸੇ ਤਰ੍ਹਾਂ ਸਿੰਚਾਈ ਲਈ ਵਰਤੀ ਜਾਣ ਵਾਲੀ ਮਸ਼ੀਨਰੀ ਵੀ ਮਹਿੰਗੀ ਹੋ ਜਾਵੇਗੀ। ਪਾਣੀ ਦੀ ਸੁਚੱਜੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਭਾਰਤ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਅਧੀਨ ਡ੍ਰਿਪKਸਪਰਿੰਕਲਰ ਸਿਸਟਮ ਲਗਾਉਣ ਲਈ ਆਪਣੇ ਹਿੱਸੇ ਵਜੋਂ ਲਾਭਪਾਤਰੀਆਂ ਨੂੰ 27% ਦੀ ਦਰ 'ਤੇ ਸਬਸਿਡੀ ਦਿੱਤੀ ਜਾ ਰਹੀ ਹੈ ਪਰ ਦੂਸਰੇ ਪਾਸੇ ਇਨ੍ਹਾਂ ਸਿਸਟਮਾਂ 'ਤੇ 18% ਜੀਐਸਟੀ ਲਗਾਉਣ ਨਾਲ ਇਹ ਸਬਸਿਡੀ ਨਾ-ਮਾਤਰ ਹੀ ਰਹਿ ਗਈ ਹੈ। ਇਸ ਤਰ੍ਹਾਂ ਨਵੀਂ ਕਰ ਪ੍ਰਣਾਲੀ ਕਾਰਣ ਵਧੀ ਕੀਮਤ ਸਦਕਾ ਸਿੰਚਾਈ ਲਈ ਪਾਣੀ ਦੀ ਸੁਚੱਜੀ ਵਰਤੋਂ ਨੂੰ ਉਤਸ਼-ਾਹਿਤ ਕਰਨ ਦੇ ਕੰਮ ਦੀ ਪ੍ਰਗਤੀ ਨੂੰ ਠੇਸ ਪਹੁੰਚੇਗੀ। ਪ੍ਰੰਤੂ ਪੈਟਰੋਲੀਅਮ ਉਤਪਾਦ ਜਿਵੇਂ ਕੱਚਾ ਤੇਲ, ਪੈਟਰੋਲ, ਹਾਈਸਪੀਡ ਡੀਜ਼ਲ ਅਤੇ ਬਿਜਲੀ ਨੂੰ ਜੀਐਸਟੀ ਦੇ ਘੇਰੇ ਤੋਂ ਬਾਹਰ ਰੱਖਦੇ ਹੋਏ ਮੌਜੂਦਾ ਟੈਕਸ ਸਿਸਟਮ ਭਾਵ ਵੈਟ ਅਤੇ ਕੇਂਦਰੀ ਆਬਕਾਰੀ ਡਿਊਟੀ ਨੂੰ ਹੀ ਜਾਰੀ ਰੱਖਿਆ ਗਿਆ ਹੈ ਜਿਸ ਕਰਕੇ ਵੱਖ-ਵੱਖ ਖੇਤੀ ਉਪਰੇਸ਼ਨਾਂ ਲਈ ਮਸ਼ੀਨਰੀ ਦੀ ਵਰਤੋਂ ਦੀ ਲਾਗਤ ਵਿੱਚ ਹਾਲ ਦੀ ਘੜੀ ਕੋਈ ਵਾਧਾ ਨਹੀਂ ਹੋਵੇਗਾ। ਕਿਸਾਨਾਂ ਦੀ ਆਮਦਨ ਵਧਾਉਣ ਅਤੇ ਪੇਂਡੂ ਖੇਤਰਾਂ ਵਿੱਚ ਰੁਜ਼ਗਾਰ ਦੇ ਬਦਲਵੇ ਮੌਕੇ ਮੁਹੱਈਆ ਕਰਵਾਉਣ ਵਿੱਚ ਖੇਤੀ 'ਤੇ ਅਧਾਰਿਤ ਉਦਯੋਗ ਅਤੇ ਫੂਡ ਪ੍ਰੋਸੈਸਿੰਗ ਇੰਡਸਟਰੀ ਮਹੱਤਵਪੂਰਨ ਯੋਗਦਾਨ ਪਾ ਸਕਦੇ ਹਨ। ਹੁਣ ਪ੍ਰੋਸੈਸਡ ਫੂਡ ਜਿਵੇਂ ਕਿ ਫਲਾਂ ਦੇ ਜੂਸ ਅਤੇ ਡੱਬਾ-ਬੰਦ ਸਬਜ਼ੀਆਂ, ਆਦਿ 'ਤੇ ਪਹਿਲਾਂ ਲੱਗਦੇ 5% ਵੈਟ ਦੀ ਥਾਂ 'ਤੇ 12% ਜੀਐਸਟੀ ਲਗਾਉਣ ਦਾ ਉਪਬੰਧ ਕੀਤਾ ਗਿਆ ਹੈ। ਇਸੇ ਤਰ੍ਹਾਂ ਫਲਾਂ ਦੇ ਮੁਰੱਬੇ, ਜੈਲੀ ਅਤੇ ਸਬਜ਼ੀਆਂ ਦੀ ਪਿਊਰੀ ਉਪਰ ਵੀ ਮੌਜੂਦਾ 5% ਦੀ ਥਾਂ 'ਤੇ 18% ਦੀ ਦਰ 'ਤੇ ਜੀਐਸਟੀ ਲਗਾਇਆ ਜਾਵੇਗਾ। ਡੇਅਰੀ ਰਾਜ ਦੇ ਕਿਸਾਨਾਂ ਲਈ ਇੱਕ ਮਹੱਤਵਪੂਰਨ ਸਹਾਇਕ ਧੰਦਾ ਹੈ ਅਤੇ ਦੁੱਧ ਦੇ ਉਤਪਾਦਾਂ 'ਤੇ ਵੀ 18% ਦੀ ਦਰ 'ਤੇ ਜੀਐਸਟੀ ਲਗਾਉਣ ਕਰਕੇ ਕਿਸਾਨਾਂ ਨੂੰ ਪ੍ਰਾਪਤ ਹੋਣ ਵਾਲੇ ਇਸ ਮੁੱਲ ਵਿੱਚ ਨੇੜਲੇ ਭਵਿੱਖ ਵਿੱਚ ਬਹੁਤਾ ਵਾਧਾ ਸੰਭਵ ਨਹੀਂ ਹੋਵੇਗਾ। ਇਨ੍ਹਾਂ ਹਾਲਾਤਾਂ ਵਿੱਚ ਕੁੱਲ ਮਿਲਾ ਕੇ ਖੇਤੀ ਅਧਾਰਿਤ ਉਦਯੋਗਾਂ ਦੇ ਪ੍ਰਫੁਲਿਤ ਹੋਣ ਉਪਰ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਭਾਰਤ ਸਰਕਾਰ ਵੱਲੋਂ ਸਾਲ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਟੀਚਾ ਮਿ-ਥਿਆ ਗਿਆ ਹੈ ਪਰ ਨਵੀਂ ਜੀਐਸਟੀ ਪ੍ਰਣਾਲੀ ਦੇ ਲਾਗੂ ਹੋਣ ਨਾਲ ਫਿਲਹਾਲ ਫਸਲਾਂ ਦੀ ਪੈਦਾਵਾਰ ਲਾਗਤ ਵਧਣ ਅਤੇ ਕਿਸਾਨਾਂ ਦੀ ਆਮਦਨ ਘਟਣ ਦਾ ਖਦਸ਼ਾ ਪੈਦਾ ਹੋ ਗਿਆ ਹੈ। ਇਸ ਲਈ ਚਾਹੀਦਾ ਹੈ ਕਿ ਸ਼ੁਰੂਆਤੀ ਮੁਸ਼ਕਿਲਾਂ ਨੂੰ ਹੱਲ ਕਰਨ ਅਤੇ ਇਸ ਦਾ ਸਾਰੇ ਵਰਗਾਂ ਦੇ ਲੋਕਾਂ ਨੂੰ ਲਾਭ ਪਹੁੰਚਾਉਣ ਲਈ ਵੱਖ-ਵੱਖ ਵਸਤਾਂ 'ਤੇ ਜੀਐਸਟੀ ਦੀਆਂ ਦਰਾਂ ਉਪਰ ਪੁਨਰ-ਵਿਚਾਰ ਕੀਤਾ ਜਾਵੇ। ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਇਸ ਕਰ ਪ੍ਰਣਾਲੀ ਤੋਂ ਭਵਿੱਖ ਵਿੱਚ ਕਾਫੀ ਫਾਇਦਾ ਹੋਵੇਗਾ ਅਤੇ ਟੈਕਸ ਵਸੂਲੀ ਵਿੱਚ ਸੁਧਾਰ ਹੋਣ ਨਾਲ ਸਰਕਾਰ ਦਾ ਮਾਲੀਆ ਵਧੇਗਾ। ਇਸ ਲਈ ਆਰਥਿਕ ਸੰਕਟ ਵਿੱਚ ਘਿਰੀ ਕਿਸਾਨੀ ਨੂੰ ਆਰਥਿਕ ਅਜ਼ਾਦੀ ਦਾ ਲਾਭ ਪਹੁੰਚਾਉਣ ਲਈ, ਖੇਤੀ ਖੇਤਰ ਵਿੱਚ ਵਧੇਰੇ ਪੂੰਜੀ ਨਿਵੇਸ਼ ਕਰਨ ਦੀ ਵੀ ਜ਼ਰੂਰਤ ਹੈ।

# ਪੰਜਾਬ ਦਾ ਖੇਤੀਬਾੜੀ ਸੰਕਟ: ਸਰਕਾਰ ਤੇ ਸਮਾਜ ਦੇ ਜਾਗਣ ਦਾ ਵੇਲਾ

ਗਿਆਨ ਸਿੰਘ (ਡਾ.)

ਪੰਜਾਬ ਇਸ ਸਮੇਂ ਗੰਭੀਰ ਖੇਤੀਬਾੜੀ ਸੰਕਟ ਵਿੱਚੋਂ ਲੰਘ ਰਿਹਾ ਹੈ। ਪੰਜਾਬ ਦੇ ਖੇਤੀਬਾੜੀ ਸੰਕਟ ਨੂੰ ਦੇਸ਼ ਦੇ ਖੇਤੀਬਾੜੀ ਸੰਕਟ ਤੋਂ ਬਿਲਕੁਲ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਪੰਜਾਬ ਸਮੇਤ ਦੇਸ਼ ਨੇ ਆਜ਼ਾਦੀ ਤੋਂ ਪਹਿਲਾਂ ਖੇਤੀਬਾੜੀ ਸੰਕਟ ਹੰਢਾਇਆ ਅਤੇ ਹੁਣ ਵੀ ਇਸ ਨੂੰ ਹੰਢਾ ਰਿਹਾ ਹੈ। ਜਿੱਥੇ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਖੇਤੀਬਾੜੀ ਸੰਕਟ ਲਈ ਉਸ ਸਮੇਂ ਦੀ ਹਕੂਮਤ ਦੀਆਂ ਬਸਤੀਵਾਦੀ ਨੀਤੀਆਂ ਜ਼ਿੰਮੇਵਾਰ ਸਨ, ਉੱਥੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਮੁੱਖ ਤੌਰ ਉੱਤੇ ਕੇਂਦਰ ਸਰਕਾਰ ਦੀਆਂ ਖੇਤੀਬਾੜੀ ਨੀਤੀਆਂ ਜ਼ਿੰਮੇਵਾਰ ਹਨ ਕਿਉਂਕਿ ਖੇਤੀਬਾੜੀ ਜੁਗਤਾਂ ਨੂੰ ਅਪਨਾਉਣ, ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਨ, ਖੇਤੀਬਾੜੀ ਉਤਪਾਦਨ ਵਿੱਚ ਵਰਤੀਆਂ ਜਾਣ ਵਾਲੀਆਂ ਮੁੱਖ ਵਸਤਾਂ ਦੀਆਂ ਕੀਮਤਾਂ ਤੈਅ ਕਰਨ, ਦਰਿਆਈ ਪਾਣੀਆਂ ਦੀ ਵੰਡ ਆਦਿ ਕਰਨ ਸਬੰਧੀ ਫ਼ੈਸਲੇ ਕੇਂਦਰ ਸਰਕਾਰ ਦੁਆਰਾ ਹੀ ਲਏ ਜਾਂਦੇ ਹਨ। ਇਸਦੇ ਨਾਲ-ਨਾਲ ਸਮਾਜ ਦੀ ਖੇਤੀਬਾੜੀ ਖੇਤਰ, ਜੋ ਮਨੁੱਖਤਾ ਦੀ ਜੀਵਨ-ਰੇਖਾ ਹੈ, ਪ੍ਰਤੀ ਉਦਾਸੀਨਤਾ ਹੀ ਨਹੀਂ, ਸਗੋਂ ਕੁਝ ਹੱਦ ਤੱਕ ਨਫ਼ਰਤ ਵੀ ਇਸ ਸੰਕਟ ਲਈ ਜ਼ਿੰਮੇਵਾਰ ਹੈ।

ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਵਧਦੀਆਂ ਖ਼ੁਦਕੁਸ਼ੀਆਂ ਇੱਕ ਨਵਾਂ ਅਤੇ ਦੁਖਦਾਈ ਵਰਤਾਰਾ ਹੈ ਜੋ ਝੋਨੇ ਦੇ ਸੰਬੰਧ ਵਿੱਚ ਕੇਂਦਰੀ ਅਨਾਜ ਭੰਡਾਰ ਵਿੱਚ ਔਸਤਨ 50 ਫ਼ੀਸਦ ਯੋਗਦਾਨ ਪਾਉਂਦਾ ਰਿਹਾ ਹੈ। ਪਿਛਲੇ ਕੁਝ ਸਮੇਂ ਦੌਰਾਨ ਦੇਸ਼ ਦੇ ਦੂਜੇ ਸੂਬਿਆਂ ਵਿੱਚ ਖੇਤੀਬਾੜੀ ਵਿਕਾਸ ਨੂੰ ਕੇਂਦਰ ਸਰਕਾਰ ਵੱਲੋਂ ਵਿਸ਼ੇਸ਼ ਧਿਆਨ ਦਿੱਤੇ ਜਾਣ ਸਦਕਾ ਇਸ ਫ਼ੀਸਦ ਵਿੱਚ ਕੁਝ ਕਮੀ ਆਈ ਹੈ, ਪਰ 2014-15 ਦੌਰਾਨ ਕਣਕ ਅਤੇ ਝੋਨੇ ਦੇ ਸੰਬੰਧ ਵਿੱਚ ਪੰਜਾਬ ਸੂਬੇ ਦਾ ਇਹ ਯੋਗਦਾਨ ਕ੍ਰਮਵਾਰ 41.54 ਅਤੇ 24.21 ਫ਼ੀਸਦ ਰਿਹਾ ਹੈ ਜਿਹੜਾ ਦੇਸ਼ ਦੇ ਕਿਸੇ ਵੀ ਹੋਰ ਸੂਬੇ ਨਾਲੋਂ ਕਿਤੇ ਜ਼ਿਆਦਾ ਬਣਦਾ ਹੈ। ਇਸ ਸਬੰਧ ਵਿੱਚ ਵਿਸ਼ੇਸ਼ ਧਿਆਨ ਮੰਗਦਾ ਇੱਕ ਪੱਖ ਇਹ ਵੀ ਹੈ ਕਿ ਜਦੋਂ ਦੇਸ਼ ਵਿੱਚ ਕੁਦਰਤੀ ਕਰੋਪੀਆਂ ਜਿਵੇਂ ਹੜ੍ਹ, ਸੋਕਾ ਆਦਿ ਖੇਤੀਬਾੜੀ ਦਾ ਨੁਕਸਾਨ ਕਰਦੇ ਹਨ ਤਾਂ ਪੰਜਾਬ ਦਾ ਯੋਗਦਾਨ ਅਡੋਲ ਰਹਿੰਦਾ ਹੋਇਆ ਮੁਕਾਬਲਤਨ ਵਧ ਜਾਂਦਾ ਹੈ।

ਪੰਜਾਬ ਸੂਬੇ ਵਿੱਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਆਰਥਿਕ ਕਾਰਨਾਂ ਵਿੱਚ ਉਨ੍ਹਾਂ ਸਿਰ ਲਗਾਤਾਰ ਵਧ ਰਿਹਾ ਕਰਜ਼ਾ ਅਤੇ ਘੋਰ ਗ਼ਰੀਬੀ ਪ੍ਰਮੁੱਖ ਹਨ। ਆਈ.ਸੀ.ਐੱਸ.ਐੱਸ.ਆਰ ਲਈ ਡਾ. ਗਿਆਨ ਸਿੰਘ ਦੀ ਅਗਵਾਈ ਵਿੱਚ ਡਾ. ਅਨੁਪਮਾ, ਡਾ. ਗੁਰਿੰਦਰ ਕੌਰ, ਡਾ. ਰੁਪਿੰਦਰ ਕੌਰ ਅਤੇ ਡਾ. ਸੁਖਵੀਰ ਕੌਰ ਵੱਲੋਂ ਸਾਲ 2014-15 ਲਈ ਪੰਜਾਬ ਵਿੱਚ ਕੀਤੇ ਗਏ ਸਿਫ਼ਾਰਸ਼ਾਂ ਦੇ ਖੇਤੀਬਾੜੀ ਖੇਤਰ ਵਿਰੋਧੀ ਹੋਣ ਕਰਕੇ ਕੁਝ ਕਿਸਾਨ ਜਥੇਬੰਦੀਆਂ ਅਤੇ ਰਾਜ ਸਰਕਾਰਾਂ ਵੱਲੋਂ ਇਸ ਕਮਿਸ਼ਨ ਦੀ ਤਿੱਖੀ ਨੁਕਤਾਚੀਨੀ ਸ਼ੁਰੂ ਹੋ ਗਈ ਜਿਸ ਦਾ ਆਧਾਰ ਇਹ ਸੀ ਕਿ ਇਹ ਕਮਿਸ਼ਨ ਆਪਣੀਆਂ ਸਿਫ਼ਾਰਸ਼ਾਂ ਕਰਨ ਮੌਕੇ ਖੇਤੀਬਾੜੀ ਲਾਗਤਾਂ ਨੂੰ ਇਸ ਦਾ ਆਧਾਰ ਨਹੀਂ ਬਣਾਉਂਦਾ। ਕੇਂਦਰ ਸਰਕਾਰ ਨੇ ਇਸ ਨੁਕਤਾਚੀਨੀ ਤੋਂ ਬਚਣ ਲਈ 23 ਫਰਵਰੀ, 1987 ਨੂੰ ਇਸ ਕਮਿਸ਼ਨ ਦਾ ਨਾਮ ਬਦਲ ਕੇ 'ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ' ਰੱਖ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਿਵੇਂ ਇਹ ਕਮਿਸ਼ਨ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਸਬੰਧੀ ਆਪਣੀਆਂ ਸਿਫ਼ਾਰਸ਼ਾਂ ਕਰਨ ਮੌਕੇ ਖੇਤੀਬਾੜੀ ਲਾਗਤਾਂ ਨੂੰ ਉਨ੍ਹਾਂ ਦਾ ਆਧਾਰ ਬਣਾਉਂਦਾ ਹੋਵੇ ਜਿਹੜਾ ਭੁਲੇਖਾਪਾਊ ਸਾਬਤ ਹੋਇਆ ਹੈ। 1970 ਤੋਂ ਲੈ ਕੇ ਹੁਣ ਤੱਕ ਦੇ 48 ਸਾਲਾਂ, ਖ਼ਾਸ ਕਰਕੇ 1991 ਤੋਂ ਦੇਸ਼ ਵਿੱਚ ਅਪਣਾਈਆਂ ਗਈਆਂ 'ਨਵੀਆਂ ਆਰਥਿਕ ਨੀਤੀਆਂ' ਨੇ ਖੇਤੀਬਾੜੀ ਨੂੰ ਇੱਕ ਘਾਟੇ ਵਾਲਾ ਧੰਦਾ ਬਣਾ ਦਿੱਤਾ ਹੈ।

ਖੇਤੀਬਾੜੀ ਦੇ ਵਪਾਰੀਕਰਨ ਦੇ ਵਰਤਾਰੇ ਵਿੱਚੋਂ ਟੁੱਟ ਰਹੇ ਸਮਾਜਿਕ ਸਬੰਧ ਸਾਹਮਣੇ ਆਏ ਹਨ। ਆਵਤ, ਵਿੜੀ, ਬੇਟੀ ਦੇ ਵਿਆਹ, ਬਿਮਾਰੀ ਜਾਂ ਹਾਦਸੇ ਕਰਜ਼ੇ ਦਾ ਭਾਰ ਲਗਾਤਾਰ ਵਧ ਰਿਹਾ ਹੈ। ਕਿਸਾਨਾਂ ਦੀ ਮਾੜੀ ਆਰਥਿਕ ਹਾਲਤ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਫ਼ਸਲਾਂ ਦੀ ਸਿੰਚਾਈ ਲਈ ਮੁਫ਼ਤ ਬਿਜਲੀ ਦੇ ਰਹੀ ਹੈ ਜਿਸ ਉੱਪਰ ਤਕਰੀਬਨ 5000 ਕਰੋੜ ਰੁਪਏ ਸਲਾਨਾ ਖ਼ਰਚ ਆ ਰਿਹਾ ਹੈ। ਕੇਂਦਰ ਸਰਕਾਰ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਪੰਜਾਬ ਨਾਲ ਲੰਬੇ ਸਮੇਂ ਤੋਂ ਬੇਇਨਸਾਫ਼ੀ ਕਰਦੀ ਆ ਰਹੀ ਹੈ।

ਪੰਜਾਬ ਵਿੱਚ ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਅਤੇ ਨਦੀਨਨਾਂਸ਼ਕਾਂ ਦੀ ਵਰਤੋਂ ਬਾਕੀ ਸੂਬਿਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੋ ਰਹੀ ਹੈ। ਕੀਟਨਾਸ਼ਕਾਂ ਅਤੇ ਨਦੀਨ ਨਾਸ਼ਕਾਂ ਦੀ ਵਰਤੋਂ ਵਿੱਚ ਵੀ ਕਾਫ਼ੀ ਵਾਧਾ ਹੋਇਆ ਹੈ। ਝੋਨੇ ਦੀ ਫ਼ਸਲ ਲਈ ਛੱਪੜ-ਸਿੰਚਾਈ ਅਤੇ ਕਣਕ ਦੀ ਨਾੜ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਕਾਰਨ ਰਾਜ ਵਿੱਚ ਪਾਣੀ ਅਤੇ ਹਵਾ ਦੇ ਪ੍ਰਦੂਸ਼ਣ ਵਿੱਚ ਖ਼ਤਰਨਾਕ ਵਾਧਾ ਹੋ ਰਿਹਾ ਹੈ ਜਿਸਦੀ ਕੀਮਤ ਲੋਕਾਂ ਨੂੰ ਵੱਖ ਵੱਖ ਬਿਮਾਰੀਆਂ ਝੱਲਣ ਅਤੇ ਕੁਝ ਨੂੰ ਆਪਣੀ ਜ਼ਿੰਦਗੀ ਤੋਂ ਹੱਥ ਧੋਣ ਦੇ ਰੂਪ ਵਿੱਚ ਦੇਣੀ ਪੈ ਰਹੀ ਹੈ।ਦੇਸ਼ ਵਿੱਚ ਉੱਚੇ ਮਿਆਰ ਦੀ ਅਨਾਜ ਸੁਰੱਖਿਆ ਬਣਾਈ ਰੱਖਣ ਅਤੇ ਖੇਤੀਬਾੜੀ ਸੰਕਟ ਨੂੰ ਹੱਲ ਕਰਨ ਲਈ ਲੋੜੀਂਦੀਆਂ ਖੇਤੀਬਾੜੀ ਜਿਨਸਾਂ ਦੀਆਂ ਖੇਤਰਵਾਰ, ਜਿੱਥੇ ਕੁਦਰਤੀ ਤੌਰ 'ਤੇ ਫ਼ਸਲਾਂ ਜ਼ਿਆਦਾ ਵਧੀਆ ਹੋ ਸਕਣ, ਦੀ ਖੇਤੀ ਅਤੇ ਉਨ੍ਹਾਂ ਦੀਆਂ ਲਾਹੇਵੰਦ

**ਪੰਜਾਬ ਸਿਰ ਥੋਪੀ ਝੋਨੇ ਦੀ ਫ਼ਸਲ ਤੋਂ ਖਹਿੜਾ ਛੁਡਾਉਣ ਲਈ ਜ਼ਰੂਰੀ ਹੈ ਕਿ ਇਥੋਂ ਦੇ ਖੇਤੀਬਾੜੀ ਜਲਵਾਯੂ ਅਨੁਸਾਰ ਮੱਕੀ, ਨਰਮਾ/ਕਪਾਹ, ਬਾਸਮਤੀ ਆਦਿ ਜਿਨਸਾਂ ਦੀਆਂ ਕੀਮਤਾਂ ਝੋਨੇ ਦੇ ਮੁਕਾਬਲੇ ਜ਼ਿਆਦਾ ਤੈਅ ਹੋਣ। ਦਰਿਆਈ ਪਾਣੀਆਂ ਦੀ ਵੰਡ ਸਮੇਂ 'ਰਿਪੇਰੀਅਨ ਸਿਧਾਂਤ' ਨੂੰ ਆਧਾਰ ਬਣਾਇਆ ਜਾਵੇ। ਵਾਤਾਵਰਨ ਦੇ ਗੰਧਲੇਪਣ ਦੀ ਸਮੱਸਿਆ ਨੂੰ ਹੱਲ ਕਰਨ ਲਈ ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਨੂੰ ਨਿਯੰਤਰਣ ਕਰਦੇ ਹੋਏ ਕੁਦਰਤੀ ਖੇਤੀਬਾੜੀ ਦੇ ਵਿਕਾਸ ਲਈ ਖੋਜ ਅਤੇ ਵਿਕਾਸ ਕਾਰਜਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਬਣਦਾ ਹੈ। ਖੇਤੀਬਾੜੀ ਉਤਪਾਦਨ ਵਿੱਚ ਵਾਧਾ ਹੋਵੇ ਅਤੇ ਕੁਦਰਤੀ ਖੇਤੀਬਾੜੀ ਉਤਪਾਦ ਆਮ ਖ਼ਪਤਕਾਰਾਂ ਦੀ ਪਹੁੰਚ ਵਿੱਚ ਵੀ ਹੋਣ।**




ਖੇਤੀਬਾੜੀ ਸੰਕਟ ਨੂੰ ਉਘੜਵੇਂ ਰੂਪ ਵਿੱਚ ਸਾਹਮਣੇ ਲਿਆਉਂਦਾ ਹੈ। ਕੁਝ 'ਵਿਦਵਾਨ' ਖੇਤੀਬਾੜੀ ਸੰਕਟ ਨੂੰ ਸਿਰਫ਼ ਕਿਸਾਨੀ ਸੰਕਟ ਤੱਕ ਹੀ ਸੀਮਤ ਕਰਕੇ ਦੇਖਦੇ ਹਨ ਜਿਹੜਾ ਕਿ ਕਿਸੇ ਵੀ ਤਰ੍ਹਾਂ ਠੀਕ ਨਹੀਂ ਹੈ। ਖੇਤੀਬਾੜੀ ਸੰਕਟ ਦੇ ਬਹੁਤ ਪੱਖ ਹਨ। ਖੇਤੀਬਾੜੀ ਨਾਲ ਸਬੰਧਿਤ ਸਾਰੇ ਵਰਗਾਂ ਜਿਵੇਂ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀਆਂ ਆਰਥਿਕ, ਸਮਾਜਿਕ-ਸਭਿਆਚਾਰਕ ਅਤੇ ਰਾਜਸੀ ਸਮੱਸਿਆਵਾਂ, ਵਾਤਾਵਰਨ ਵਿੱਚ ਪੈਦਾ ਹੋਏ ਵਿਗਾੜ ਅਤੇ ਧਰਤੀ ਹੇਠਲੇ ਪਾਣੀ ਦੀ ਸਤਹਿ ਦੇ ਖ਼ਤਰਨਾਕ ਹੱਦ ਤੱਕ ਥੱਲੇ ਜਾਣ ਦਾ, ਪੰਜਾਬ ਸੂਬੇ ਦਾ ਖੇਤੀਬਾੜੀ ਸੰਕਟ ਵਜੋਂ ਅਧਿਐਨ ਕਰਨਾ ਜ਼ਿਆਦਾ ਉਚਿਤ ਹੋਵੇਗਾ।

ਜਦੋਂ ਦੇਸ਼ ਆਜ਼ਾਦ ਹੋਇਆ, ਦੇਸ਼ ਭੁੱਖਮਰੀ ਦਾ ਸਾਹਮਣਾ ਕਰ ਰਿਹਾ ਸੀ। ਇਸ ਸਮੱਸਿਆ ਉੱਤੇ ਕਾਬੂ ਪਾਉਣ ਲਈ ਕੇਂਦਰ ਸਰਕਾਰ ਨੇ ਪਹਿਲੀ ਪੰਜ ਸਾਲਾ ਯੋਜਨਾ ਦੌਰਾਨ ਖੇਤੀਬਾੜੀ ਦੇ ਵਿਕਾਸ ਨੂੰ ਮੁੱਖ ਤਰਜੀਹ ਦਿੱਤੀ ਜਿਸਦੇ ਸਕਾਰਾਤਮਿਕ ਨਤੀਜੇ ਸਾਹਮਣੇ ਆਏ। ਕੇਂਦਰ ਸਰਕਾਰ ਦੁਆਰਾ ਦੂਜੀ ਪੰਜ ਸਾਲਾ ਯੋਜਨਾ ਦੌਰਾਨ ਉਦਯੋਗਿਕ ਖੇਤਰ ਦੇ ਵਿਕਾਸ ਨੂੰ ਤਰਜੀਹ ਦਿੱਤੇ ਜਾਣ ਕਾਰਨ ਦੇਸ਼ ਨੂੰ ਮੁੜ ਤੋਂ ਅਨਾਜ ਪਦਾਰਥਾਂ ਦੀ ਥੁੜ੍ਹ ਦਾ ਸਾਹਮਣਾ ਕਰਨਾ ਪਿਆ। ਦੇਸ਼ ਵਿੱਚ 1964-66 ਦੌਰਾਨ ਪਏ ਸੋਕੇ ਨੇ ਇਸ ਸਮੱਸਿਆ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ। ਲੋਕਾਂ ਨੂੰ ਅਨਾਜ ਦੇਣ ਲਈ ਕੇਂਦਰ ਸਰਕਾਰ ਨੂੰ ਬਾਹਰਲੇ ਦੇਸ਼ਾਂ ਤੋਂ ਅਨਾਜ ਮੰਗਵਾਉਣ ਵਰਗੀ ਨੌਬਤ ਦਾ ਸਾਹਮਣਾ ਕਰਨਾ ਪਿਆ। ਕੇਂਦਰ ਸਰਕਾਰ ਨੇ ਆਖ਼ਰਕਾਰ ਅਮਰੀਕਾ ਤੋਂ ਪੀ.ਐੱਲ 480 ਅਧੀਨ ਅਨਾਜ ਆਯਾਤ ਕੀਤਾ ਜਿਸਦੀ ਦੇਸ਼ ਨੂੰ ਵੱਡੀ ਕੀਮਤ ਤਾਰਨੀ ਪਈ। ਕੇਂਦਰ ਸਰਕਾਰ ਨੇ ਇਸ ਸਮੱਸਿਆ ਉੱਤੇ ਕਾਬੂ ਪਾਉਣ ਲਈ ਦੇਸ਼ ਵਿੱਚ 'ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਅਪਨਾਉਣ ਦਾ ਫ਼ੈਸਲਾ ਕੀਤਾ। ਜਿੱਥੇ ਇਹ ਜੁਗਤ ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਮਸ਼ੀਨਰੀ ਅਤੇ ਖੇਤੀਬਾੜੀ ਕਰਨ ਦੇ ਆਧੁਨਿਕ ਢੰਗਾਂ ਦਾ ਇੱਕ ਪੈਕੇਜ ਸੀ, ਉੱਥੇ ਇਸ ਨੇ ਵਪਾਰਿਕ ਖੇਤੀਬਾੜੀ ਨੂੰ ਪ੍ਰਫੁਲਿਤ ਕੀਤਾ। 1960ਵਿਆਂ ਦੌਰਾਨ ਜਦੋਂ ਕੇਂਦਰ ਸਰਕਾਰ ਨੇ ਦੇਸ਼ ਵਿੱਚ 'ਖੇਤੀਬਾੜੀ ਦੀ ਨਵੀਂ ਜੁਗਤ' ਅਪਨਾਉਣ ਦਾ ਫ਼ੈਸਲਾ ਲਿਆ, ਤਾਂ ਉਸਨੇ ਵੱਖ-ਵੱਖ ਵਿਦਵਾਨਾਂ ਅਤੇ ਖੇਤੀਬਾੜੀ ਮਾਹਿਰਾਂ ਦੀ ਰਾਇ ਲੈਣ ਤੋਂ ਬਾਅਦ ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਅਤੇ ਅਮੀਰ ਕੁਦਰਤੀ ਸਾਧਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਜੁਗਤ ਨੂੰ ਸਭ ਤੋਂ ਪਹਿਲਾਂ ਪੰਜਾਬ ਵਿੱਚ ਸ਼ੁਰੂ ਕੀਤਾ। ਖੇਤੀਬਾੜੀ ਖੇਤਰ ਦੀ ਇਸ ਕਾਮਯਾਬੀ ਨੂੰ 'ਹਰੇ ਇਨਕਲਾਬ' ਦਾ ਨਾਮ ਦਿੱਤਾ ਗਿਆ। ਇਹ ਵੱਖਰੀ ਗੱਲ ਹੈ ਕਿ ਸਰਕਾਰ ਦੀਆਂ ਖੇਤੀਬਾੜੀ ਖੇਤਰ ਨਾਲ ਸਬੰਧਿਤ ਨੀਤੀਆਂ ਨੇ ਖੇਤੀਬਾੜੀ ਖੇਤਰ ਲਈ ਅਨੇਕਾਂ ਸਮੱਸਿਆਵਾਂ ਪੈਦਾ ਕਰ ਦਿੱਤੀਆਂ।

ਪੰਜਾਬ ਖੇਤਰਫਲ ਦੇ ਪੱਖੋਂ ਬਹੁਤ ਛੋਟਾ (1.53 ਫ਼ੀਸਦ) ਹੈ, ਪਰ ਪਿਛਲੇ ਚਾਰ ਦਹਾਕਿਆਂ ਤੋਂ ਕਣਕ ਅਤੇ ਇੱਕ ਸਰਵੇਖਣ ਤੋਂ ਇਹ ਸਾਹਮਣੇ ਆਇਆ ਹੈ ਕਿ ਵੱਡੇ ਕਿਸਾਨਾਂ ਦੇ ਮੁਕਾਬਲੇ ਨਿਮਨ ਕਿਸਾਨਾਂ ਅਤੇ ਖ਼ਾਸ ਕਰਕੇ ਖੇਤ ਮਜ਼ਦੂਰਾਂ ਸਿਰ ਕਰਜ਼ੇ ਦਾ ਭਾਰ ਤਾਂ ਘੱਟ ਹੈ, ਪਰ ਇਹ ਵਰਗ ਆਪਣੀ ਵਰਤਮਾਨ ਆਮਦਨ ਵਿੱਚੋਂ ਉਸ ਕਰਜ਼ੇ ਦੇ ਵਿਆਜ ਨੂੰ ਮੋੜਨ ਦੇ ਸਮਰੱਥ ਨਹੀਂ ਕਿਉਂਕਿ ਉਨ੍ਹਾਂ ਦਾ ਘੱਟੋ-ਘੱਟ ਉਪਭੋਗ ਖ਼ਰਚ, ਉਨ੍ਹਾਂ ਦੀ ਆਮਦਨ ਤੋਂ ਵੱਧ ਹੈ ਜਿਸ ਲਈ ਉਨ੍ਹਾਂ ਨੂੰ ਹੋਰ ਕਰਜ਼ਾ ਲੈਣਾ ਪੈਂਦਾ ਹੈ। ਪਿਛਲੇ ਕੁਝ ਸਮੇਂ ਤੋਂ ਨਿਮਨ ਕਿਸਾਨਾਂ ਵਿੱਚੋਂ ਕੁਝ ਕਿਸਾਨ ਤਾਂ ਪਹਿਲਾਂ ਤੋਂ ਹੀ ਆਪਣੀ ਛੋਟੀ ਜਿਹੀ ਜੋਤ ਤੋਂ ਵੀ ਹੱਥ ਧੋ ਰਹੇ ਹਨ। ਖੇਤ ਮਜ਼ਦੂਰਾਂ ਦੀ ਹਾਲਤ ਤਾਂ ਨਿਮਨ ਕਿਸਾਨਾਂ ਤੋਂ ਵੀ ਭੈੜੀ ਹੈ ਕਿਉਂਕਿ ਉਨ੍ਹਾਂ ਕੋਲ ਤਾਂ ਉਤਪਾਦਨ ਦਾ ਕੋਈ ਵੀ ਸਾਧਨ ਨਹੀਂ ਹੁੰਦਾ। ਖੇਤ ਮਜ਼ਦੂਰਾਂ ਵਿੱਚ ਸਭ ਤੋਂ ਮੰਦੀ ਹਾਲਤ ਔਰਤਾਂ ਅਤੇ ਬਾਲ ਮਜ਼ਦੂਰਾਂ ਦੀ ਹੈ। ਜਦੋਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਜ਼ਿੰਦਗੀ ਪ੍ਰਤੀ ਸਾਰੀਆਂ ਆਸਾਂ ਮੁੱਕ ਜਾਂਦੀਆਂ ਹਨ ਤਾਂ ਉਹ ਖ਼ੁਦਕੁਸ਼ੀਆਂ ਦੇ ਰਾਹ ਵੀ ਪੈ ਰਹੇ ਹਨ। ਇਸੇ ਸਰਵੇਖਣ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਮਾਹਿਰ ਗਰੁੱਪ ਦੀ ਗ਼ਰੀਬੀ ਰੇਖਾ ਦੀ ਪਰਿਭਾਸ਼ਾ, ਜਿਸਨੂੰ ਲੋਕ-ਪੱਖੀ ਅਰਥ ਵਿਗਿਆਨੀਆਂ ਨੇ ਕਦੇ ਵੀ ਸਵੀਕਾਰ ਨਹੀਂ ਕੀਤਾ, ਅਨੁਸਾਰ ਪੰਜਾਬ ਵਿੱਚ 34 ਫ਼ੀਸਦ ਕਿਸਾਨ ਅਤੇ 82 ਫ਼ੀਸਦ ਖੇਤ ਮਜ਼ਦੂਰ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਤੰਗੀਆਂ-ਤੁਰਸ਼ੀਆਂ ਵਾਲੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ।

ਪੰਜਾਬ ਵਿੱਚ ਪਿਛਲੇ ਇੱਕ ਦਹਾਕੇ ਦੌਰਾਨ ਕਿਸਾਨਾਂ ਦੀ ਗਿਣਤੀ ਵਿੱਚ 12 ਫ਼ੀਸਦ ਅਤੇ ਖੇਤ ਮਜ਼ਦੂਰਾਂ ਦੀ ਗਿਣਤੀ ਵਿੱਚ 21 ਫ਼ੀਸਦ ਕਮੀ ਆਈ ਹੈ.ਪੇਂਡੂ ਛੋਟੇ ਕਾਰੀਗਰਾਂ ਦੀ ਖੇਤੀਬਾੜੀ ਖੇਤਰ ਵਿੱਚ ਭਾਗੀਦਾਰੀ ਘਟੀ ਹੈ ਅਤੇ ਜਿਹੜੇ ਇਸ ਖੇਤਰ ਵਿੱਚ ਹਨ, ਉਨ੍ਹਾਂ ਦੀ ਹਾਲਤ ਬਹੁਤ ਤਰਸਯੋਗ ਹੈ। ਨਿਮਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਲਈ ਖੇਤੀਬਾੜੀ ਖੇਤਰ ਵਿੱਚ ਰੁਜ਼ਗਾਰ ਘਟਣ ਲਈ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੈਕੇਜ ਵਿੱਚ ਸ਼ਾਮਲ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਪ੍ਰਮੁੱਖ ਤੌਰ ਉੱਤੇ ਜ਼ਿੰਮੇਵਾਰ ਹਨ।

ਦੇਸ਼ ਸਮੇਤ ਪੰਜਾਬ ਵਿੱਚ ਖੇਤੀਬਾੜੀ ਖੇਤਰ ਵਿੱਚ ਕੰਮ ਕਰਨ ਵਾਲੇ ਵਰਗਾਂ ਦੀ ਸ਼ੁੱਧ ਆਮਦਨ ਘਟਣ ਦਾ ਇੱਕ ਪ੍ਰਮੁੱਖ ਕਾਰਨ ਕੇਂਦਰ ਸਰਕਾਰ ਦੀ ਖੇਤੀਬਾੜੀ ਕੀਮਤ ਨੀਤੀ ਹੈ। ਕੇਂਦਰ ਸਰਕਾਰ ਨੇ 1965 ਵਿੱਚ 'ਖੇਤੀਬਾੜੀ ਕੀਮਤਾਂ ਕਮਿਸ਼ਨ' ਦੀ ਸਥਾਪਨਾ ਕੀਤੀ। ਇਹ ਕਮਿਸ਼ਨ ਆਪਣੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਕੁਝ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਸਬੰਧੀ ਆਪਣੀਆਂ ਸਿਫ਼ਾਰਸ਼ਾਂ ਕੇਂਦਰ ਸਰਕਾਰ ਨੂੰ ਕਰਦਾ ਆ ਰਿਹਾ ਹੈ ਅਤੇ ਕੇਂਦਰ ਸਰਕਾਰ ਇਨ੍ਹਾਂ ਸਿਫ਼ਾਰਸ਼ਾਂ ਨੂੰ ਆਮ ਕਰਕੇ ਮਾਮੂਲੀ ਜਿਹੇ ਘਾਟੇ-ਵਾਧੇ ਨਾਲ ਮੰਨਦੀ ਆ ਰਹੀ ਹੈ। 1965 ਤੋਂ 1969 ਤੱਕ ਦੇ 5 ਸਾਲਾਂ ਲਈ ਇਸ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਆਧਾਰ ਉੱਤੇ ਕੇਂਦਰ ਸਰਕਾਰ ਵਲੋਂ ਖੇਤੀਬਾੜੀ ਜਿਨਸਾਂ ਦੀਆਂ ਤੈਅ ਕੀਤੀਆਂ ਗਈਆਂ ਘੱਟੋ-ਘੱਟ ਸਮਰਥਨ ਕੀਮਤਾਂ ਖੇਤੀਬਾੜੀ ਖੇਤਰ ਦੇ ਹੱਕ ਵਿੱਚ ਸਨ। 1970 ਤੋਂ ਇਸ ਕਮਿਸ਼ਨ ਦੀਆਂ ਮੌਕੇ ਵੱਡੇ ਕਿਸਾਨਾਂ ਵੱਲੋਂ ਸੀਮਾਂਤਕ ਅਤੇ ਛੋਟੇ ਕਿਸਾਨਾਂ ਅਤੇ ਮੁਜਾਰਿਆਂ, ਖੇਤ ਮਜ਼ਦੂਰਾਂ ਅਤੇ ਪੇਂਡੂ ਕਾਰੀਗਰਾਂ ਦੀ ਆਰਥਿਕ ਮਦਦ ਅਤੇ ਉਨ੍ਹਾਂ ਦੀ ਜ਼ਿੰਦਗੀ ਦੇ ਹੋਰ ਦੁੱਖਾਂ ਵਿੱਚ ਥੰਮਾਂ ਦੀ ਤਰ੍ਹਾਂ ਖੜ੍ਹਨਾ ਗਾਇਬ ਹੋ ਰਿਹਾ ਹੈ। ਦੇਸ਼ ਵਿੱਚ ਵਧ ਰਹੀਆਂ ਆਰਥਿਕ ਅਸਮਾਨਤਾਵਾਂ ਅਤੇ ਖੇਤੀਬਾੜੀ ਨੂੰ ਘਾਟੇ ਵਾਲਾ ਧੰਦਾ ਬਣਾ ਦਿੱਤੇ ਜਾਣ ਕਾਰਨ ਕਿਸਾਨਾਂ ਦੇ ਬੱਚਿਆਂ ਦਾ ਅਕਸਰ ਬਾਹਰਲੇ ਦੇਸ਼ਾਂ ਵਿੱਚ ਜਾਣ ਦੀ ਕੋਸ਼ਿਸ਼ ਕਰਨਾ ਜਾਂ ਜਾਣਾ ਵੀ ਨਵੀਆਂ ਸਮਾਜਿਕ ਸਮੱਸਿਆਵਾਂ ਨੂੰ ਪੈਦਾ ਕਰ ਰਿਹਾ ਹੈ ਜਿਹੜਾ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਾ ਇੱਕ ਕਾਰਨ ਬਣਦਾ ਹੈ। ਵਿਰਸੇ ਦੇ ਤੌਰ ਉੱਤੇ ਪੰਜਾਬ ਦੇ ਖੇਤੀਬਾੜੀ ਖੇਤਰ ਵਿੱਚ ਕੰਮ ਕਰਨ ਵਾਲੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਬਹੁਤ ਮਿਹਨਤੀ ਅਤੇ ਜ਼ਿੰਦਗੀ ਦੀਆਂ ਵੱਖ ਵੱਖ ਸਮੱਸਿਆਵਾਂ ਤੋਂ ਕਦੇ ਵੀ ਹਾਰ ਨਾ ਮੰਨ ਕੇ ਸੰਘਰਸ਼ ਕਰਨ ਵਾਲੇ ਸਨ। ਖੇਤੀਬਾੜੀ ਦੇ ਵਪਾਰੀਕਰਨ ਅਤੇ ਘਾਟੇ ਵਾਲਾ ਧੰਦਾ ਬਣਾ ਦਿੱਤੇ ਜਾਣ ਵਿੱਚੋਂ ਉਪਜੀਆਂ ਸਮੱਸਿਆਵਾਂ ਨਾਲ ਸਿਝਣ ਦੀ ਬਜਾਏ ਉਹ ਹੁਣ ਆਪਣੀ ਸੱਭਿਆਚਾਰਕ ਪਛਾਣ ਦੇ ਗੁੰਮ-ਗੁਆਚ ਜਾਣ ਦਾ ਸ਼ਿਕਾਰ ਹਨ। ਬੇਸ਼ੱਕ ਇਸ ਮੁਸ਼ਕਲ ਨਾਲ ਸਿਝਣ ਦੇ ਸਰੋਤ ਮੁੱਕੇ ਨਹੀਂ ਹਨ, ਪੰਜਾਬ ਦੇ ਖੇਤੀਬਾੜੀ ਖੇਤਰ ਨਾਲ ਸਬੰਧਿਤ ਵਰਗਾਂ ਨੂੰ ਆਪਣੇ ਵਿਰਸੇ ਅਤੇ ਵਰਤਮਾਨ ਵਿੱਚ ਮੌਜੂਦ ਬੌਧਿਕ ਸਰੋਤਾਂ ਤੱਕ ਹਰ ਹਾਲ ਪਹੁੰਚ ਕਰਨੀ ਪਵੇਗੀ।

ਕਿਸਾਨ ਕਦੇ ਵੀ ਰਾਜਸੀ ਤੌਰ 'ਤੇ ਬਹੁਤ ਜਾਗਰੂਕ ਨਹੀਂ ਰਹੇ। ਦੇਸ਼ ਵਿੱਚ ਕਿਸਾਨਾਂ ਦੀਆਂ ਬਹੁਤ ਜਥੇਬੰਦੀਆਂ ਹਨ, ਪਰ ਇਨ੍ਹਾਂ ਵਿੱਚੋਂ ਜ਼ਿਆਦਾ ਇੱਕ ਜਾਂ ਕੁਝ ਵਿਅਕਤੀਆਂ ਦੇ ਪਿੱਛੇ ਚੱਲਦੀਆਂ ਹਨ।ਬਹੁਤ ਵਾਰ ਇਹ ਵਿਅਕਤੀ ਆਪਣੀਆਂ ਰਾਜਸੀ ਲਾਲਸਾਵਾਂ ਕਾਰਨ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਦੀ ਥਾਂ, ਉਨ੍ਹਾਂ ਦੇ ਹਿੱਤਾਂ ਨੂੰ ਸ਼ਰੇਆਮ ਵੇਚਦੇ ਦਿਖਾਈ ਦਿੰਦੇ ਹਨ। ਪੰਜਾਬ ਵਿੱਚ 1960ਵਿਆਂ ਦੌਰਾਨ ਸ਼ੁਰੂ ਕੀਤੀ ਗਈ 'ਖੇਤੀਬਾੜੀ ਦੀ ਨਵੀਂ ਜੁਗਤ' ਸਦਕਾ ਕਣਕ ਦੀ ਉਤਪਾਦਕਤਾ ਅਤੇ ਉਤਪਾਦਨ ਵਿੱਚ ਹੋਏ ਅਥਾਹ ਵਾਧੇ ਅਤੇ ਇਸਦੇ ਕੇਂਦਰੀ ਅਨਾਜ ਭੰਡਾਰ ਵਿੱਚ ਪਾਏ ਯੋਗਦਾਨ ਨੂੰ ਦੇਖਦੇ ਹੋਏ, ਕੇਂਦਰ ਸਰਕਾਰ ਨੇ ਆਪਣੇ ਅਨਾਜ ਭੰਡਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ, ਹੋਰ ਫਸਲਾਂ ਨਾਲੋਂ ਜ਼ਿਆਦਾ ਤੈਅ ਕਰਦਿਆਂ ਇਸ ਫ਼ਸਲ ਨੂੰ ਪੰਜਾਬ ਦੇ ਕਿਸਾਨਾਂ ਦੇ ਸਿਰ ਮੜ੍ਹ ਦਿੱਤਾ ਜਿਸਦੇ ਨਤੀਜੇ ਵਜੋਂ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੀ ਸਤਿਹ ਲਗਾਤਾਰ ਥੱਲੇ ਜਾ ਰਹੀ ਹੈ। ਝੋਨੇ ਦੀ ਫ਼ਸਲ ਦੀ ਸਿੰਚਾਈ ਲਈ ਪੰਜਾਬ ਵਿੱਚ ਟਿਊਬਵੈਲਾਂ ਦੀ ਗਿਣਤੀ ਵਿੱਚ ਬਹੁਤ ਵਾਧਾ ਹੋਇਆ। 1960-61 ਦੌਰਾਨ ਪੰਜਾਬ ਵਿੱਚ ਸਿਰਫ਼ 7445 ਟਿਊਬਵੈੱਲ ਸਨ ਅਤੇ 2014-15 ਤਕ ਇਹ ਗਿਣਤੀ ਵਧ ਕੇ 1,40,6000 ਹੋ ਗਈ। ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੀ ਸਤਿਹ ਦੇ ਲਗਾਤਾਰ ਥੱਲੇ ਜਾਣ ਦੇ ਨਤੀਜੇ ਵਜੋਂ ਮੋਨੋਬਲਾਕ ਮੋਟਰਾਂ ਦੇ ਕੰਮ ਛੱਡਣ ਕਾਰਨ ਸਬਮਰਸੀਬਲ ਮੋਟਰਾਂ ਲਗਾਉਣਾ ਕਿਸਾਨਾਂ ਦੀ ਮਜਬੂਰੀ ਬਣਾ ਦਿੱਤੀ ਗਈ ਹੈ। ਇਸ ਕਾਰਨ ਨਿਮਨ ਕਿਸਾਨਾਂ ਸਿਰ ਕੀਮਤਾਂ ਯਕੀਨੀ ਬਣਾਵੇ। ਇਨ੍ਹਾਂ ਉਪਰ ਸਰਕਾਰੀ ਨਿਯੰਤਰਣ ਹੋਵੇ। ਖੇਤੀਬਾੜੀ ਸਬੰਧੀ ਖੋਜ ਅਤੇ ਵਿਕਾਸ ਕਾਰਜਾਂ ਨੂੰ ਜਨਤਕ ਖੇਤਰ ਤੱਕ ਸੀਮਤ ਕੀਤਾ ਜਾਵੇ, ਤਾਂ ਕਿ ਇਸ ਸਬੰਧੀ ਕਾਰਪੋਰੇਟ ਜਗਤ ਦੀ ਲੁੱਟ ਸਮਾਪਤ ਹੋ ਸਕੇ। ਕੁਦਰਤੀ ਆਫ਼ਤਾਂ ਕਾਰਨ ਹੋਏ ਫ਼ਸਲਾਂ ਦੇ ਨੁਕਸਾਨ ਦੀ ਭਰਪਾਈ ਕਰਨ ਲਈ ਫ਼ਸਲੀ ਬੀਮਾ ਯੋਜਨਾ ਨੂੰ ਲਾਗੂ ਕੀਤਾ ਜਾਵੇ, ਪਰ ਫ਼ਸਲੀ ਬੀਮੇ ਦਾ ਪ੍ਰੀਮੀਅਮ ਸਰਕਾਰ ਜਾਂ ਮੰਡੀਕਰਨ ਬੋਰਡ ਦੇਵੇ। ਕਿਸਾਨਾਂ ਦੀ ਸਹਿਕਾਰੀ ਮਾਲਕੀ ਵਾਲੇ ਐਗਰੋ ਪ੍ਰੋਸੈਸਿੰਗ ਉਦਯੋਗਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਜਿਸ ਨਾਲ ਪੇਂਡੂ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਵਧਣਗੇ ਅਤੇ ਮੁੱਲ ਵਾਧੇ ਦਾ ਫ਼ਾਇਦਾ ਵੀ ਕਿਸਾਨਾਂ ਨੂੰ ਹੋਵੇਗਾ। ਨਿਮਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦਾ ਕਰਜ਼ਾ ਮੁਆਫ਼ ਕੀਤਾ ਜਾਵੇ ਅਤੇ ਅੱਗੇ ਲਈ ਇਨ੍ਹਾਂ ਵਰਗਾਂ ਨੂੰ ਬਿਨਾ ਵਿਆਜ ਕਰਜ਼ਾ ਲੋੜਾਂ ਅਨੁਸਾਰ ਠੀਕ ਸਮੇਂ ਉੱਪਰ ਦਿੱਤਾ ਜਾਵੇ। ਅਜਿਹਾ ਉਦੋਂ ਤਕ ਜਾਰੀ ਰਹੇ ਜਦੋਂ ਤੱਕ ਉਨ੍ਹਾਂ ਦੀ ਆਮਦਨ, ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਨਹੀਂ ਹੋ ਜਾਂਦੀ। ਨਿਮਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੇ ਹੱਕ ਵਿੱਚ ਜ਼ਮੀਨੀ ਸੁਧਾਰ ਯਕੀਨੀ ਬਣਾਏ ਜਾਣ।

ਪੰਜਾਬ ਸਿਰ ਥੋਪੀ ਝੋਨੇ ਦੀ ਫ਼ਸਲ ਤੋਂ ਖਹਿੜਾ ਛੁਡਾਉਣ ਲਈ ਜ਼ਰੂਰੀ ਹੈ ਕਿ ਇਥੋਂ ਦੇ ਖੇਤੀਬਾੜੀ ਜਲਵਾਯੂ ਅਨੁਸਾਰ ਮੱਕੀ, ਨਰਮਾ/ਕਪਾਹ, ਬਾਸਮਤੀ ਆਦਿ ਜਿਨਸਾਂ ਦੀਆਂ ਕੀਮਤਾਂ ਝੋਨੇ ਦੇ ਮੁਕਾਬਲੇ ਜ਼ਿਆਦਾ ਤੈਅ ਹੋਣ। ਦਰਿਆਈ ਪਾਣੀਆਂ ਦੀ ਵੰਡ ਸਮੇਂ 'ਰਿਪੇਰੀਅਨ ਸਿਧਾਂਤ' ਨੂੰ ਆਧਾਰ ਬਣਾਇਆ ਜਾਵੇ। ਵਾਤਾਵਰਨ ਦੇ ਗੰਧਲੇਪਣ ਦੀ ਸਮੱਸਿਆ ਨੂੰ ਹੱਲ ਕਰਨ ਲਈ ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਨੂੰ ਨਿਯੰਤਰਣ ਕਰਦੇ ਹੋਏ ਕੁਦਰਤੀ ਖੇਤੀਬਾੜੀ ਦੇ ਵਿਕਾਸ ਲਈ ਖੋਜ ਅਤੇ ਵਿਕਾਸ ਕਾਰਜਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਬਣਦਾ ਹੈ। ਖੇਤੀਬਾੜੀ ਉਤਪਾਦਨ ਵਿੱਚ ਵਾਧਾ ਹੋਵੇ ਅਤੇ ਕੁਦਰਤੀ ਖੇਤੀਬਾੜੀ ਉਤਪਾਦ ਆਮ ਖ਼ਪਤਕਾਰਾਂ ਦੀ ਪਹੁੰਚ ਵਿੱਚ ਵੀ ਹੋਣ।

ਕਿਸਾਨਾਂ ਨੂੰ ਆਪਣੇ ਹਿੱਤਾਂ ਦੀ ਰਾਖੀ ਕਰਨ ਲਈ ਮੌਕਾਪ੍ਰਸਤ ਅਤੇ ਅਖੌਤੀ ਲੀਡਰਾਂ ਤੋਂ ਖਹਿੜਾ ਛੁਡਵਾਉਣਾ ਪਵੇਗਾ। ਸਮੂਹਿਕ ਲੀਡਰਸ਼ਿਪ ਜ਼ਿਆਦਾ ਕਾਰਗਾਰ ਸਾਬਤ ਹੋਵੇਗੀ। ਇਸ ਤਰ੍ਹਾਂ ਦੀ ਲੀਡਰਸ਼ਿਪ ਦਾ ਪਹਿਲਾ ਫਰਜ਼ ਬਣਦਾ ਹੈ ਕਿ ਉਹ ਕਿਸਾਨਾਂ ਦੀਆਂ ਸਮੱਸਿਆਵਾਂ ਬਾਰੇ ਜਾਣੇ ਅਤੇ ਇਨ੍ਹਾਂ ਨੂੰ ਵਿਚਾਰੇ। ਉਨ੍ਹਾਂ ਨੂੰ ਮੀਡੀਆ ਰਾਹੀਂ ਸਮਾਜ ਅਤੇ ਸਰਕਾਰ ਤੱਕ ਪਹੁੰਚਾਇਆ ਜਾਵੇ। ਸਰਕਾਰ ਅਤੇ ਉਸਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਕੇ ਕਿਸਾਨ ਸਮੱਸਿਆਵਾਂ ਨੂੰ ਹੱਲ ਕਰਨ ਲਈ ਪ੍ਰੇਰਿਆ ਜਾਵੇ।

ਜੇ ਲੋੜ ਪਵੇ ਤਾਂ ਦਬਾਅ ਵੀ ਪਾਇਆ ਜਾਵੇ। ਜੇਕਰ ਅਜਿਹਾ ਕਾਰਗਰ ਸਾਬਤ ਨਾ ਹੋਵੇ ਤਾਂ ਅਮਨਪੂਰਬਕ ਤਰੀਕੇ ਨਾਲ ਕਿਸਾਨਾਂ ਨੂੰ ਜੱਦੋਜਹਿਦ ਕਰਨ ਲਈ ਤਿਆਰ ਕੀਤਾ ਜਾਵੇ। ਸਮੇਂ ਦੀ ਲੋੜ ਹੈ ਕਿ ਦੇਸ਼ ਦਾ ਆਰਥਿਕ ਮਾਡਲ, ਲੋਕ ਅਤੇ ਕੁਦਰਤ ਪੱਖੀ ਬਣਾਇਆ ਜਾਵੇ।

# ਸਿੱਖ ਸਪੋਰਟਸ ਐਸੋਸੀਏਸ਼ਨ (ਯੂ.ਐਸ.ਏ.)

SIKH SPORTS ASSOCIATION OF U.S.A.

## 11ਵੇਂ ਸਾਲਾਨਾ ਖੇਡ ਮੁਕਾਬਲੇ

## 22 ਤੇ 23 ਜੁਲਾਈ 2017

**James Logan High School: 1800 H. St. Union City, CA**

## ਕਬੱਡੀ, ਬਾਸਕਿਟਬਾਲ, ਹਾਕੀ, ਫਲੈਗ ਫੁੱਟਬਾਲ, ਸੌਕਰ ਅਤੇ ਵਾਲੀਬਾਲ ਦੇ ਮੁਕਾਬਲੇ ਹੋਣਗੇ















Hockey Tournament will be at
Shorty Garcia Field: 33940 7th St., Union City, CA

**Register your team: www.sikhsports.com**
**For more info, please call: 866-499-0032**

## ਆਪ ਸਭ ਨੂੰ ਖੇਡ ਮੇਲੇ 'ਚ ਸ਼ਾਮਲ ਹੋਣ ਦਾ ਸੱਦਾ